ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਤੀਜਾ

ਪੰਜਾਬੀ ਚੋਣਵਾਂ ਵਿਸ਼ਾ

ਸਮੈਸਟਰ ਛੇਵਾਂ

ਮੀਡੀਅਮ : ਪੰਜਾਬੀ

ਯੂਨਿਟ : 2

ਪਾਠ ਨੰ.

ਭਾਗ – ਅ

'ਮੇਰਾ ਪਾਕਿਸਤਾਨੀ ਸਫ਼ਰਨਾਮਾ' : ਬਲਰਾਜ ਸਾਹਨੀ

2.1 : ਸਫ਼ਰਨਾਮਾ ਸਾਹਿਤ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ

2.2 : ਜੀਵਨੀ ਅਤੇ ਸ੍ਵੈਜੀਵਨੀ : ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ

2.3 : 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦੀ ਸਮੱਸਿਆ

2.4 : ਸਫ਼ਰਨਾਮੇ ਦੀ ਪਰਿਭਾਸ਼ਾ ਤੇ 'ਮੇਰਾ ਪਾਕਿਸਤਾਨੀ ਸਫ਼ਰਨਾਮਾ'

2.5 : ਬਲਰਾਜ ਸਾਹਨੀ ਦੀ ਗੱਦ-ਸ਼ੈਲੀ

2.6 : 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਦਾ ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ ਸਥਾਨ

2.7 : ਸੰਖੇਪ ਪ੍ਰਸ਼ਨ ਉਤਰ

ਪਾਠ ਨੰ: 2.1 – ਪ੍ਰੋ. ਬ੍ਰਹਮਜਗਦੀਸ਼ ਸਿੰਘ

ਸਫ਼ਰਨਾਮਾ ਸਾਹਿਤ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ

2.1.1 ਭੂਮਿਕਾ

ਵੀਹਵੀਂ ਸਦੀ ਵਿਚ ਪੰਜਾਬੀ ਵਾਰਤਕ ਨੇ ਬਹੁਤ ਵਿਕਾਸ ਕੀਤਾ। ਵਾਰਤਕ ਨੂੰ ਦਲੀਲ ਜਾਂ ਵਿਸ਼ਲੇਸ਼ਣ ਦਾ ਪ੍ਰਵਚਨ ਕਿਹਾ ਜਾਂਦਾ ਹੈ। ਉਨੀਵੀਂ-ਵੀਹਵੀਂ ਸਦੀ ਦੇ ਆਰਥਿਕ-ਪਦਾਰਥਕ ਦਬਾਵਾਂ ਦੇ ਕਾਰਨ ਮਨੁੱਖ ਨੂੰ ਦਲੀਲਮਈ ਸ਼ੈਲੀ ਅਤੇ ਵਿਸ਼ਲੇਸ਼ਣਮਈ ਰੁਚੀ ਦੀ ਲੋੜ ਅਨੁਭਵ ਹੋਈ, ਜਿਸ ਕਾਰਨ ਉਸਦੀ ਸੋਚ-ਪ੍ਰਣਾਲੀ ਅਤੇ ਜੀਵਨ-ਦ੍ਰਿਸ਼ਟੀ ਕਾਫ਼ੀ ਬਦਲ ਗਈ। ਇਸੇ ਤਬਦੀਲੀ ਵਿਚੋਂ ਵਾਰਤਕ ਅਤੇ ਇਸ ਦੇ ਭੇਦਾਂ-ਉਪਭੇਦਾਂ ਨੇ ਜਨਮ ਲਿਆ। ਪ੍ਰਸਿੱਧ ਅੰਗਰੇਜ਼ੀ ਕਵੀ ਅਤੇ ਚਿੰਤਕ ਟੀ.ਐਸ.ਐਲੀਅਟ (T.S. Eliot) ਨੇ ਆਪਣੇ ਯੁਗ ਦੇ ਮਿਜ਼ਾਜ ਵੱਲ ਸੰਕੇਤ ਕਰਦਿਆਂ ਹੋਇਆਂ ਠੀਕ ਹੀ ਲਿਖਿਆ ਸੀ। ''Creative advance in our age is of prose literature.'' (The Sacred Wood) ਵੀਹਵੀਂ ਸਦੀ ਵਿਚ ਪੰਜਾਬੀ ਵਾਰਤਕ ਦੇ ਖੇਤਰ ਵਿਚ ਨਿਬੰਧ, ਜੀਵਨੀ, ਸ੍ਵੈਜੀਵਨੀ, ਸਫ਼ਰਨਾਮਾ, ਸੰਸਮਰਣ, ਰੇਖਾ ਚਿੱਤਰ, ਡਾਇਰੀ ਆਦਿਕ ਬਹੁਤ ਸਾਰੇ ਰੂਪਾਂ ਨੇ ਜਨਮ ਲਿਆ। ਇਨ੍ਹਾਂ ਵਿਚੋਂ ਸਫ਼ਰਨਾਮਾ ਸਾਹਿਤ ਦਾ ਇਕ ਵਿਸ਼ੇਸ਼ ਮਹੱਤਵ ਹੈ। ਬੇਸ਼ੱਕ ਭਾਰਤ ਨਾਲ ਸੰਬੰਧਿਤ ਮੁਢਲੇ ਸਫ਼ਰਨਾਮੇ ਯੂਨਾਨੀ ਅਤੇ ਚੀਨੀ ਲੇਖਕਾਂ ਨੇ ਲਿਖੇ, ਜੋ ਈਸਵੀ ਸੰਨ ਦੀਆਂ ਮੁੱਢਲੀਆਂ ਸਦੀਆਂ ਵਿਚ ਭਾਰਤ ਦੀ ਯਾਤਰਾ ਲਈ ਆਏ ਸਨ ਪਰੰਤੂ ਵੀਹਵੀਂ ਸਦੀ ਵਿਚ ਪੰਜਾਬੀ ਦੇ ਕੁਝ ਲੇਖਕਾਂ ਨੇ ਵੀ ਉਚੇਰੇ ਅਧਿਐਨ ਜਾਂ ਸਭਿਆਚਾਰਕ ਉਤਸੁਕਤਾ ਦੇ ਕਾਰਨ ਵਿਦੇਸ਼ਾਂ ਦੀ ਯਾਤਰਾ ਕੀਤੀ ਅਤੇ ਬਾਅਦ ਵਿਚ ਵਾਪਸ ਆ ਕੇ ਆਪਣੀਆਂ ਯਾਤਰਾਵਾਂ ਦੇ ਸਮਾਚਾਰਾਂ ਨੂੰ ਅੰਕਿਤ ਕੀਤਾ। ਭਾਰਤਵਰਸ਼ ਇਕ ਬਹੁਤ ਵੱਡਾ, ਵਚਿੱਤਰ ਅਤੇ ਵੰਨਸੁਵੰਨਾ ਦੇਸ਼ ਹੈ। ਇਸ ਦੇਸ਼ ਵਿਚ ਵੀ ਅਨੇਕ ਦਰਸ਼ਨੀ ਸਥਾਨ ਅਤੇ ਸ਼ਹਿਰ ਹਨ ; ਇਨ੍ਹਾਂ ਸਥਾਨਾਂ ਬਾਰੇ ਵੀ ਪ੍ਰੋ. ਰਾਮ ਸਿੰਘ, ਪ੍ਰਿੰ. ਸ.ਸ. ਅਮੋਲ ਅਤੇ ਪ੍ਰੋ. ਕਿਰਪਾਲ ਸਿੰਘ ਕੋਮਲ ਵਰਗੇ ਲੇਖਕਾਂ ਨੇ ਸਫ਼ਰਨਾਮੇ ਲਿਖੇ ਹਨ। ਇਸ ਤਰ੍ਹਾਂ ਸਫ਼ਰਨਾਮਾ ਸਾਹਿਤ, ਪੰਜਾਬੀ ਵਾਰਤਕ ਦਾ ਇਕ ਪ੍ਰਮੁੱਖ ਰੂਪ ਬਣ ਗਿਆ ਹੈ।

2.1.2 ਉੱਦੇਸ਼ :

ਇਸ ਪਾਠ ਦਾ ਉੱਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਵਿਚ ਸਫ਼ਰਨਾਮੇ ਦੇ ਸੁਰੂਪ ਅਤੇ ਪ੍ਰਕਿਰਤੀ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। ਇਸ ਜਾਣਕਾਰੀ ਦੇ ਫ਼ਲਸੁਰੂਪ ਜਿਥੇ ਉਹ ਸਫ਼ਰਨਾਮਾ ਸਾਹਿੱਤ ਵਿਚ ਮਿਲਦੀ ਵਸਤੂ-ਸਾਮੱਗਰੀ ਦਾ ਵਰਗੀਕਰਨ ਕਰ ਸਕਣਗੇ, ਉਥੇ ਇਸ ਵਰਗੀਕਰਨ ਦੁਆਰਾ ਇਸ ਸਾਹਿਤ ਰੂਪ ਤੋਂ ਭਰਪੂਰ ਅਗਵਾਈ ਅਤੇ ਸੁਹਜ-ਸੁਆਦ ਦੀ ਪ੍ਰਾਪਤੀ ਵੀ ਕਰ ਲੈਣਗੇ। ਵੱਖ-ਵੱਖ ਸਫ਼ਰਨਾਮਿਆਂ ਵਿਚ ਪ੍ਰਸਤੁਤ ਵਸਤੂ-ਸਾਮੱਗਰੀ ਦੇ ਤੁਲਨਾਤਮਕ ਅਧਿਐਨ ਦੁਆਰਾ ਉਨ੍ਹਾਂ ਵਿਚ ਆਲੋਚਨਾਤਮਕ ਰੁਚੀਆਂ ਵੀ ਜਾਗ੍ਰਿਤ ਹੋਣਗੀਆਂ। ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਵਿਚ ਰਚੇ ਗਏ ਸਾਹਿਤ ਦੀਆਂ ਸਮੁਚੀਆਂ ਵੰਨਗੀਆਂ ਅਤੇ ਪਰੰਪਰਾਵਾਂ ਤੋਂ ਜਾਣੂ ਕਰਵਾਉਣਾ ਹੀ ਸਾਡਾ ਮੁੱਖ ਉਦੇਸ਼ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਇਸ ਪਾਠ ਵਿਚ ਦਿੱਤੀ ਗਈ ਵਸਤੂ-ਸਾਮੱਗਰੀ ਨੂੰ ਆਧਾਰ ਬਣਾ ਕੇ ਪਾਠਕ੍ਰਮ ਵਿੱਚ ਲੱਗੇ ਅਤੇ ਅਖ਼ਬਾਰਾਂ-ਰਿਸਾਲਿਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਸਫ਼ਰਨਾਮਿਆਂ ਦਾ ਵਿਸ਼ਲੇਸ਼ਣ ਕਰਦੇ ਰਹਿਣ। ਇਸ ਵਿਧੀ ਦੁਆਰਾ ਜਿਥੇ ਉਨ੍ਹਾਂ ਦਾ ਸੁਹਜ-ਸੁਆਦ ਵਿਕਸਿਤ ਹੋਵੇਗਾ, ਉਥੇ ਮੁਲਾਂਕਣ ਕਰਨ ਸਮਰੱਥਾ ਵਿਚ ਵੀ ਵਾਧਾ ਹੋ ਜਾਵੇਗਾ।

2.1.3 ਪਰਿਭਾਸ਼ਾ :

'ਸਫ਼ਰਨਾਮਾ' ਦੋ ਸ਼ਬਦਾਂ 'ਸਫ਼ਰ+ਨਾਮਾ' ਦੇ ਸੁਮੇਲ ਤੋਂ ਬਣਿਆ ਇਕ ਨਵਾਂ ਸ਼ਬਦ ਹੈ। ਜਿਸ ਰਚਨਾ ਵਿਚ ਕਿਸੇ ਸਫ਼ਰ ਜਾਂ ਯਾਤਰਾ ਦੇ ਸਮਾਚਾਰ ਅੰਕਿਤ ਹੋਣ, ਉਸਨੂੰ 'ਸਫ਼ਰਨਾਮਾ' ਕਿਹਾ ਜਾਂਦਾ ਹੈ।'ਸਫ਼ਰ' ਸ਼ਬਦ ਅਰਬੀ ਦਾ ਹੈ ਅਤੇ 'ਨਾਮਾ' ਫ਼ਾਰਸੀ ਦਾ। ਪੰਜਾਬੀ ਵਿਚ 'ਨਾਮਾ' ਸ਼ਬਦ ਨਾਲ ਸਮਾਪਤ ਹੋਣ ਵਾਲੇ ਕਈ ਰੂਪਾਕਾਰ

ਮਿਲਦੇ ਹਨ। ਜਿਥੇ ਜ਼ਫ਼ਰਨਾਮਾ, ਹੁਕਮਨਾਮਾ, ਜੰਗਨਾਮਾ, ਹਿਦਾਇਤਨਾਮਾ ਆਦਿਕ। ਜਦੋਂ ਕੋਈ ਲੇਖਕ ਇਹ ਅਨੁਭਵ ਕਰਦਾ ਹੈ ਕਿ ਉਹ ਦੁਆਰਾ ਕੀਤੀ ਕਿਸੇ ਯਾਤਰਾ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰਨ ਯੋਗ ਹਨ ਤਾਂ ਉਹ ਸਫ਼ਰਨਾਮੇ ਦੀ ਸਿਰਜਣਾ ਕਰਦਾ ਹੈ। ਹਰ ਲੇਖਕ ਕਿਸੇ ਵਿਸ਼ੇਸ਼ ਉੱਦੇਸ਼ ਦੇ ਅਧੀਨ ਆਪਣੀ ਯਾਤਰਾ ਕਰਦਾ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਪੰਜਾਬੀ ਦੇ ਕਈ ਲੇਖਕ ਉਚੇਰੀ ਪੜ੍ਹਾਈ ਦੀ ਇੱਛਾ ਅਧੀਨ ਵਿਦੇਸ਼ਾਂ ਵਿਚ ਗਏ ਸਨ, ਜਿਵੇਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਡਾ. ਹਰਦਿਤ ਸਿੰਘ ਢਿੱਲੋਂ ਆਦਿਕ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਹੋਰ ਵੇਰਵਿਆਂ ਦੇ ਨਾਲ-ਨਾਲ ਵਿਦੇਸ਼ਾਂ ਵਿਚ ਸਿੱਖਿਆ-ਪ੍ਰਣਾਲੀ ਦੇ ਸੁਰੂਪ ਅਤੇ ਪ੍ਰਕਿਰਤੀ ਬਾਰੇ ਵੀ ਜ਼ਰੂਰੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ, ਪਿਛਲੇ ਕੁਝ ਦਹਾਕਿਆਂ ਵਿਚ ਕਈ ਲੇਖਕ ਚੰਗੇ ਰੋਜ਼ਗਰ ਦੀ ਤਲਾਸ਼ ਲਈ ਵੀ ਬਾਹਰਲੇ ਦੇਸ਼ਾਂ ਵਿਚ ਗਏ ਹਨ, ਜਿਵੇਂ ਰਵਿੰਦਰ ਰਵੀ, ਸਾਥੀ ਲੁਧਿਆਣਵੀ, ਸਵਰਨ ਚੰਦਨ, ਅਜਾਇਬ ਕਮਲ ਆਦਿਕ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਰੋਜ਼ਗਾਰ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਦਾ ਨਿਰੂਪਣ ਹੋਇਆ ਹੈ। ਅੱਜ ਕਲ੍ਹ ਬਹੁਤ ਸਾਰੇ ਲੇਖਕ ਕੇਵਲ ਸੈਰ-ਸਪਾਟੇ ਜਾਂ ਸਭਿਆਚਾਰਕ ਵਟਾਂਦਰੇ (cultural exchange) ਦੇ ਉਦੇਸ਼ ਨਾਲ ਵੀ ਵਿਦੇਸ਼ਾਂ ਵਿਚ ਜਾਣ ਲੱਗੇ ਹਨ। ਇਨ੍ਹਾਂ ਦੇ ਸਫ਼ਰਨਾਮਿਆਂ ਵਿਚ ਬਾਹਰਲੇ ਦੇਸ਼ਾਂ ਦੇ ਵੇਖਣਯੋਗ ਸਥਾਨਾਂ ਅਤੇ ਦਰਸ਼ਨੀ-ਕੇਂਦਰਾਂ ਬਾਰੇ ਸਮਾਚਾਰ ਪੇਸ਼ ਕੀਤੇ ਜਾਂਦੇ ਹਨ। ਇਉਂ ਕਿਸੇ ਲੇਖਕ ਦੀ ਮਨਸ਼ਾ ਜਾਂ ਉਦੇਸ਼ ਦੇ ਅਨੁਸਾਰ ਸਫ਼ਰਨਾਮੇ ਦਾ ਸਰੂਪ ਅਤੇ ਬ੍ਰਿਤਾਂਤ ਬਦਲਦਾ ਰਹਿੰਦਾ ਹੈ।

2.1.4.1ਪ੍ਰਕਿਰਤੀ ਅਤੇ ਸਰੂਪ

ਸਫ਼ਰਨਾਮੇ ਦੇ ਸੁਰੂਪ ਬਾਰੇ ਅੰਗਰੇਜ਼ੀ ਲੇਖਕ ਵਿਲੀਅਮ ਹੈਜ਼ਲਿਟ (William Hazlitt) ਦਾ ਵਿਚਾਰ ਹੈ ਕਿ ਮੁਕਤ-ਮਨ ਨਾਲ ਕੀਤੀ ਗਈ ਯਾਤਰਾ ਹੀ ਇਕ ਚੰਗੇ ਸਫ਼ਰਨਾਮੇ ਦਾ ਆਧਾਰ ਬਣਦੀ ਹੈ। ਉਹ ਲਿਖਦਾ ਹੈ;

> ਯਾਤਰਾ ਦੀ ਰੂਹ ਸੁਤੰਤਰਤਾ ਹੈ। ਅਜਿਹੀ ਪੂਰਨ ਸੁਤੰਤਰਤਾ, ਜਿਸਦੇ ਫ਼ਲਸਰੂਪ ਜਿਵੇਂ ਕੋਈ ਚਾਹੇ, ਆਪਣੀ ਮਰਜ਼ੀ ਅਨੁਸਾਰ ਸੋਚੇ, ਅਨੁਭਵ ਕਰੇ ਤੇ ਵਿਚਾਰੇ। ਅਸੀਂ ਕਿਸੇ ਯਾਤਰਾ ਉਪਰ, ਸਭ ਬੰਧਨਾਂ ਅਤੇ ਮਨਾਹੀਆਂ ਤੋਂ ਮੁਕਤ ਹੋਣ ਲਈ ਜਾਂਦੇ ਹਾਂ। ਸਫ਼ਰ ਉਤੇ ਜਾਣਾ ਇਕ ਅਤਿਅੰਤ ਆਨੰਦਦਾਇਕ ਅਤੇ ਮਨੋਰੰਜਕ ਕਾਰਜ ਹੈ। ਮੈਂ ਸਫ਼ਰ ਉਪਰ ਇਕੱਲਾ ਜਾਣਾ ਹੀ ਪਸੰਦ ਕਰਦਾ ਹਾਂ। ਮੈਂ ਹੋਰ ਲੋਕਾਂ ਦੀ ਸੰਗਤ ਅਥਵਾ ਸਮਾਜ ਨੂੰ ਆਪਣੇ ਕਮਰੇ ਵਿਚ ਤਾਂ ਨਿਵਾਜ ਸਕਦਾ ਹਾਂ ਪਰ ਬਾਹਰ ਸਫ਼ਰ ਵਿਚ ਕੁਦਰਤ ਦਾ ਸਾਥ ਹੀ ਮੇਰੇ ਲਈ ਕਾਫ਼ੀ ਹੈ। ਜਦੋਂ ਮੈਂ ਪਿੰਡਾਂ ਵਿਚ ਹੁੰਦਾ ਹਾਂ ਤਾਂ ਪਿੰਡ ਵਾਸੀਆਂ ਵਾਂਗ ਹੀ ਜਿਉਣਾ ਅਤੇ ਵਿਚਰਨਾ ਚਾਹੁੰਦਾ ਹਾਂ। ('On Going to Journey', The Essays of William Hazlitt, P. 29.)

2.1.4.2ਪੰਜਾਬੀ ਦਾ ਪ੍ਰਮੁੱਖ ਸਫ਼ਰਨਾਮਾ ਲੇਖਕ ਲਾਲ ਸਿੰਘ ਕਮਲਾ ਅਕਾਲੀ, ਸਫ਼ਰਨਾਮੇ ਦੇ ਸਭਿਆਚਾਰਕ ਮਹੱਤਵ ਉਤੇ ਜ਼ੋਰ ਦਿੰਦਾ ਹੈ।ਉਸਦੇ ਅਨੁਸਾਰ ਕਿਸੇ ਸਫ਼ਰਨਾਮਾ ਲੇਖਕ ਨੂੰ ਆਪਣੀ ਯਾਤਰਾ ਦੌਰਾਨ ਅਨੁਭਵ ਹੋਏ ਸਭਿਆਚਾਰਕ ਵਖਰੇਵਿਆਂ ਨੂੰ ਆਪਣੀ ਰਚਨਾ ਦਾ ਮੂਲ ਆਧਾਰ ਬਣਾਉਣਾ ਚਾਹੀਦਾ ਹੈ। ਇਸ ਪ੍ਰਸੰਗ ਵਿਚ ਉਹ ਲਿਖਦਾ ਹੈ:

> ਸਾਹਿੱਤ ਦੇ ਦੂਸਰੇ ਰੂਪਾਂ ਦੇ ਟਾਕਰੇ ਤੇ ਸਫ਼ਰਨਾਮਿਆਂ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਸਾਹਿੱਤ ਦੇ ਇਸ ਰੂਪ ਵਿਚ ਵਿਅਕਤੀਆਂ ਜਾਂ ਸਮੱਸਿਆਵਾਂ ਨੂੰ ਭਾਵਨਾ ਅਤੇ ਤਰਕਸੰਗਤਾਂ ਦੇ ਸੁਮੇਲ ਦੁਆਰਾ ਦਰਸਾਉਣ ਦੀ ਥਾਂ ਇਨ੍ਹਾਂ ਵਿਚ ਦੇਸ਼-ਵਿਦੇਸ਼ ਦੇ ਕਿਸੇ ਭੂਖੰਡ ਦੇ ਸਮਾਜਿਕ ਅਤੇ ਸਭਿਆਚਾਰਕ ਜੀਵਨ ਦਾ ਬ੍ਰਿਤਾਂਤ ਹੁੰਦਾ ਹੈ। ਜਦੋਂ ਆਪਣੀ ਯਾਤਰਾ ਦੇ ਸਮੇਂ ਲੇਖਕ ਕਿਸੇ ਵਿਅਕਤੀ ਵਿਸ਼ੇਸ਼ ਜਾਂ ਇਤਿਹਾਸਕ ਸਥਾਨ ਤੇ ਫੇਰੀ ਪਾਉਂਦਾ ਹੈ ਤਾਂ ਉਸਦਾ ਸਫ਼ਰਨਾਮਾ, ਰੇਖਾ ਚਿੱਤਰ ਦੇ ਰੂਪ ਦੁਆਰਾ ਕਿਸੇ ਇਤਿਹਾਸਕ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਕਰਮ-

ਭੂਮੀ ਨੂੰ ਦਰਸਾਉਂਦਾ ਹੈ। (ਭੂਮਿਕਾ, ਮੇਰਾ ਆਖਰੀ ਸਫ਼ਰਨਾਮਾ, ਪੰਨਾ 3)

2.1.4.3ਕਈ ਸਫ਼ਰਨਾਮਾ ਲੇਖਕਾਂ ਦੀ ਧਾਰਨਾ ਹੈ ਕਿ ਯਾਤਰਾ ਦੁਆਰਾ ਵਿਅਕਤੀ ਦਾ ਅਨੁਭਵ, ਵਿਸ਼ਾਲ ਅਤੇ ਵਿਸਤ੍ਰਿਤ ਹੋ ਜਾਂਦਾ ਹੈ। ਕਿਸੇ ਵੀ ਯਾਤਰਾ ਦੁਆਰਾ ਵਿਅਕਤੀ ਦੇ ਬਹੁਤ ਸਾਰੇ ਪੂਰਵਾਗ੍ਰਹਿ ਅਤੇ ਦਿਮਾਗੀ ਹਠ ਖ਼ਤਮ ਹੋ ਜਾਂਦੇ ਹਨ। ਯਾਤਰਾਵਾਂ ਦੇ ਇਸ ਪਹਿਲੂ ਉਪਰ ਜ਼ੋਰ ਦਿੰਦਾ ਹੋਇਆ ਪ੍ਰੋ. ਗੁਰਦਿਆਲ ਸਿੰਘ ਫੁੱਲ ਲਿਖਦਾ ਹੈ:

> ਨਿਰਾ ਕਿਤਾਬੀ ਗਿਆਨ ਅਧੂਰਾ ਤੇ ਦਿਮਾਗ਼ੀ ਰੋਗ ਬਣ ਕੇ ਰਹਿ ਜਾਂਦਾ ਹੈ; ਅਸਲ ਗਿਆਨ ਸਾਨੂੰ ਜੀਵਨ-ਅਭਿਆਸ ਨਾਲ ਹੀ ਆਉਂਦਾ ਹੈ। ਸੋ ਸੈਰ-ਸਪਾਟੇ ਮਨੁੱਖ ਲਈ ਉਨੇ ਹੀ ਜ਼ਰੂਰੀ ਹਨ, ਜਿੰਨੇ ਕਿਸੇ ਜਗਿਆਸੂ ਲਈ ਸਿਮਰਨ ਜਾਂ ਸਰੀਰ ਲਈ ਅਸ਼ਨਾਨ। (ਕਸ਼ਮੀਰ, ਪੰਨਾ 7)

2.1.4.4ਇਸੇ ਧਾਰਨਾ ਦੀ ਪ੍ਰੋੜਤਾ, ਕਰਦਾ ਹੋਇਆ ਪ੍ਰੋ. ਰਾਮ ਸਿੰਘ ਲਿਖਦਾ ਹੈ ਕਿ ਮਨੁੱਖੀ ਹਮਦਰਦੀ ਨੂੰ ਵਿਸ਼ਾਲ ਕਰਨ ਅਤੇ ਖ਼ੁਦਪ੍ਰਸਤੀ ਦੀਆਂ ਨੋਕਾਂ ਖੁੰਢੀਆਂ ਕਰਨ ਲਈ ਸਫ਼ਰ ਦੀ ਸਾਰਥਿਕਤਾ ਮੰਨੀ-ਪ੍ਰਮੰਨੀ ਹੈ। ਜਿਨ੍ਹਾਂ ਮਨੁੱਖਾਂ ਨੇ ਦੁਨੀਆਂ ਵਿਚ ਫਿਰ-ਤੁਰ ਕੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਵੇਖਿਆ ਹੈ, ਉਨ੍ਹਾਂ ਨੂੰ ਅਹਿਸਾਸ ਹੋ ਜਾਂਦਾ ਹੈ ਕਿ ਕੇਵਲ ਸਾਡੀ ਕੌਮ ਹੀ ਗੁਣਾਂ ਦੀ ਮਾਲਕ ਨਹੀਂ, ਹੋਰਨਾਂ ਕੌਮਾਂ ਵਿਚ ਵੀ ਕਈ ਸਿਫ਼ਤਾਂ ਹਨ, ਜੋ ਸਾਡੇ ਵਿਚ ਨਹੀਂ ਹਨ। (ਕਸ਼ਮੀਰ ਤੇ ਕੁੱਲੂ, ਪੰਨੇ 10-11)

2.1.5.1ਸਫ਼ਰਨਾਮਾ ਸਾਹਿੱਤ : ਪਰੰਪਰਾ ਤੇ ਵਿਕਾਸ

ਓਪਰੀਆਂ ਅਤੇ ਅਜਨਬੀ ਧਰਤੀਆਂ ਨੂੰ ਗਾਹੁਣਾ, ਵੱਖੋ-ਵੱਖਰੇ ਸਭਿਆਚਾਰਾਂ ਨੂੰ ਵੇਖਣਾ ਅਤੇ ਘੋਖਣਾ, ਮਨੁੱਖ ਦੀ ਆਦਿਮ ਪ੍ਰਵਿਰਤੀ ਰਹੀ ਹੈ। ਮੈਗਸਥਨੀਜ਼, ਹਿਊਨਸਾਂਗ, ਫਾਹੀਯਾਨ, ਇਬਨ ਬਤੂਤਾ, ਅਲਬੇਰੂਨੀ, ਮਾਰਕੋ ਪੋਲੋ, ਬਰਨੀਅਰ ਅਤੇ ਟੈਵਨੀਅਰ ਆਦਿਕ ਸੈਲਾਨੀ ਵਿਸ਼ਵ ਭਰ ਵਿਚ ਪ੍ਰਸਿੱਧ ਰਹੇ ਹਨ ਅਤੇ ਇਨ੍ਹਾਂ ਨੇ ਆਪਣੀਆਂ ਯਾਤਰਾਵਾਂ ਦਾ ਵਰਣਨ 'ਸਫ਼ਰਨਾਮਿਆਂ' ਦੇ ਰੂਪ ਵਿਚ ਕੀਤਾ ਹੈ। ਤਾਂ ਜੋ ਹੋਰ ਲੋਕਾਂ ਨੂੰ ਵੀ ਓਪਰੀਆਂ ਧਰਤੀਆਂ ਅਤੇ ਅਜਨਬੀ ਸਭਿਆਚਾਰਾਂ ਬਾਰੇ ਕੁਝ ਜਾਣਕਾਰੀ ਹਾਸਲ ਹੋ ਸਕੇ। ਹੁਣ ਤਾਂ ਆਵਾਜਾਈ ਦੇ ਸਾਧਨਾਂ ਵਿਚ ਕ੍ਰਾਂਤੀ ਦੇ ਆਉਣ ਨਾਲ ਅਤੇ ਸੂਚਨਾ-ਤਕਨਾਲੋਜੀ ਦੇ ਵਿਕਸਿਤ ਹੋਣ ਨਾਲ ਅਸੀਂ ਦੁਨੀਆਂ ਦੇ ਹਰ ਕੋਨੇ ਵਿਚ ਹੋ ਰਹੀਆਂ ਸਰਗਰਮੀਆਂ ਅਤੇ ਵਾਪਰ ਰਹੀਆਂ ਘਟਨਾਵਾਂ ਬਾਰੇ ਨਾਲੋ-ਨਾਲ ਅਤੇ ਸਿੱਧੀਆਂ ਸੂਚਨਾਵਾਂ ਹਾਸਲ ਕਰ ਸਕਦੇ ਹਾਂ। ਪਰੰਤੂ ਮੱਧਕਾਲ ਵਿਚ ਅਜਿਹਾ ਸੰਭਵ ਨਹੀਂ ਸੀ। ਉਸ ਸਮੇਂ ਕੋਈ ਪਰਾਕ੍ਰਮੀ, ਸਾਹਸੀ ਅਤੇ ਦਲੇਰ ਵਿਅਕਤੀ ਹੀ ਦੇਸ਼ਾ-ਵਿਦੇਸ਼ਾਂ ਵਿਚ ਘੁੰਮ ਸਕਦਾ ਸੀ। ਇਸ ਕਾਰਨ 'ਸਫ਼ਰਨਾਮਾ' ਅਜਿਹੀਆਂ ਸੂਚਨਾਵਾਂ ਹਾਸਲ ਕਰਨ ਦਾ ਸਭ ਤੋਂ ਵਿਸ਼ਵਾਸਯੋਗ ਅਤੇ ਪ੍ਰਮਾਣਿਕ ਸਰੋਤ ਮੰਨਿਆ ਜਾਂਦਾ ਹੈ।

2.1.5.2ਮੈਗਸਥਨੀਜ਼, ਚੰਦਰਗੁਪਤ ਮੌਰੀਆਂ ਦੇ ਸਮੇਂ (302 ਈ.ਪੂ.-295ਈ.ਪੂ) ਯੂਨਾਨ ਤੋਂ ਰਾਜਦੂਤ ਵਜੋਂ ਭਾਰਤ ਵਿਚ ਆਇਆ। ਉਹ ਕਈ ਸਾਲ ਭਾਰਤ ਵਿਚ ਰਿਹਾ ਅਤੇ ਭਾਰਤ ਦੇ ਸਮਾਜ ਅਤੇ ਸਭਿਆਚਾਰ ਬਾਰੇ ਆਪਣੇ ਪ੍ਰਭਾਵ 'ਇੰਡਿਕਾ' ਨਾਮ ਦੀ ਪੁਸਤਕ ਵਿਚ ਅੰਕਿਤ ਕੀਤੇ। ਚੀਨ ਦਾ ਪ੍ਰਸਿੱਧ ਯਾਤਰੀ ਫਾਹੀਯਾਨ, ਰਾਜਾ ਵਿਕ੍ਰਮਾਦਿੱਤਯ ਦੇ ਰਾਜ-ਕਾਲ (399-414 ਈ.) ਸਮੇਂ ਭਾਰਤ ਵਿਚ ਆਇਆ ਸੀ। ਉਸ ਨੇ ਭਾਰਤੀ ਸਮਾਜ ਅਤੇ ਸਭਿਆਚਾਰ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਹੈ। (ਰੋਮਿਲਾ ਥਾਪਰ, ਦਾ ਇਨਵਿੰਸੀਬਲ ਟਰੈਵੇਲਰਜ਼, ਪੰਨਾ 9) ਹਿਊਨਸਾਂਗ, ਹਰਸ਼ਵਰਧਨ ਦੇ ਰਾਜ-ਕਾਲ (629-645 ਈ.) ਵਿਚ ਭਾਰਤ ਆਇਆ। ਉਹ ਪੰਜਾਬ ਵਿਚੋਂ ਵੀ ਗੁਜ਼ਰਿਆ ਸੀ। (ਮੋਹਨ ਸਿੰਘ ਦੀਵਾਨਾ, ਪੰਜਾਬੀ ਸਾਹਿੱਤ ਦਾ ਇਤਿਹਾਸ, ਪੰਨਾ 16) ਅਲਬੇਰੂਨੀ 1017 ਈ. ਵਿਚ ਭਾਰਤ ਆਇਆ ਸੀ ਅਤੇ ਲਗਭਗ 13 ਵਰ੍ਹੇ ਇੱਥੇ ਰਿਹਾ। ਉਸਦੀ ਪੁਸਤਕ ਅਲਹਿੰਦ (ਭਾਸ਼ਾ ਵਿਭਾਗ, ਪੰਜਾਬ) ਮੱਧਕਾਲੀਨ ਭਾਰਤ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਭਾਰਤ ਬਾਰੇ ਲਿਖੇ ਗਏ ਸਫ਼ਰਨਾਮਾ ਸਾਹਿਤ ਵਿਚ ਇਹ ਪੁਸਤਕਾਂ ਅਤਿਅੰਤ ਮਹੱਤਵਪੂਰਨ ਹਨ।

2.1.5.3ਪੰਜਾਬੀ ਵਿਚ ਸਫ਼ਰਨਾਮਾ ਸਾਹਿੱਤ :

ਭਾਵੇਂ ਪੰਜਾਬੀ ਵਿਚ ਸਫ਼ਰਨਾਮਾ-ਸਾਹਿੱਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ, ਇਹ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਸ਼ੁਰੂ ਹੋਈ ਪਰ ਬੀਜ ਰੂਪ ਵਿਚ ਸਫ਼ਰਨਾਮਾ ਸਾਹਿੱਤ ਦੇ ਕੁਝ ਅੰਸ਼ ਜਨਮ ਸਾਖੀ ਸਾਹਿੱਤ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿਚ ਮਿਲ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਬ੍ਰਿਤਾਂਤ ਵੱਖ-ਵੱਖ ਜਨਮਸਾਖੀਆਂ ਵਿਚ ਨਿਰੂਪਿਤ ਹਨ। ਭਾਈ ਗੁਰਦਾਸ ਦੀ 'ਪਹਿਲੀ ਵਾਰ' ਵਿਚ ਵੀ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਜ਼ਿਕਰ ਹੋਇਆ ਹੈ। ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵੇਰਵੇ 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਵਿਚ ਮਿਲਦੇ ਹਨ ਜੋ ਉਨੀਵੀਂ ਸਦੀ ਦੇ ਅੰਤ ਦੀ ਰਚਨਾ ਮੰਨੀ ਜਾਂਦੀ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰਤੀਰਥ ਸੰਗ੍ਰਹਿ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿਚ ਵੀ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਵੇਰਵੇ ਅੰਕਿਤ ਹੋਏ ਹਨ। ਪਰੰਤੂ ਵਿਧੀਵਤ ਰੂਪ ਵਿਚ ਪੰਜਾਬੀ ਸਫ਼ਰਨਾਮਾ ਪਰੰਪਰਾ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਲਿਖੇ ਸਫ਼ਰਨਾਮਿਆਂ ਨਾਲ ਸ਼ੁਰੂ ਹੁੰਦਾ ਹੈ। ਉਸ ਦੁਆਰਾ ਤਿੰਨ ਸਫ਼ਰਨਾਮੇ ਲਿਖੇ ਗਏ : 1. ਪਹਾੜੀ ਰਿਆਸਤਾਂ ਦਾ ਸਫ਼ਰ (1906 ਈ.), 2. ਵਲਾਇਤ ਦਾ ਸਫ਼ਰਨਾਮਾ (1907 ਈ.) ਅਤੇ ਵਲਾਇਤ ਦਾ ਸਫ਼ਰ (1908 ਈ.) ਇਸ ਤੋਂ ਬਾਅਦ ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਸਫ਼ਰਨਾਮੇ ਲਿਖੇ ਗਏ। ਇਨ੍ਹਾਂ ਵਿਚੋਂ ਕੁਝ ਇਕ ਪ੍ਰਸਿੱਧ ਸਫ਼ਰਨਾਮੇ ਇਹ ਹਨ:

- √ ਮੇਰਾ ਵਲਾਇਤੀ ਸਫ਼ਰਨਾਮਾ (1931) ਕ੍ਰਿਤ ਲਾਲ ਸਿੰਘ ਕਮਲਾ ਅਕਾਲੀ।
- √ ਪ੍ਰਦੇਸ਼ ਯਾਤਰਾ (1939) ਕ੍ਰਿਤ ਡਾ. ਸ਼ੇਰ ਸਿੰਘ।
- √ ਪੂਰਬ ਅਤੇ ਪੱਛਮ (1941) ਕ੍ਰਿਤ ਡਾ. ਹਰਦਿੱਤ ਸਿੰਘ ਢਿੱਲੋਂ।
- √ ਅਫ਼ਗਾਨਿਸਤਾਨ ਵਿਚ ਇਕ ਮਹੀਨਾ (1954) ਕ੍ਰਿਤ ਡਾ. ਗੰਡਾ ਸਿੰਘ।
- √ ਕਸ਼ਮੀਰ ਤੇ ਕੁੱਲੂ (1955) ਕ੍ਰਿਤ ਪੋ. ਰਾਮ ਸਿੰਘ।
- √ ਅਮੋਲ ਯਾਤਰਾ (1955) ਕ੍ਰਿਤ ਸ.ਸ.ਅਮੋਲ।
- √ ਇਕ ਝਾਤ ਪੂਰਬ ਪੱਛਮ ਤੇ (1962) ਕ੍ਰਿਤ ਗੁਰਬਖ਼ਸ਼ ਸਿੰਘ ਪ੍ਰੀਤਲੜੀ।
- √ ਪਾਤਾਲ ਦੀ ਧਰਤੀ (1963) ਕ੍ਰਿਤ ਬਲਵੰਤ ਗਾਰਗੀ।
- √ ਮੇਰਾ ਰੂਸੀ ਸਫ਼ਰਨਾਮਾ (1967) ਕ੍ਰਿਤ ਬਲਰਾਜ ਸਾਹਨੀ।
- √ ਮੇਰਾ ਪਾਕਿਸਤਾਨੀ ਸਫ਼ਰਨਾਮਾ (1969) ਕ੍ਰਿਤ ਬਲਰਾਜ ਸਾਹਨੀ।
- √ ਸਿਮਰਤੀਆਂ ਦੇ ਦੇਸ਼ (1979) ਕ੍ਰਿਤ ਰਵਿੰਦਰ ਰਵੀ।
- √ ਚੀਨ ਵਿਚ ਕੁਝ ਦਿਨ (1986) ਕ੍ਰਿਤ ਹਰਭਜਨ ਸਿੰਘ ਹਲਵਾਰਵੀ।
- √ ਪਟਿਆਲੇ ਤੋਂ ਪਟਿਆਲੇ ਤੱਕ (1990) ਕ੍ਰਿਤ ਸੁਰਜੀਤ ਸਿੰਘ ਸੇਠੀ।
- √ ਸੱਚੇ ਸੁੱਚੇ (2004) ਕ੍ਰਿਤ ਨਰਿੰਦਰ ਸਿੰਘ ਕਪੂਰ

2.1.6.1ਸਫ਼ਰਨਾਮਾ : ਵਿਸ਼ੇਸ਼ਤਾਵਾਂ ਅਤੇ ਤੱਤ

ਸਫ਼ਰਨਾਮਾ ਵਾਰਤਕ ਸਾਹਿੱਤ ਦਾ ਇਕ ਪ੍ਰਮੁੱਖ ਰੂਪਾਕਾਰ ਹੈ। ਉਂਜ ਤਾਂ ਮਹਾਂਕਾਵਿ, ਨਾਵਲ, ਕਹਾਣੀ, ਜੀਵਨੀ ਅਤੇ ਸ੍ਵੈਜੀਵਨੀ ਆਦਿਕ ਰੂਪਾਕਾਰਾਂ ਵਿਚ ਵੀ ਕਈ ਵਾਰ ਸਫ਼ਰਨਾਮਾ ਸਾਹਿੱਤ ਦੇ ਤੱਤ ਮਿਲ ਜਾਂਦੇ ਹਨ ਪਰੰਤੂ ਸਫ਼ਰਨਾਮਾ ਇਕ ਅਜਿਹਾ ਰੂਪਾਕਾਰ ਹੈ, ਜਿਸ ਵਿਚ ਕੋਈ ਵਿਅਕਤੀ ਦੇਸ਼-ਵਿਦੇਸ਼ ਦੀ ਕਿਸੇ ਯਾਤਰਾ ਦੁਆਰਾ ਪੈਦਾ ਹੋਏ ਪ੍ਰਭਾਵਾਂ ਅਤੇ ਉਦਗਾਰਾਂ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ। ਇਸ ਲਈ ਇਹ ਇਕ ਸੁਤੰਤਰ ਰੂਪਾਕਾਰ ਹੈ ਅਤੇ ਹਰ ਸਫ਼ਰਨਾਮਾ ਲੇਖਕ ਨੂੰ ਇਸ ਰੂਪਾਕਾਰ ਦੀ ਸੁਤੰਤਰਤਾ ਪ੍ਰਤਿ ਸਚੇਤ ਰਹਿਣਾ ਚਾਹੀਦਾ ਹੈ। ਕਈ ਲੋਕ ਆਪਣੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਪ੍ਰਸੰਨ ਕਰਨ ਲਈ ਉਨ੍ਹਾਂ ਦੇ ਜੀਵਨ-ਬ੍ਰਿਤਾਂਤ ਜਾਂ ਆਪਣੀਆਂ ਪ੍ਰਾਪਤੀਆਂ-ਵਡਿਆਈਆਂ ਨੂੰ ਸਫ਼ਰਨਾਮੇ ਵਿਚ ਅੰਕਿਤ ਕਰਨ ਲੱਗ ਪੈਂਦੇ ਹਨ। ਵਿਅਕਤੀਗਤ ਕਮਜ਼ੋਰੀ ਦੀ ਅਜਿਹੇ ਛਿਣਾਂ ਵਿਚ ਇਕ ਸਫ਼ਰਨਾਮਾ ਲੇਖਕ ਆਪਣੇ ਲਕਸ਼ ਤੋਂ ਭਟਕ ਜਾਂਦਾ ਹੈ, ਜਿਸ ਕਾਰਨ ਪਾਠਕਾਂ ਨੂੰ ਉਸਦੀ

ਰਚਨਾ ਵਿਚ ਕੋਈ ਦਿਲਚਸਪੀ ਨਹੀਂ ਰਹਿ ਜਾਂਦੀ।

2.1.6.2ਬ੍ਰਿਤਾਂਤ ਅਤੇ ਵਰਣਨ :

ਸਫ਼ਰਨਾਮਾ ਲੇਖਕ ਨੂੰ ਵਰਣਨ ਦੀ ਬਜਾਇ ਬ੍ਰਿਤਾਂਤ ਵੱਲ ਵਧੇਰੇ ਧਿਆਨ ਦੇਣਾ ਚਾਹੀਦਾ ਹੈ। ਵਰਣਨ ਕਰਨ ਸਮੇਂ ਲੇਖਕ ਵੱਖ-ਵੱਖ ਸਥਾਨਾਂ ਅਤੇ ਸੰਸਥਾਵਾਂ ਬਾਰੇ ਪ੍ਰਮੁੱਖ ਵੇਰਵਿਆਂ ਨੂੰ ਦੱਸਦਾ ਜਾਂ ਸੁਣਾਉਂਦਾ ਹੈ, ਉਨ੍ਹਾਂ ਨੂੰ ਦਿਖਾਉਂਦਾ ਨਹੀਂ। ਵਰਣਨਾਤਮਕ ਵਿਧੀ ਦੁਆਰਾ ਸਫ਼ਰਨਾਮਾ ਕਮਜ਼ੋਰ ਹੋ ਜਾਂਦਾ ਹੈ। ਇਹ ਇਤਿਹਾਸ, ਭੂਗੋਲ ਜਾਂ ਸਮਾਜ-ਸ਼ਾਸਤਰ ਦੀ ਕਿਸੇ ਪੁਸਤਕ ਵਾਂਗ ਨੀਰਸ ਅਤੇ ਅਕਾਊ ਹੋ ਨਿੱਬੜਦਾ ਹੈ ਪਰ ਜੇ ਸਫ਼ਰਨਾਮਾ ਲੇਖਕ ਬ੍ਰਿਤਾਂਤਿਕ ਵਿਧੀ ਨੂੰ ਅਪਣਾਏ ਤਾਂ ਸਾਰੇ ਦ੍ਰਿਸ਼ ਅਤੇ ਸਥਾਨ ਪਾਠਕ ਦੇ ਜ਼ਿਹਨ ਵਿਚ ਸਜੀਵ ਹੋ ਜਾਂਦੇ ਹਨ ਅਤੇ ਉਹ ਪੂਰੀ ਤਰ੍ਹਾਂ ਲੇਖਕ ਦੇ ਬ੍ਰਿਤਾਂਤ ਨਾਲ ਜੁੜ ਜਾਂਦਾ ਹੈ।

2.1.6.3ਆਤਮਕੇਂਦ੍ਰਿਤ ਸ਼ੈਲੀ :

ਹਰ ਸਫ਼ਰਨਾਮਾ ਲੇਖਕ ਦੀ ਇਹ ਮਜਬੂਰੀ ਹੁੰਦੀ ਹੈ ਕਿ ਉਸ ਨੂੰ ਆਤਮਕੇਂਦ੍ਰਿਤ ਸ਼ੈਲੀ ਦਾ ਪ੍ਰਯੋਗ ਕਰਨਾ ਪੈਂਦਾ ਹੈ। ਹਰ ਬ੍ਰਿਤਾਂਤ ਦੇ ਪਰਵਕਤਾ ਹੋਂਦ ਦੀ ਸੂਰਤ ਵਿਚ ਉਸ ਨੂੰ 'ਮੈਂ' ਦੇ ਹਵਾਲੇ ਨਾਲ ਹੀ ਹਰ ਘਟਨਾ ਬਿਆਨ ਕਰਨੀ ਪੈਂਦੀ ਹੈ। ਇਸ ਸੂਰਤ ਵਿਚ ਉਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਸ਼ਖਸੀਅਤ ਜਾਂ ਨਿੱਜਤਵ ਨੂੰ ਵਧ ਚੜ੍ਹ ਕੇ ਪੇਸ਼ ਨਾ ਕਰੇ ਬਲਕਿ ਹੋਰ ਕਿਰਦਾਰਾਂ ਨੂੰ ਵੀ ਆਪਣੀ ਗੱਲਬਾਤ ਕਹਿਣ ਦਾ ਮੌਕਾ ਦੇਵੇ। ਇਸ ਵਿਧੀ ਦੁਆਰਾ ਬ੍ਰਿਤਾਂਤ ਵਿਚ ਨਾਟਕੀਅਤਾ ਦੇ ਗੁਣ-ਲੱਛਣ ਪੈਦਾ ਹੋ ਜਾਂਦੇ ਹਨ। ਦੇਖੋ:

> ਮੈਂ ਪਰੀਖਸ਼ਿਤ ਨੂੰ ਕਿਹਾ, ''ਯਾਰ ਤੇਰੇ ਰੂਸੀਆਂ ਨੇ ਭਾਪੇ ਖਰੁਸ਼ਚੋਵ ਨਾਲ ਬੁਰੀ ਕੀਤੀ। ਹੈਂ?''
> ''ਹੱਛਾ?'' ਅਤੇ ਖਰੁਸ਼ਚੋਵ ਨਾਲ ਭਾਪੇ ਦਾ ਲਫ਼ਜ਼ ਜੁੜਿਆ ਸੁਣ ਕੇ ਪਰੀਖਸ਼ਿਤ ਜ਼ੋਰ ਦੀ ਹੱਸ ਪਿਆ।
> ''ਤੂੰ ਹੱਸ ਰਿਹੈ, ਯਾਰ! ਇਹ ਕੋਈ ਹਾਸੇ ਵਾਲੀ ਗੱਲ ਹੈ? ਇਤਨਾ ਲੋਕਪ੍ਰਿਯ ਨੇਤਾ...''
> ''ਲੋਕਪ੍ਰਿਯ? ਏਥੇ ਤਾਂ ਉਹ ਬਦਨਾਮ ਸੀ।''

(ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਪੰਨੇ 62-63)

2.1.6.4ਲੇਖਕੀਯ ਟਿੱਪਣੀਆਂ :

ਕਿਸੇ ਚੰਗੇ ਸਫ਼ਰਨਾਮੇ ਵਿਚ ਘਟਨਾਵਾਂ, ਵਸਤਾਂ, ਵਿਅਕਤੀਆਂ ਅਤੇ ਸਥਿਤੀਆਂ ਦਾ ਵਸਤੂਗਤ ਜਾਂ ਸਿੱਧ ਪੱਧਰਾ ਬਿਆਨ ਹੀ ਨਹੀਂ ਹੁੰਦਾ ਬਲਕਿ ਲੇਖਕ ਆਪਣੀ ਚੇਤੰਨਤਾ ਅਤੇ ਵਿਵੇਕ ਦਾ ਪ੍ਰਗਟਾਵਾ ਕਰਦਾ ਹੋਇਆ ਨਾਲੋ-ਨਾਲ ਉਨ੍ਹਾਂ ਬਾਰੇ ਆਲੋਚਨਾਤਮਕ ਅਥਵਾ ਵਿਸ਼ਲੇਸ਼ਣਾਤਮਕ ਟਿੱਪਣੀਆਂ ਵੀ ਕਰਦਾ ਰਹਿੰਦਾ ਹੈ। ਇਸ ਤਰ੍ਹਾਂ ਪਾਠਕ ਤੱਕ ਸਾਰੇ ਵੇਰਵੇ ਸੰਤੁਲਿਤ ਵਿਧੀ ਦੁਅਰਾ ਪਹੁੰਚਦੇ ਹਨ। ਦੇਖੋ:

> ਅਸੀਂ ਤਾਂ ਅਜੇ ਬੜਾ ਹੀ ਸਾਊ ਜੀਵਨ ਜੀ ਰਹੇ ਹਾਂ, ਜੇ ਨਰਕ ਵੇਖਣਾ ਹੈ ਤਾਂ ਅਮਰੀਕਾ ਚਲੇ ਜਾਵੋ। ਪਤੀਲੇ ਦਾ ਢੱਕਣ ਚੁੱਕ ਕੇ ਵੇਖਣ ਦੀ ਲੋੜ ਹੈ ਕਿ ਕੀ ਰਿੱਝ ਰਿਹਾ ਹੈ। ਲੱਖਾਂ ਪਰਿਵਾਰ ਨਸ਼ੀਲੇ ਪਦਾਰਥਾਂ ਦੇ ਉਜਾੜੇ ਪਏ ਹਨ। ਲੱਖਾਂ ਜਵਾਨ ਮੁੰਡੇ ਕੁੜੀਆਂ ਨੇ ਆਪਣੀ ਜਵਾਨੀ ਨਸ਼ਿਆਂ ਦੇ ਹਵਾਲੇ ਕੀਤੀ ਹੋਈ ਹੈ।

(ਨਰਿੰਦਰ ਸਿੰਘ ਕਪੂਰ, ਸੱਚੋ ਸੱਚ, ਪੰਨਾ-114)

2.1.6.5ਅਚੰਭਾ ਅਤੇ ਹੈਰਤ

ਕਿਸੇ ਵੀ ਸਫ਼ਰਨਾਮੇ ਵਿਚ ਜਿਹੜਾ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ, ਉਹ ਹੈ ਸਫ਼ਰਨਾਮਾ ਲੇਖਕ ਦਾ ਅਚੰਭਾ ਅਤੇ ਹੈਰਤ। ਜਦੋਂ ਅਸੀਂ ਓਪਰੇ ਸਭਿਆਚਾਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਰਹਿਣ-ਸਹਿਣ ਅਤੇ ਵਰਤੋਂ-ਵਿਹਾਰ ਨੂੰ ਦੇਖਦੇ ਹਾਂ ਤਾਂ ਸਾਨੂੰ ਉਨ੍ਹਾਂ ਦੀ ਜੀਵਨ-ਸ਼ੈਲੀ ਦੇ ਕਈ ਪੱਖਾਂ ਨੂੰ ਵੇਖ ਕੇ ਬੜਾ ਅਚੰਭਾ ਹੁੰਦਾ ਹੈ। ਸਾਡੇ ਕਈ ਪੂਰਵਾਗ੍ਰਹਿ ਟੁੱਟਦੇ ਹਨ। ਸਾਨੂੰ ਪਤਾ ਚਲਦਾ ਹੈ ਕਿ ਪ੍ਰਮਾਣਿਕ ਅਤੇ ਸੁਚੱਜੇ ਜੀਵਨ ਦੇ ਹੋਰ ਵੀ ਬਹੁਤ ਸਾਰੇ ਢੰਗ ਹਨ। ਲਾਲ ਸਿੰਘ ਕਮਲਾ ਅਕਾਲੀ ਵਰਗੇ ਕਈ ਲੇਖਕ ਜਦੋਂ ਵਲਾਇਤ (ਇੰਗਲੈਂਡ) ਗਏ ਤਾਂ ਵਲਾਇਤੀਆਂ ਦੇ ਜੀਵਨ ਨਾਲ ਸੰਬੰਧਿਤ ਕਈ ਪੱਖਾਂ ਨੂੰ ਵੇਖਕੇ ਉਹ ਦੰਗ ਰਹਿ ਗਏ। ਇਸੇ ਲਈ

ਉਨ੍ਹਾਂ ਦੇ ਸਫ਼ਰਨਾਮਿਆਂ ਵਿਚ ਅਚੰਭੇ ਅਤੇ ਹੈਰਤ ਦੇ ਭਾਵ ਸਭ ਤੋਂ ਉਜਾਗਰ ਰੂਪ ਵਿਚ ਪ੍ਰਗਟ ਹੋਏ ਹਨ। ਉਂਜ ਵੀ ਕੋਈ ਯਾਤਰੀ, ਆਪਣੀ ਯਾਤਰਾ ਦੇ ਦੌਰਾਨ ਕੇਵਲ ਉਨ੍ਹਾਂ ਤੱਥਾਂ ਜਾਂ ਜੀਵਨ-ਸ਼ੈਲੀਆਂ ਨੂੰ ਨੋਟ ਕਰਦਾ ਹੈ, ਜੋ ਉਸਦੇ ਆਪਣੇ ਸਮਾਜ ਅਤੇ ਸਭਿਆਚਾਰ ਨਾਲੋਂ ਵੱਖਰੀਆਂ ਹੋਣ। ਆਪਣੇ ਜੀਵਨ ਨਾਲ ਮਿਲਦੇ-ਜੁਲਦੇ ਤੱਥ, ਜੋ ਬੇਸ਼ੱਕ ਬਹੁਤ ਸਾਰੇ ਹੁੰਦੇ ਹਨ, ਉਸ ਨੂੰ ਪ੍ਰਭਾਵਿਤ ਨਹੀਂ ਕਰਦੇ। ਸਫ਼ਰਨਾਮਾ ਸਾਹਿੱਤ ਦੇ ਇਸ ਪੱਖ ਵੱਲ ਸੰਕੇਤ ਕਰਦਾ ਹੋਇਆ ਸ. ਪਰਤਾਪ ਸਿੰਘ ਲਿਖਦਾ ਹੈ:

> ਬਹੁਤਾ ਕਰਕੇ ਯਾਤਰਾ-ਪੁਸਤਕਾਂ ਅਦਭੁਤ ਰਸ ਦੀ ਝਲਕ ਦਿੰਦੀਆਂ ਹਨ। ਲੇਖਕ ਇਕ ਯਾਤਰੀ ਦੇ ਰੂਪ ਵਿਚ ਕਿਸੇ ਪਰਦੇਸ ਜਾਂ ਨਵੀਂ ਥਾਂ ਉੱਤੇ ਜਾਂਦਾ ਹੈ। ਉੱਥੋਂ ਦੀ ਰਹਿਣੀ-ਬਹਿਣੀ, ਨਾਗਰਿਕਾਂ ਦਾ ਵਰਤੋਂ-ਵਿਹਾਰ, ਪ੍ਰਬੰਧ, ਇਮਾਰਤਾਂ ਅਤੇ ਦ੍ਰਿਸ਼ ਵੇਖ ਕੇ ਤੇ ਆਪਣੇ ਦੇਸ਼ ਨਾਲੋਂ ਉਨ੍ਹਾਂ ਵਿਚ ਅੰਤਰ ਤੇ ਵਧੇਰੇ ਸੁਹੱਪਣ, ਸੋਹਜ, ਸੁਖ ਤੇ ਸੁਚੱਜ ਤੱਕ ਕੇ ਉਹ ਨਵੀਨਤਾ ਉਤੇ ਮੋਹਿਤ ਹੁੰਦਾ ਹੈ। ਆਪਣੀ ਇਸ ਭਾਵਨਾ ਨੂੰ ਅੰਦਰ ਛੁਪਾ ਰੱਖਣ ਦੀ ਥਾਂ ਪਾਠਕਾਂ ਨਾਲ ਸਾਂਝਾ ਕਰਨ ਲਈ ਉਤਾਵਲਾ ਹੋ ਜਾਂਦਾ ਹੈ।
>
> (ਮੇਰੀਆਂ ਪਰਬਤ ਫੇਰੀਆਂ, ਪੰਨਾ 4)

2.1.6.6ਮਨੁੱਖੀ ਜੀਵਨ ਦੀ ਵੰਨਸੁਵੰਨਤਾ

ਸਫ਼ਰਨਾਮੇ ਵਿਚ ਲੇਖਕ ਮਨੁੱਖੀ ਜੀਵਨ ਦੀ ਵੰਨਸੁਵੰਨਤਾ ਨੂੰ ਵੇਖਦਾ ਅਤੇ ਬਿਆਨ ਕਰਦਾ ਹੈ। ਭੂਗੋਲ, ਸਭਿਆਚਾਰ, ਵਾਤਾਵਰਣ ਅਤੇ ਰਾਜਨੀਤਕ ਪ੍ਰਬੰਧਨ ਦੀ ਦ੍ਰਿਸ਼ਟੀ ਤੋਂ ਹਰ ਦੇਸ਼ ਦੀਆਂ ਪਰਿਸਥਿਤੀਆਂ ਅਤੇ ਸਭਿਆਚਾਰਕ ਵੇਰਵੇ ਵੱਖ-ਵੱਖ ਹੁੰਦੇ ਹਨ। ਸਫ਼ਰਨਾਮਾ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੀ ਰਚਨਾ ਨੂੰ ਕਿਸੇ ਇਕ-ਦੋ ਪੱਖਾਂ ਉਪਰ ਕੇਂਦ੍ਰਿਤ ਕਰਨ ਦੀ ਬਜਾਇ, ਇਸਦੀ ਵੰਨਸੁਵੰਨਤਾ ਦਾ ਨਿਰੂਪਣ ਕਰੇ। ਸਫ਼ਰਨਾਮਾ-ਲੇਖਣ ਦੀ ਇਸ ਜ਼ਰੂਰਤ ਵੱਲ ਸੰਕੇਤ ਕਰਦਾ ਹੋਇਆ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਲਿਖਦਾ ਹੈ:

> ਦੁਨੀਆਂ ਇਕ ਵਿਸ਼ਾਲ ਪੁਸਤਕ ਹੈ ਜਿਸ ਵਿਚ ਸਾਡੀ ਆਪਣੀ ਧਰਤੀ ਤੇ ਲੋਕ ਇਕ ਵਰਕਾ ਹਨ ਤੇ ਅਣਗਿਣਤ ਵਰਕੇ ਹੋਰਨਾਂ ਧਰਤੀਆਂ ਤੇ ਹੋਰਨਾਂ ਲੋਕਾਂ ਦੇ ਹਨ। ਹਰ ਵਰਕੇ ਦੀ ਬਹੁਰੰਗੀ ਛਪਾਈ, ਉਹਦਾ ਹਾਸ਼ੀਆ-ਸ਼ਿੰਗਾਰ, ਉਹਦੀ ਸ਼ਬਦ-ਕਲਾ ਤੇ ਉਸਦੀ ਸੰਗੀਤ-ਲੈਅ ਆਪਣੇ ਆਪ ਵਿੱਚ ਇਕ ਨਿੱਕੀ ਜਿਹੀ ਦੁਨੀਆਂ ਹੁੰਦੇ ਹਨ। ਜਿਸਨੇ ਏਸ ਅਦੁੱਤੀ ਪੁਸਤਕ ਵਿਚੋਂ ਸਿਰਫ਼ ਆਪਣੀ ਧਰਤੀ ਦਾ ਵਰਕਾ ਹੀ ਵੇਖਿਆ ਅਤੇ ਪੜ੍ਹਿਆ ਹੈ, ਉਹ ਪੁਸਤਕ ਦੀ ਪੂਰੀ ਪ੍ਰਸ਼ੰਸਾ ਨਹੀਂ ਕਰ ਸਕਦਾ। ਨਾ ਉਹਦੇ ਗਿਆਨ-ਚਾਨਣ ਨਾਲ ਭੂਤ ਤੇ ਭਵਿੱਖ ਦਾ ਕੋਈ ਸਹੀ ਅਨੁਮਾਨ ਹੀ ਉਹ ਲਾ ਸਕਦਾ ਹੈ। (ਇਕ ਝਾਤ ਪੂਰਬ ਤੇ ਪੱਛਮ ਤੇ, ਪੰਨਾ 12)

2.1.6.7ਚੇਤੰਨਤਾ ਤੇ ਸਹਾਨੁਭੂਤੀ

ਇਕ ਚੰਗੇ ਸਫ਼ਰਨਾਮੇ ਦੀ ਸਿਰਜਣਾ ਲਈ ਲੇਖਕ ਦਾ ਚੇਤੰਨ ਤੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਹੈ। ਚੇਤੰਨਤਾ ਤੋਂ ਬਿਨਾਂ ਕੋਈ ਲੇਖਕ ਆਪਣੇ ਅਤੇ ਬਿਗਾਨੇ ਦੇਸ਼ ਦੇ ਸਭਿਆਚਾਰ ਅਥਵਾ ਰਾਜਨੀਤਕ ਪਰਿਸਥਿਤੀਆਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ। ਸਮਾਜਿਕ ਰੂਪ ਵਿਚ ਲਾਪਰਵਾਹ ਹੋ ਕੇ ਵਿਚਰਣ ਵਾਲੇ ਮਨੁੱਖ ਉਨ੍ਹਾਂ ਤੱਥਾਂ ਜਾਂ ਵੇਰਵਿਆਂ ਦੀ ਨਿਸ਼ਾਨਦੇਹੀ ਨਹੀਂ ਕਰ ਸਕਦੇ, ਜਿਹੜੇ ਬਿਗਾਨੇ ਦੇਸ਼ ਅਤੇ ਸਭਿਆਚਾਰ ਨੂੰ ਉਸਦੇ ਆਪਣੇ ਦੇਸ਼ ਅਤੇ ਸਭਿਆਚਾਰ ਨਾਲੋਂ ਵਿਲੱਖਣ ਬਣਾਉਂਦੇ ਹਨ। ਕੋਈ ਸਫ਼ਰਨਾਮਾ ਲੇਖਕ ਆਪਣੇ ਦੇਸ਼ ਦੇ ਯਥਾਰਥ ਅਤੇ ਪਰਿਸਥਿਤੀਆਂ ਨੂੰ ਜਿੰਨੀ ਡੂੰਘੀ ਦ੍ਰਿਸ਼ਟੀ ਨਾਲ ਵੇਖ ਸਕਣ ਦੇ ਸਮਰੱਥ ਹੁੰਦਾ ਹੈ।ਉਨ੍ਹਾਂ ਹੀ ਉਹ ਓਪਰੇ ਦੇਸ਼ ਦੇ ਸਭਿਆਚਾਰ ਨੂੰ ਨਿਪੁੰਨਤਾ ਨਾਲ ਦੇਖ-ਸਮਝ ਸਕਦਾ ਹੈ। ਇਸਦੇ ਨਾਲ ਹੀ ਹਰ ਸਫ਼ਰਨਾਮਾ ਲੇਖਕ ਨੂੰ ਵਿਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਨਾਲ ਸਹਾਨੁਭੂਤੀ ਵੀ ਹੋਣੀ ਚਾਹੀਦੀ ਹੈ। ਜੇ ਉਸਦੇ ਮਨ ਵਿਚ ਵਿਦੇਸ਼ੀ ਕੌਮ ਜਾਂ ਦੂਸਰੇ ਧਰਮਾਂ ਪ੍ਰਤਿ ਨਫ਼ਰਤ ਦੇ ਭਾਵ ਰਚੇ-ਬਸੇ ਹੋਣਗੇ ਤਾਂ ਉਹ ਆਪਣੇ ਸਫ਼ਰਨਾਮੇ ਦੇ ਪ੍ਰਭਾਵ ਨੂੰ ਸੀਮਿਤ ਬਣਾ ਲਵੇਗਾ। ਇਸ ਤੱਥ ਵਲ ਸੰਕੇਤ ਕਰਦਾ ਹੋਇਆ ਇਕ ਸਫ਼ਰਨਾਮਾ ਲੇਖਕ ਆਤਮਾ ਸਿੰਘ

ਲਿਖਦਾ ਹੈ:

> ਸੈਲਾਨੀ ਲਈ ਇਹ ਜ਼ਰੂਰੀ ਹੈ ਕਿਸੇ ਦੇਸ਼ ਦੀ ਯਾਤਰਾ ਕਰਨ ਤੋਂ ਪਹਿਲਾਂ ਉਹ ਆਪਣੇ ਵਤਨ ਦਾ ਭੀ ਚੰਗੀ ਤਰ੍ਹਾਂ ਭੇਤੀ ਹੋਵੇ ਤਾਂ ਕਿ ਉਹ ਬਾਹਰਲੇ ਹਾਲਾਤ ਨੂੰ ਆਪਣੇ ਦੇਸ਼ ਨਾਲ ਟਕਰਾ ਕੇ ਪੂਰਾ ਲਾਭ ਪ੍ਰਾਪਤ ਕਰ ਸਕੇ ਤੇ ਦੂਜੀਆਂ ਕੌਮਾਂ ਨੂੰ ਭਾਰਤ ਬਾਰੇ ਦੱਸ ਸਕੇ। (ਮੇਰਾ ਸੰਸਾਰ ਚੱਕਰ, ਪੰਨਾ 17)

2.1.6.8ਰੌਚਕਤਾ

ਹਰ ਸਾਹਿਤਿਕ ਕਿਰਤ ਵਾਂਗ ਸਫ਼ਰਨਾਮੇ ਵਿਚ ਵੀ ਰੋਚਕਤਾ ਹੋਣੀ ਚਾਹੀਦੀ ਹੈ। ਰੋਚਕਤਾ, ਵੇਰਵਿਆਂ ਦੀ ਤਰਤੀਬ ਅਤੇ ਕਲਾਤਮਕ ਵਿਉਂਤਬੰਦੀ ਦੁਆਰਾ ਪੈਦਾ ਹੁੰਦੀ ਹੈ। ਇਸ ਮੰਤਵ ਲਈ ਸਫ਼ਰਨਾਮਾ ਲੇਖਕ ਨੂੰ ਬ੍ਰਿਤਾਂਤ ਦੀ ਕਲਾ ਤੋਂ ਸੁਪਰਿਚਿਤ ਹੋਣਾ ਚਾਹੀਦਾ ਹੈ। ਉਸ ਨੂੰ ਇਹ ਮਾਲੂਮ ਹੋਣਾ ਚਾਹੀਦਾ ਹੈ ਕਿ ਪਾਠ (text) ਦਾ ਕਿਹੜਾ ਵੇਰਵਾ ਉਸ ਨੇ ਆਪਣੀ ਰਚਨਾ ਦੇ ਆਰੰਭ ਵਿਚ ਹੀ ਬਿਆਨ ਕਰ ਦੇਣਾ ਹੈ ਅਤੇ ਕਿਸ ਨੂੰ ਕਾਫ਼ੀ ਦੇਰ ਤਕ ਲਟਕਾਈ (suspend) ਕਰੀ ਰੱਖਣਾ ਹੈ। ਇਸ ਵਿਧੀ ਨਾਲ ਪਾਠਕ ਦੀ ਉਤਸੁਕਤਾ ਬਣੀ ਰਹਿੰਦੀ ਹੈ। ਪ੍ਰੋ. ਰਾਮ ਸਿੰਘ ਦਾ ਕਥਨ ਹੈ ਕਿ ਮਨੁੱਖੀ ਹਮਦਰਦੀ ਨੂੰ ਵਿਸ਼ਾਲ ਕਰਨ ਵਿਚ ਅਤੇ ਖੁਦਪ੍ਰਸਤੀ ਦੀਆਂ ਨੋਕਾਂ ਖੁੰਢੀਆਂ ਕਰਨ ਲਈ ਸਫ਼ਰਨਾਮੇ ਦੇ ਕਲਾਤਮਕ ਪੱਖ ਵੱਲ ਚੇਤੰਨ ਹੋਣ ਦੀ ਜ਼ਰੂਰਤ ਪੈਂਦੀ ਹੈ।

2.1.6.9ਸਫ਼ਰਨਾਮੇ ਦੇ ਰਚਨਾਤਮਕ ਤੱਤ :

ਉਂਜ ਤਾਂ ਹਰ ਸਫ਼ਰਨਾਮਾ ਵੱਖਰਾ ਦੇ ਵਿਲੱਖਣ ਹੁੰਦਾ ਹੈ ਪਰ ਤਾਂ ਵੀ ਹਰ ਸਫ਼ਰਨਾਮੇ ਵਿਚ ਕੁਝ ਬੁਨਿਆਦੀ ਅੰਸ਼ ਅਤੇ ਤੱਤ ਸਾਂਝੇ ਹੁੰਦੇ ਹਨ। ਜਿਹੜੇ ਇਸ ਦੀ ਹੋਂਦ ਲਈ ਪ੍ਰਾਣ-ਤੱਤਾਂ ਦੀ ਭੂਮਿਕਾ ਨਿਭਾਉਂਦੇ ਹਨ ਅਤ ਜਿਨ੍ਹਾਂ ਦੀ ਅਣਹੋਂਦ ਵਿਚ ਕਿਸੇ ਚੰਗੇ ਸਫ਼ਰਨਾਮੇ ਦੀ ਰਚਨਾ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਤੱਤਾਂ ਦੀ ਸੂਚੀ ਇਸ ਪ੍ਰਕਾਰ ਹੈ:

(ੳ) **ਭੂਗੋਲਿਕ ਵੇਰਵੇ** : ਸਫ਼ਰਨਾਮਾ ਲੇਖਕ ਆਪਣੀ ਯਾਤਰਾ ਨਾਲ ਸੰਬੰਧਿਤ ਸਥਾਨ ਦੇ ਪੌਣ-ਪਾਣੀ, ਧਰਤੀ, ਨਦੀਆਂ, ਪਹਾੜਾਂ ਅਤੇ ਝੀਲਾਂ ਬਾਰੇ ਵੇਰਵੇ ਦਿੰਦਾ ਹੈ।

(ਅ) **ਸੰਸਥਾਵਾਂ** : ਲੇਖਕ ਵੇਖੇ ਜਾਣ ਵਾਲੇ ਦੇਸ਼ ਜਾਂ ਪਰਦੇਸ਼ ਦੀ ਸਕੂਲਾਂ-ਕਾਲਜਾਂ, ਦਫ਼ਤਰਾਂ, ਲਾਇਬਰੇਰੀ, ਅਜਾਇਬ-ਘਰਾਂ, ਫੈਕਟਰੀਆਂ, ਮੰਦਰਾਂ, ਗੁਰਦੁਆਰਿਆਂ ਆਦਿ ਬਾਰੇ ਤਫ਼ਸੀਲ ਪੇਸ਼ ਕਰਦਾ ਹੈ।

(ੲ) **ਉਪਜ ਅਤੇ ਉਤਪਾਦਨ** : ਲੇਖਕ ਉਸ ਦੇਸ਼ ਵਿਚੋਂ ਪੈਦਾ ਹੋਣ ਵਾਲੀ ਉਪਜ ਅਤੇ ਉਤਪਾਦਨ ਨਾਲ ਸੰਬੰਧਿਤ ਵੇਰਵਿਆਂ ਨੂੰ ਬਿਆਨ ਕਰਦਾ ਹੈ।

(ਸ) **ਵਿਵਸਥਾ ਤੇ ਰਾਜਪ੍ਰਬੰਧ** : ਲੇਖਕ ਕਿਸੇ ਦੇਸ਼ ਦੀ ਰਾਜ-ਪ੍ਰਣਾਲੀ, ਨੌਕਰਸ਼ਾਹੀ ਦੇ ਵਿਹਾਰ, ਅਫਸਰਸ਼ਾਹੀ ਦੀ ਭੂਮਿਕਾ ਅਤੇ ਸੁਭਾਉ ਬਾਰੇ ਟਿੱਪਣੀਆਂ ਕਰਦਾ ਹੈ।

(ਹ) **ਤਰਜ਼ੇ-ਜ਼ਿੰਦਗੀ** : ਲੇਖਕ ਕਿਸੇ ਦੇਸ਼ ਵਿਚ ਰਹਿਣ ਵਾਲੇ ਲੋਕਾਂ ਦੇ ਪਹਿਰਾਵੇ, ਪੜ੍ਹਾਈ, ਲਿਖਾਈ, ਬੋਲ-ਬਾਣੀ, ਦਿਲ-ਪਰਚਾਵਿਆਂ ਅਤੇ ਸ਼ਿਸ਼ਟਾਚਾਰ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦਾ ਹੈ।

(ਕ) **ਰਿਸ਼ਤੇ-ਨਾਤੇ** : ਲੇਖਕ ਓਪਰੇ ਦੇਸ਼ਾਂ ਅਤੇ ਸਭਿਆਚਾਰਾਂ ਵਿਚ ਰਹਿਣ ਵਾਲੇ ਲੋਕਾਂ ਦੇ ਪਰਿਵਾਰਿਕ ਅਤੇ ਸਾਕਾਦਾਰੀ ਸਿਸਟਮ ਉਪਰ ਟਿੱਪਣੀਆਂ ਕਰਦਾ ਹੈ।

(ਖ) **ਦ੍ਰਿਸ਼ਾਵਲੀ** : ਹਰ ਸਫ਼ਰਨਾਮੇ ਵਿਚ ਬਾਹਰਲੇ ਦੇਸ਼ਾਂ-ਪਰਦੇਸ਼ਾਂ ਦੇ ਸਮਾਜਿਕ, ਸਭਿਆਚਾਰਕ ਅਤੇ ਪ੍ਰਾਕਿਰਤਕ ਦ੍ਰਿਸ਼ਾਂ ਦੀ ਪੇਸ਼ਕਾਰੀ ਹੁੰਦੀ ਹੈ, ਜੋ ਪਾਠਕ ਦੀ ਉਸ ਦੇਸ਼ ਬਾਰੇ ਉਤਸੁਕਤਾ ਨੂੰ ਟੁੰਬਦੇ ਹਨ।

(ਗ) **ਵਿਰਸਾ ਤੇ ਵਿਰਾਸਤ** : ਇਕ ਚੰਗੇ ਸਫ਼ਰਨਾਮੇ ਵਿਚ ਬਾਹਰਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੇ ਵਿਰਸੇ ਅਤੇ ਵਿਰਾਸਤ ਨੂੰ ਵਿਸਤਾਰ ਨਾਲ ਬਿਆਨ ਕੀਤਾ ਜਾਂਦਾ ਹੈ।

(ਘ) **ਅਜੂਬੇ ਅਤੇ ਦੇਖਣਯੋਗ ਸਥਾਨ** : ਇਕ ਚੰਗੇ ਸਫ਼ਰਨਾਮਾ ਲੇਖਕ ਲਈ ਇੱਕ ਜ਼ਰੂਰੀ ਹੈ ਕਿ ਉਹ ਕਿਸੇ ਦੇਸ਼ ਦੇ ਅਜੂਬਿਆਂ ਨੂੰ ਦਰਸ਼ਨੀ ਸਥਾਨਾਂ ਬਾਰੇ ਜ਼ਰੂਰ ਲਿਖੇ, ਜਿਵੇਂ ਮਿਸਰ ਦੇ ਪਿਰਾਮਿਡ, ਭਾਰਤ

ਵਿਚ ਅਜੰਤਾ, ਇਲੋਰਾ, ਤਾਜ ਮਹਿਲ ਅਤੇ ਹਰਿਮੰਦਰ ਸਾਹਿਬ, ਅਮਰੀਕਾ ਵਿਚ ਸਟੈਚਿਊ ਆਫ ਲਿਬਰਟੀ ਅਤੇ ਡਿਜ਼ਨੀਲੈਂਡ, ਫਰਾਂਸ ਦਾ ਆਈਫਲ-ਟਾਵਰ, ਲੰਡਨ ਦਾ ਟੇਮਜ਼ ਦਰਿਆ। ਰੂਸ ਦਾ ਲੈਨਿਨਗ੍ਰਾਡ ਆਦਿਕ। ਹਰ ਪਾਠਕ ਇਨ੍ਹਾਂ ਵੇਰਵਿਆਂ ਬਾਰੇ ਪੜ੍ਹਨ ਲਈ ਉਤਸੁਕ ਹੁੰਦਾ ਹੈ।

2.1.6.10 ਕਲਾਤਮਕ ਵਿਉਂਤਬੰਦੀ :

ਸਾਹਿੱਤ ਦੇ ਹੋਰ ਰੂਪਾਂ ਵਾਂਗ ਸਫ਼ਰਨਾਮਾ ਲੇਖਣ ਵੀ ਇੱਕ ਉੱਚ-ਪੱਧਰੀ ਕਲਾ ਹੈ। ਸਫ਼ਰਨਾਮਾ ਲੇਖਕ ਨੇ ਬਾਹਰਲੇ ਪ੍ਰਦੇਸ਼ ਜਾਂ ਦੇਸ਼ਾਂ ਵਿਚੋਂ ਪ੍ਰਾਪਤ ਹੋਏ ਅਨੁਭਵ ਨੂੰ ਜਿਉਂ-ਦਾ-ਤਿਉਂ ਹੀ ਪੇਸ਼ ਨਹੀਂ ਕਰ ਦੇਣਾ ਹੁੰਦਾ ਬਲਕਿ ਕੱਟਣ-ਸੰਵਾਰਨ ਦੇ ਨਾਲ-ਨਾਲ ਬਹੁਤ ਕੁਝ ਆਪਣੀ ਕਲਪਣਾ ਦੁਆਰਾ ਵੀ ਜੋੜਨ ਦੀ ਜ਼ਰੂਰਤ ਪੈਂਦੀ ਹੈ। ਉਸ ਨੂੰ ਆਪਣੀ ਯਾਤਰਾ ਨਾਲ ਸੰਬੰਧਿਤ ਉਹ ਸਾਰੇ ਗ਼ੈਰ-ਜ਼ਰੂਰੀ ਵੇਰਵੇ ਹਟਾ ਲੈਣੇ ਪੈਂਦੇ ਹਨ, ਜਿਹੜੇ ਪਾਠ ਦੇ ਸੁਹਜ-ਸੁਆਦ ਦੀ ਪੂਰਤੀ ਨਹੀਂ ਕਰਦੇ ਜਾਂ ਜਿਨ੍ਹਾਂ ਵਿਚੋਂ ਕਿਸੇ ਨਵੀਂ ਪ੍ਰਕਾਰ ਦੀ ਜਾਣਕਾਰੀ ਉਪਲਬਧ ਨਹੀਂ ਹੁੰਦੀ। ਸਫ਼ਰਨਾਮਾ ਲੇਖਕ ਦੀ ਆਪਣੀ ਇਕ ਵਿਲੱਖਣ ਸ਼ਖ਼ਸੀਅਤ ਵੀ ਹੋਣੀ ਚਾਹੀਦੀ ਹੈ ਜਿਸ ਨਾਲ ਜੁੜ ਕੇ ਉਸ ਵੱਲੋਂ ਪੇਸ਼ ਵੇਰਵੇ ਅਤੇ ਤੱਥ ਪ੍ਰਮਾਣਿਕ ਸਿੱਧ ਹੋ ਸਕਣ। ਇਨ੍ਹਾਂ ਜ਼ਰੂਰਤਾਂ ਵੱਲ ਸੰਕੇਤ ਕਰਦਾ ਹੋਇਆ ਪ੍ਰੋ. ਪਰਮਿੰਦਰ ਸਿੰਘ ਲਿਖਦਾ ਹੈ:

> ਸਫ਼ਰਨਾਮਾ ਲਿਖਣਾ ਵੀ ਇਕ ਹੁਨਰ ਹੈ ਤੇ ਇਸ ਹੁਨਰ ਵਿਚ ਪਰਬੀਨ ਉਹੀ ਹੋ ਸਕਦਾ ਹੈ, ਜਿਸਦਾ ਸਮੁੱਚਾ ਗਿਆਨ ਬਹੁਤ ਵਿਸ਼ਾਲ ਹੋਵੇ, ਕਲਪਣਾ ਬਲਵਾਨ ਹੋਵੇ, ਕਲਮ ਵਿਚ ਜ਼ੋਰ ਹੋਵੇ, ਡੂੰਘੀ ਨੀਝ ਤੇ ਲੋਕਾਂ ਦੇ ਦਿਲਾਂ ਅੰਦਰ ਝਾਤੀ ਮਾਰਨ ਦੀ ਸ਼ਕਤੀ ਹੋਵੇ, ਸੰਗ-ਸੰਕੋਚ ਨੂੰ ਤਿਆਗ ਕੇ ਹਰ ਪ੍ਰਕਾਰ ਦੇ ਜੀਵਨ ਤੇ ਦ੍ਰਿਸ਼ ਨੂੰ ਮਾਣਨ ਦੀ ਪ੍ਰਬਲ ਰੀਝ ਹੋਵੇ। ਉਹ ਹਰ ਵਰਣਨ ਨੂੰ ਨਿੱਜੀ ਛੋਹਾਂ ਦੁਆਰਾ ਰੰਗੀਨ ਬਣਾ ਸਕੇ ਤੇ ਬਿਨਾਂ ਝਿਜਕ ਦੇ ਆਪਣੇ ਮਨੋਭਾਵਾਂ ਜਾਂ ਉਦਗਾਰਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਾ ਕਰ ਸਕਣ ਦੀ ਦਲੇਰੀ ਰੱਖਦਾ ਹੋਵੇ ਅਤੇ ਆਪਣੇ ਸਫ਼ਰਨਾਮੇ ਦੇ ਸਾਰੇ ਸਮਾਚਾਰਾਂ ਨੂੰ ਇਕ ਫ਼ਿਲਮ ਵਾਂਗ ਉਨ੍ਹਾਂ ਦੀਆਂ ਅੱਖਾਂ ਅੱਗੋਂ ਦੀ ਘੁਮਾ ਸਕਣ ਦੇ ਯੋਗ ਹੋਵੇ। (ਲਾਲ ਸਿੰਘ ਕਮਲਾ ਅਕਾਲੀ ਵਿਸ਼ੇਸ਼ ਅੰਕ, ਭਾਸ਼ਾ ਵਿਭਾਗ, ਪੰਜਾਬ, ਪੰਨਾ 43)

2.1.6.11 ਗਲਪ ਰਸ

ਇਕ ਚੰਗਾ ਸਫ਼ਰਨਾਮਾ ਗਲਪ ਰਸ ਨਾਲ ਭਰਪੂਰ ਹੁੰਦਾ ਹੈ। ਪਾਠਕ ਨੂੰ ਇਸ ਵਿਚੋਂ ਕਿਸੇ ਨਾਵਲ ਜਾਂ ਕਹਾਣੀ ਵਰਗੇ ਰੂਪਾਕਾਰ ਦੇ ਪੜ੍ਹਨ ਵਰਗੇ ਆਨੰਦ ਦੀ ਪ੍ਰਤੀਤੀ ਹੁੰਦੀ ਹੈ। ਇਕ ਸਫ਼ਰਨਾਮਾ ਲੇਖਕ ਕੇਵਲ ਦਿਸਦੇ ਜਗਤ ਦੀ ਅੱਕਾਸੀ ਕਰਨ ਤਕ ਹੀ ਸੀਮਿਤ ਨਹੀਂ ਰਹਿੰਦਾ ਬਲਕਿ ਆਪਣੀ ਕਲਪਣਾ ਦੁਆਰਾ ਅਣਦਿਸਦੇ ਜਗਤ ਨੂੰ ਵੀ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਤੋਂ ਬਿਨਾਂ ਉਹ ਜੀਵਨ ਦੇ ਛੋਟੇ-ਛੋਟੇ ਵੇਰਵਿਆਂ ਨੂੰ ਕਲਾਤਮਕ ਸੰਗਠਨ ਵਿਚ ਬੰਨ੍ਹ ਕੇ ਇਕ ਸੁਗਠਿਤ ਪਲਾਟ ਦਾ ਰੂਪ ਦੇ ਦਿੰਦਾ ਹੈ। ਇਹ ਪਲਾਟ ਪਾਠਕਾਂ ਦੀ ਉਤਸੁਕਤਾ ਨੂੰ ਨਿਰੰਤਰ ਟੁੰਬਦਾ ਰਹਿੰਦਾ ਹੈ। ਇਸ ਪ੍ਰਸੰਗ ਵਿਚ ਬਲਰਾਜ ਸਾਹਨੀ ਦੇ ਇਕ ਸਫ਼ਰਨਾਮੇ ਵਿਚੋਂ ਉਦਾਹਰਣ ਦੇਖੋ:

> ਬਾਹਰ ਦਰਵਾਜ਼ੇ ਕੋਲ ਡੱਠੀ ਇਕ ਮੇਜ਼ ਵਲ ਨਜ਼ਰ ਗਈ। ਇਥੇ ਲੋਕੀਂ ਆਪਣੀ ਆਪਣੀ ਸ਼ਰਧਾ ਜਾਂ ਹੈਸੀਅਤ ਅਨੁਸਾਰ ਨਿਆਜ਼ ਕਰ ਜਾਂਦੇ ਸਨ। ਮੇਜ਼ ਲਾਗੇ ਇਕ ਆਦਮੀ ਨੋਟਾਂ ਅਤੇ ਟਕਿਆਂ ਦੀ ਹਿਫ਼ਾਜ਼ਤ ਕਰ ਰਿਹਾ ਸੀ। ਗਿਆਨੀ ਜ਼ੈਲ ਸਿੰਘ ਨੇ ਬੜੇ ਵਿਖਾਲੇ ਨਾਲ ਇਕ ਪੰਜ ਕੋਪੇਕ, ਯਾਨੀ ਬਹੁਤ ਹੀ ਨਿਗੂਣਾ ਸਿੱਕਾ ਆਪਣੀ ਜੇਬ 'ਚੋਂ ਕੱਢਿਆ ਤੇ ਆਦਮੀ ਵੱਲ ਘੂਰਦੇ-ਘੂਰਦੇ, ਹੌਲੀ-ਹੌਲੀ ਮੇਜ਼ ਤੇ ਧਰ ਦਿੱਤਾ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 289)

2.1.6.12 ਪਾਤਰ ਚਿਤਰਣ

ਸਫ਼ਰਨਾਮਾ ਸਾਹਿੱਤ ਵਿਚ ਸਭ ਕੁਝ ਵਾਸਤਵਿਕ ਹੁੰਦਾ ਹੈ। ਇਸ ਵਿਚਲੇ ਇਸਤ੍ਰੀਆਂ-ਪੁਰਖ ਇਤਿਹਾਸਕ

ਹੁੰਦੇ ਹਨ। ਸਫ਼ਰਨਾਮੇ ਦੇ ਬ੍ਰਿਤਾਂਤ ਨੂੰ ਅੱਗੇ ਵਧਾਉਣ ਲਈ ਇਨ੍ਹਾਂ ਵਿਅਕਤੀਆਂ ਦਾ ਜ਼ਿਕਰ ਤਾਂ ਕੀਤਾ ਜਾ ਸਕਦਾ ਹੈ ਪਰੰਤੂ ਪਾਤਰਾਂ ਦੇ ਰੂਪ ਵਿਚ ਇਨ੍ਹਾਂ ਦੀ ਸ਼ਖਸੀਅਤ ਨੂੰ ਵਧਾਉਣ-ਘਟਾਉਣ ਦਾ ਮੌਕਾ ਉਪਲਬਧ ਨਹੀਂ ਹੁੰਦਾ। ਫਿਰ ਵੀ ਸੁਚੱਜੇ ਸਫ਼ਰਨਾਮਾ ਲੇਖਕ ਵਾਸਤਵਿਕ ਵਿਅਕਤੀਆਂ ਨੂੰ ਕਲਪਣਾ ਦੀਆਂ ਛੋਹਾਂ ਲਗਾ ਕੇ ਇਸ ਖੂਬੀ ਨਾਲ ਪੇਸ਼ ਕਰਦੇ ਹਨ ਕਿ ਉਹ ਇਤਿਹਾਸਕ ਵਿਅਕਤੀ ਨਾ ਰਹਿ ਕੇ ਕਲਾਤਮਕ ਖੇਤਰ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਦੇਖੋ:

> ਅਕਸਮਾਤ ਇਕ ਐਸੀ ਵੇਟਰੈੱਸ ਨੇ ਸਾਨੂੰ 'ਸਰਵ' ਕਰਨਾ ਸ਼ੁਰੂ ਕਰ ਦਿੱਤਾ, ਜਿਸਦੀ ਸੁੰਦਰਤਾ ਨੇ ਸਾਡੇ ਹੋਸ਼-ਹਵਾਸ ਗੁੰਮ ਕਰ ਛੱਡੇ। ਸੋਹਣਾ ਉੱਚਾ ਕੱਦ ਸੀ ਉਸਦਾ। ਬਾਹਵਾਂ ਵੇਲਣੇ ਵਲੀਆਂ ਗੁੰਨ ਮੱਖਣ। ਮਰਮਰੀ, ਭਰਵਾਂ ਤੇ ਪੀਡਾ ਸੀਨਾ, ਜਿਸ ਨੂੰ ਨਰਮ ਪਰ ਕਿਤੇ -ਕਿਤੇ ਕੱਸਵੀਂ ਆਗੋਸ਼ ਵਿਚ ਲੈਂਦਾ ਭਰਵਾਂ ਅਤੇ ਪੀਡਾ ਸਰੀਰ। ਗੁਲਾਬ ਦੇ ਫੁੱਲ ਵਾਂਗ ਖਿੜਿਆ ਚਿਹਰਾ। ਸੁਨਹਿਰੀ ਵਾਲਾਂ ਦੀਆਂ ਮੱਥੇ ਉਪਰ ਖਿੱਲਰੀਆਂ ਲਟਾਂ। ਰੱਬ ਨੇ ਚੋਖਾ ਵਕਤ ਲਾ ਕੇ ਘੜਿਆ ਸੀ ਉਸ ਸੁੰਦਰੀ ਨੂੰ। (ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਪੰਨਾ 222)

2.1.6.13 ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ

ਸਫ਼ਰਨਾਮੇ ਨੂੰ ਸਜੀਵ ਅਤੇ ਦਿਲਚਸਪ ਬਣਾਉਣ ਵਿਚ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਆਦਿ ਵਿਧੀਆਂ ਦਾ ਭਰਪੂਰ ਯੋਗਦਾਨ ਰਹਿੰਦਾ ਹੈ। ਹਰ ਦੇਸ਼-ਵਿਦੇਸ਼ ਵਿਚ ਪ੍ਰਕਿਰਤੀ ਦੇ ਨਜ਼ਾਰੇ ਵਿਲੱਖਣ ਅਤੇ ਵੱਖੋ-ਵੱਖਰੇ ਹੁੰਦੇ ਹਨ। ਕਿਉਂਕਿ ਹਰ ਵਿਅਕਤੀ ਇਕ ਪ੍ਰਾਕਿਰਤਕ ਮਾਹੌਲ ਵਿਚੋਂ ਉਪਜਦਾ ਅਤੇ ਵਿਗਸਦਾ ਹੈ। ਇਸ ਕਾਰਨ ਪ੍ਰਕਿਰਤੀ ਕਿਸੇ ਦੇਸ਼ ਅਤੇ ਸਮਾਜ ਦੇ ਲੋਕਾਂ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਉੱਲੇਖਯੋਗ ਭੂਮਿਕਾ ਅਦਾ ਕਰਦੀ ਹੈ। ਇਸ ਸੂਰਤ ਵਿਚ ਪ੍ਰਕਿਰਤੀ ਦੇ ਨਜ਼ਾਰੇ ਅਤੇ ਦ੍ਰਿਸ਼ ਕਿਸੇ ਦੇਸ਼ ਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ-ਸਮਝਾਉਣ ਵਾਸਤੇ ਕਾਫ਼ੀ ਸਹਾਈ ਹੁੰਦੇ ਹਨ। ਬਲਰਾਜ ਸਾਹਨੀ ਨੇ ਆਪਣੇ ਸਫ਼ਰਨਾਮਿਆਂ ਵਿਚ ਪ੍ਰਕਿਰਤੀ-ਚਿਤ੍ਰਣ ਅਤੇ ਦ੍ਰਿਸ਼-ਵਰਣਨ ਦੀਆਂ ਵਿਧੀਆਂ ਦਾ ਬੜਾ ਸੁਚੱਜਾ ਪ੍ਰਯੋਗ ਕੀਤਾ ਹੈ। ਦੇਖੋ:

> ਬਰਫ਼ ਪੈ ਰਹੀ ਸੀ। ਬੱਦਲਾਂ ਨਾਲ ਘਿਰਿਆ ਹੋਇਆ ਆਕਾਸ਼, ਠੰਡ ਦੀ ਹਾਲਤ ਇਹ ਕਿ ਓਵਰਕੋਟ ਦੇ ਬਾਵਜੂਦ ਸਾਡੇ ਹੱਥ ਪੈਰ ਸੁੰਨ ਹੁੰਦੇ ਜਾ ਰਹੇ ਸਨ। ਪਰ ਏਸ ਤਾਲਾਬ ਦੀ ਸ਼ਾਨ ਵੇਖੋ ਕਿ ਸੈਂਕੜੇ ਮਰਦ, ਔਰਤਾਂ ਅਤੇ ਬੱਚੇ ਮਜ਼ੇ ਨਾਲ ਤਾਰੀਆਂ ਲਾਉਣ ਡਹੇ ਸਨ। ਕਰਾਮਾਤ ਅਸਲ ਇਹ ਸੀ ਕਿ ਪਾਣੀ ਗਰਮ ਸੀ ਅਤੇ ਉੱਠਦੀ ਭਾਫ਼ ਨੇ ਉਸ ਉੱਪਰ ਦੀ ਫ਼ਿਜ਼ਾ ਨੂੰ ਵੀ ਸੁਹਣਾ ਨਿੱਘਾ ਕੀਤਾ ਹੋਇਆ ਸੀ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 99)

ਬਲਰਾਜ ਸਾਹਨੀ ਆਪਣੇ ਸਫ਼ਰਨਾਮਿਆਂ ਵਿਚ ਹਰ ਮਹੱਤਵਪੂਰਨ ਦ੍ਰਿਸ਼ ਨੂੰ ਬੜੇ ਧਿਆਨ ਨਾਲ ਵੇਖਦਾ ਅਤੇ ਬਿਆਨ ਕਰਦਾ ਹੈ। ਉਹ ਜੀਵਨ ਦੇ ਪਸਾਰੇ ਅਤੇ ਪਰਪੰਚ ਦਾ ਗੰਭੀਰ ਨਿਰੀਖਿਅਕ (keen observer) ਹੈ। ਇਹ ਕਾਰਨ ਹੈ ਕਿ ਉਸਦੇ ਸਫ਼ਰਨਾਮੇ ਪੜ੍ਹਾਦਿਆਂ ਹੋਇਆਂ ਪਾਠਕ ਦੇ ਜ਼ੇਹਨ ਵਿਚ ਸਾਰੇ ਦ੍ਰਿਸ਼ ਨਾਲੋ-ਨਾਲ ਉਜਾਗਰ ਹੁੰਦੇ ਜਾਂਦੇ ਹਨ। ਦੇਖੋ:

> ਮੋਟਰ ਫੇਰ ਉਸੇ ਚੌਰਾਹੇ ਵਿਚ ਕੈਟਾਵਸਕੀ ਦੇ ਬੁੱਤ ਸਾਹਮਣੇ ਜਾ ਰੁਕੀ। ਮੈਂ ਫੇਰ ਉੱਤਰ ਕੇ ਉਸ ਨੂੰ ਵੇਖਿਆ ਅਤੇ ਪਹਿਲਾਂ ਨਾਲੋਂ ਵੀ ਕਿਤੇ ਜ਼ਿਆਦਾ ਉਹ ਮੈਨੂੰ ਚੰਗਾ ਲੱਗਿਆ। ਕੈਟਾਵਸਕੀ ਤਲਵਾਰ ਨਾਲ ਹੇਠ ਡਿੱਗੇ ਅਦ੍ਰਿਸ਼ ਦੁਸ਼ਮਣ ਦਾ ਜਿਵੇਂ ਸਿਰ ਕਲਮ ਕਰਨ ਵਾਲਾ ਸੀ। ਘੋੜਾ ਜਿਵੇਂ ਆਪਣੇ ਮਾਲਕ ਦੇ ਦਿਲ ਦੀ ਸਾਰੀ ਗੱਲ ਸਮਝ ਰਿਹਾ ਅਤੇ ਭਰਪੂਰ ਸਹਿਯੋਗ ਦੇ ਰਿਹਾ ਹੋਵੇ। (ਮੇਰਾ ਰੂਸੀ ਸਫ਼ਰਨਾਮਾ, ਪੰਨਾ 235)

2.1.6.14 ਸ਼ੈਲੀ-ਸ਼ਬਦਾਵਲੀ

ਕਿਸੇ ਵੀ ਸਾਹਿੱਤ ਰਚਨਾ ਵਿਚ ਸ਼ੈਲੀ ਦੀ ਮਹੱਤਤਾ ਇਸ ਕਾਰਨ ਹੁੰਦੀ ਹੈ ਕਿ ਕੋਈ ਲੇਖਕ ਆਪਣੇ

ਅਨੁਭਵ ਨੂੰ ਕਿਸ; ਤਰ੍ਹਾਂ ਅਤੇ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾ ਸਕਦਾ ਹੈ। ਸ਼ੈਲੀ, ਸਾਹਿੱਤ-ਸਿਰਜਣ ਦਾ ਉਹ ਗੁਣ ਹੈ, ਜਿਸ ਵੱਲੋਂ ਬੇਪਰਵਾਹੀ ਵਰਤ ਕੇ ਕੋਈ ਲੇਖਕ ਆਪਣੇ ਰਚਨਾ-ਧਰਮ ਵਿਚ ਸਫ਼ਲ ਨਹੀਂ ਹੋ ਸਕਦਾ। ਜੇ ਕੋਈ ਲੇਖਕ ਆਪਣੇ ਭਾਵ-ਜਗਤ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰ ਸਕਦਾ ਤਾਂ ਉਹ ਸਾਹਿਤਕਾਰ ਕਹੇ ਜਾਣ ਦੇ ਯੋਗ ਹੀ ਨਹੀਂ ਹੈ। ਡਾ. ਧਰਮ ਪਾਲ ਸਿੰਗਲ ਦੇ ਕਥਨ ਅਨੁਸਾਰ, ''ਸੁੰਦਰ ਵਸਤਾਂ ਨੂੰ ਦੇਖ ਕੇ , ਸੰਸਾਰ ਦੇ ਕੰਮ-ਕਾਰ ਨੂੰ ਦੇਖ ਕੇ ਅਤੇ ਜੀਵਨ ਦੀ ਗਤੀ ਨੂੰ ਦੇਖ ਕੇ ਅਨੁਭਵ ਤਾਂ ਹਰ ਪ੍ਰਾਣੀ ਦੇ ਮਨ ਵਿਚ ਪੈਦਾ ਹੁੰਦੇ ਹਨ ਪਰ ਇਹ ਅਨੁਭਵ ਕਿਸ ਕੰਮ ਜੇ ਉਨ੍ਹਾਂ ਨੂੰ ਸਫ਼ਲਤਾ ਸਹਿਤ ਪਾਠਕ ਤੱਕ ਪੁੱਜਦਾ ਨਾ ਕੀਤਾ ਜਾ ਸਕੇ । ਅਨੁਭੂਤੀ ਦੀ ਇਹ ਅਭਿਵਿਅਕਤੀ ਹੀ ਸ਼ੈਲੀ ਹੈ।'' (ਵਾਰਤਕ ਸ਼ੈਲੀ, ਪੰਨਾ 54) ਸਫ਼ਰਨਾਮੇ ਵਿਚ ਸ਼ੈਲੀ ਦੇ ਮਹੱਤਵ ਬਾਰੇ ਉੱਲੇਖ ਕਰਦਾ ਹੋਇਆ ਸ.ਸ. ਅਮੋਲ ਲਿਖਦਾ ਹੈ:

> ਸੈਲਾਨੀ ਕੋਲ ਇਕ ਵੱਖਰੀ ਭਾਂਤ ਦੀ ਸਾਹਿਤਿਕ ਦ੍ਰਿਸ਼ਟੀ ਹੁੰਦੀ ਹੈ। ਜਿਸ ਨਾਲ ਸਫ਼ਰਨਾਮਾ-ਸਾਹਿੱਤ, ਵਾਰਤਕ ਦਾ ਸ੍ਰੇਸ਼ਠ-ਰੂਪ ਹੋ ਨਿੱਬੜਦਾ ਹੈ। ਲੇਖਕ ਦੀ ਰਸਿਕ-ਸ਼ੈਲੀ ਪਾਠਕ ਨੂੰ ਆਪਣੇ ਵਾਂਗ ਹੀ ਹਸਾਉਂਦੀ, ਖਿਡਾਉਂਦੀ, ਉਦਾਸ ਬਣਾਉਂਦੀ ਅਤੇ ਰਸ-ਵਿਭੋਰ ਕਰਦੀ ਹੈ। ਸਫ਼ਰਨਾਮੇ ਵਿਚ ਜੇ ਰੋਚਿਕਤਾ, ਰਸਿਕਤਾ ਹਾਸ-ਰਸ, ਦ੍ਰਿਸ਼-ਵਰਣਨ ਅਤੇ ਨਿਜਤਵ ਦੀਆਂ ਛੋਹਾਂ ਨਾ ਹੋਣ, ਤਾਂ ਇਹ ਬਹੁਤ ਰੁੱਖਾ ਪਾਠ ਬਣ ਜਾਂਦਾ ਹੈ। (ਇੰਗਲੈਂਡ ਦੀ ਯਾਦ, ਪੰਨਾ11)

2.1.7 ਨਿਸ਼ਕਰਸ਼ :

ਸਫ਼ਰਨਾਮਾ, ਕਿਸੇ ਭਾਸ਼ਾ ਦੇ ਸਾਹਿੱਤ ਦਾ ਇਕ ਮਹੱਤਵਪੂਰਨ ਅਤੇ ਲੋਕਪ੍ਰਿਯ ਰੂਪਾਕਾਰ ਹੈ। ਹਰ ਸ਼੍ਰੇਣੀ ਦਾ ਪਾਠਕ ਸਫ਼ਰਨਾਮਾ ਸਾਹਿੱਤ ਨੂੰ ਪੂਰੀ ਦਿਲਚਸਪੀ ਅਤੇ ਇਕਾਗਰਤਾ ਨਾਲ ਪੜ੍ਹਦਾ ਹੈ। ਇਹ ਕਾਰਨ ਹੈ ਕਿ ਨਾ ਕੇਵਲ ਪੁਸਤਕਾਂ ਵਿਚ, ਬਲਕਿ ਅਖ਼ਬਾਰਾਂ-ਰਿਸਾਲਿਆਂ ਵਿਚ ਵੀ ਚੰਗੇ ਸਫ਼ਰਨਾਮੇ ਨਿਰੰਤਰ ਪ੍ਰਕਾਸ਼ਿਤ ਹੋ ਰਹੇ ਹਨ। ਸਫ਼ਰਨਾਮਾ ਇਕ ਸੰਯੁਕਤ ਵੰਨਗੀ ਦਾ ਰੂਪਾਕਾਰ ਹੈ, ਜਿਸ ਵਿਚ ਜੀਵਨੀ, ਸ੍ਵੈਜੀਵਨੀ, ਰੇਖਾ ਚਿਤਰਕਾਰੀ ਅਤੇ ਗਲਪ ਆਦਿਕ ਸਾਹਿਤ-ਰੂਪਾਂ ਦੇ ਗੁਣ-ਲੱਛਣ ਸਮਾਏ ਰਹਿੰਦੇ ਹਨ। ਇਸ ਰੂਪਾਕਾਰ ਦਾ ਇਤਿਹਾਸ, ਭੂਗੋਲ, ਸਮਾਜ-ਸ਼ਾਸਤਰ ਅਤੇ ਸਭਿਆਚਾਰ-ਸ਼ਾਸਤਰ ਨਾਲ ਵੀ ਬੜਾ ਨੇੜੇ ਦਾ ਸੰਬੰਧ ਹੈ। ਇਹ ਸਾਰੇ ਅਨੁਸ਼ਾਸਨ, ਸਫ਼ਰਨਾਮਾ-ਲੇਖਣ ਨਾਲ ਆਦਾਨ-ਪ੍ਰਦਾਨ ਕਰਦੇ ਰਹਿੰਦੇ ਹਨ। ਆਪਣੀ ਵਿਲੱਖਣ ਪ੍ਰਕਿਰਤੀ ਅਤੇ ਜਟਿਲ ਪ੍ਰਬੰਧ ਦੇ ਕਾਰਨ ਸਫ਼ਰਨਾਮਾ ਪਾਠਕਾਂ ਅਤੇ ਲੇਖਕਾਂ ਦੀ ਇਕ ਮਕਬੂਲ ਵਿਧਾ ਬਣਿਆ ਹੋਇਆ ਹੈ।

------------------0---------------------

ਉਕਤ ਪਾਠ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

1. ਸਫ਼ਰਨਾਮਾ-ਸਾਹਿੱਤ ਦੀ ਪਰਿਭਾਸ਼ਾ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਦਿਉ। (ਅਪਰੈਲ 2009,2013, 2014)
2. ਪੰਜਾਬੀ ਸਫ਼ਰਨਾਮਾ ਸਾਹਿੱਤ ਦੀ ਪਰੰਪਰਾ ਉੱਤੇ ਇਕ ਨੋਟ ਲਿਖੋ।
3. ਸਫ਼ਰਨਾਮੇ ਦੀ ਪ੍ਰਕਿਰਤੀ ਅਤੇ ਤੱਤਾਂ ਦਾ ਉਲੇਖ ਕਰੋ। (ਅਪਰੈਲ 2016)

ਸਹਾਇਕ ਪੁਸਤਕਾਵਲੀ

1. ਧਰਮ ਪਾਲ ਸਿੰਗਲ, ਵਾਰਤਕ ਸ਼ੈਲੀ, ਪੰ.ਯੂ.ਪਟਿਆਲਾ।
2. ਜੀਤ ਸਿੰਘ ਸੀਤਲ, ਵਾਰਤਕ ਤੇ ਵਾਰਤਕ ਸ਼ੈਲੀ, ਪੰ.ਸ.ਯੂ.ਟੈਕਸਟ ਬੁਕ ਬੋਰਡ, ਚੰਡੀਗੜ੍ਹ।
3. ਬ੍ਰਹਮਜਗਦੀਸ਼ ਸਿੰਘ, ਪੰਜਾਬੀ ਸਾਹਿੱਤ ਦਾ ਇਤਿਹਾਸ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।
4. ਬਲਰਾਜ ਸਾਹਨੀ, ਮੇਰਾ ਰੂਸੀ ਸਫ਼ਰਨਾਮਾ, ਨਵਯੁਗ ਪਬਲਿਸ਼ਰਜ਼, ਦਿੱਲੀ।
5. ਪੰਜਾਬੀ ਸਾਹਿੱਤ ਦਾ ਇਤਿਹਾਸ (ਭਾਗ ਦੂਜਾ), ਭਾਸ਼ਾ ਵਿਭਾਗ ਪੰਜਾਬੀ ਪਟਿਆਲਾ।
6. ਰਾਜਬੀਰ ਕੌਰ, ਪੁਰਾਤਨ ਅਤੇ ਨਵੀਨ ਪੰਜਾਬੀ ਵਾਰਤਕ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ।

ਪਾਠ ਨੰ: 2.2 – ਪ੍ਰੋ. ਬ੍ਰਹਮਜਗਦੀਸ਼ ਸਿੰਘ

ਜੀਵਨੀ ਅਤੇ ਸ੍ਵੈਜੀਵਨੀ

(ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤ)

2.2.1 ਭੂਮਿਕਾ:

ਵਾਰਤਕ ਸਾਹਿੱਤ ਦੇ ਵਿਭਿੰਨ ਰੂਪਾਂ ਵਿਚ ਜੀਵਨੀ ਅਤੇ ਸ੍ਵੈਜੀਵਨੀ ਕਾਫ਼ੀ ਮਹੱਤਵਪੂਰਨ ਰੂਪਾਕਾਰ ਹਨ।ਇਨ੍ਹਾਂ ਦੋਹਾਂ ਰੂਪਾਕਾਰਾਂ ਵਿਚ ਕਾਫ਼ੀ ਸਾਂਝ ਹੈ। ਦੋਹਾਂ ਦਾ ਵਿਸ਼ਾ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ-ਬ੍ਰਿਤਾਂਤ ਨਾਲ ਸੰਬੰਧਿਤ ਹੁੰਦਾ ਹੈ। ਇਹ ਵਿਅਕਤੀ ਵਿਸ਼ੇਸ਼ ਕੋਈ ਰਾਜਾ, ਸੰਤ, ਗੁਰੂ, ਮਹਾਂਪੁਰਖ, ਕਲਾਕਾਰ, ਖਿਡਾਰੀ ਜਾਂ ਰਾਜਨੇਤਾ ਆਦਿਕ ਹੋ ਸਕਦਾ ਹੈ। ਮੱਧਕਾਲ ਵਿਚ ਬਹੁਤੀਆਂ ਜੀਵਨੀ ਰਾਜਿਆਂ ਅਤੇ ਸੰਤਾਂ–ਸਤਿਗੁਰੂ ਬਾਰੇ ਲਿਖੀਆਂ ਗਈਆਂ। ਆਧੁਨਿਕ ਕਾਲ ਵਿਚ ਰਾਜਸੀ ਅਤੇ ਪਦਾਰਥਕ ਸੱਤਾਂ ਰਾਜਨੇਤਾਵਾਂ ਦੇ ਹੱਥਾਂ ਵਿਚ ਆ ਗਈ ਹੈ, ਇਸ ਕਾਰਨ ਅਜ ਕਲ੍ਹ ਬਹੁਤੀਆਂ ਜੀਵਨੀਆਂ ਰਾਜਨੇਤਾਵਾਂ ਬਾਰੇ ਲਿਖੀਆਂ ਜਾ ਰਹੀਆਂ ਹਨ। ਆਧੁਨਿਕ ਪਾਠਕਾਂ ਦੀ ਲੇਖਕਾਂ ਅਤੇ ਕਲਾਕਾਰਾਂ ਵਿਚ ਵੀ ਕਾਫ਼ੀ ਰੁਚੀ ਹੈ। ਇਸ ਲਈ ਇਹ ਲੋਕ ਵੀ ਜੀਵਨੀਆਂ ਜਾਂ ਸ੍ਵੈਜੀਵਨੀ ਦੇ ਕੇਂਦਰ ਬਣ ਰਹੇ ਹਨ। ਜੀਵਨੀ ਅਤੇ ਸ੍ਵੈਜੀਵਨੀ ਵਿਚ ਵੱਡਾ ਅੰਤਰ ਇਹ ਹੈ ਕਿ ਜੀਵਨੀ ਕਿਸੇ ਅਨਯ ਜਾਂ ਦੂਸਰੇ ਵਿਅਕਤੀ ਵਲੋਂ ਲਿਖੀ ਜਾਂਦੀ ਹੈ, ਜਦੋਂ ਕਿ ਸ੍ਵੈਜੀਵਨੀ ਆਪਣੇ ਹੀ ਜੀਵਨ ਬਾਰੇ ਖ਼ੁਦ ਕਿਸੇ ਲੇਖਕ ਦੁਆਰਾ ਲਿਖੀ ਜਾਂਦੀ ਹੈ। ਇਕ ਹੋਰ ਅੰਤਰ–ਵਸਤੂ–ਸਾਮੱਗਰੀ ਦਾ ਵੀ ਹੈ। ਸ੍ਵੈਜੀਵਨੀਕਾਰ ਦੇ ਸਨਮੁਖ ਉਸਦੀ ਆਪਣੀ ਜੀਵਨੀ ਇਕ ਖੁਲ੍ਹੀ ਪੁਸਤਕ ਵਾਂਗ ਸਾਫ਼ ਅਤੇ ਸਪਸ਼ਟ ਪਈ ਹੁੰਦੀ ਹੈ। ਉਸ ਨੇ ਕੇਵਲ ਏਨੀ ਚੋਣ ਕਰਨੀ ਹੁੰਦੀ ਹੈ ਕਿ ਉਹ ਕਿਹੜੀਆਂ ਘਟਨਾਵਾਂ ਨੂੰ ਬਿਆਨ ਕਰੇ ਅਤੇ ਕਿਹੜੀਆਂ ਬਾਰੇ ਚੁੱਪ ਰਹੇ; ਜਦੋਂ ਕਿ ਜੀਵਨੀਕਾਰ ਨੇ ਆਪਣੇ ਵਿਸ਼ੇ ਨਾਲ ਸੰਬੰਧਿਤ ਵਿਅਕਤੀ ਦੇ ਜੀਵਨ ਦੀਆਂ ਘਟਨਾਵਾਂ ਬਾਰੇ ਖੋਜ ਕਰਨੀ ਹੁੰਦੀ ਹੈ। ਇਸ ਮੰਤਵ ਲਈ ਉਹ ਸੰਬੰਧਿਤ ਵਿਅਕਤੀ ਦੇ ਮਿੱਤਰਾਂ, ਸਹਿਯੋਗੀਆਂ ਅਤੇ ਪਰਿਵਾਰਕ ਮੈਂਬਰਾਂ ਤੋਂ ਵੇਰਵੇ ਇਕੱਤਰ ਕਰਦਾ ਹੈ ਅਤੇ ਫਿਰ ਉਨ੍ਹਾਂ ਨੂੰ ਇਕ ਵਿਸ਼ੇਸ਼ ਪੈਰਾਡਾਈਮ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ। ਜੀਵਨੀ ਜਾਂ ਸ੍ਵੈਜੀਵਨੀ ਲਿਖਣਾ–ਦੋਵੇਂ ਬਹੁਤ ਚੋਣੌਤੀ ਭਰਪੂਰ ਕਾਰਜ ਹਨ ਅਤੇ ਇਸ ਕਾਰਜ ਨਾਲ ਜੁੜੇ ਲੇਖਕ ਨੂੰ ਤੱਥਾਂ ਦੀ ਚੋਣ ਸਮੇਂ ਬਹੁਤ ਦ੍ਰਿੜ੍ਹਤਾ ਅਤੇ ਵਸਤੂਮੁਖਤਾ ਤੋਂ ਕੰਮ ਲੈਣਾ ਪੈਂਦਾ ਹੈ, ਨਹੀਂ ਤਾਂ ਉਹ ਆਪਣੇ ਉਦੇਸ਼ ਵਚ ਸਫ਼ਲ ਨਹੀਂ ਹੋ ਪਾਉਂਦਾ।

2.2.2 ਉੱਦੇਸ਼

ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਜੀਵਨੀ–ਸਾਹਿੱਤ ਅਤੇ ਸ੍ਵੈਜੀਵਨੀ–ਸਾਹਿੱਤ ਦੇ ਸੁਰੂਪ ਅਤੇ ਤੱਤਾਂ ਨਾਲ ਸੁਪਰਿਚਿਤ ਕਰਵਾਉਣਾ ਹੈ। ਸਾਹਿੱਤ ਦੇ ਇਹ ਦੋਵੇਂ ਰੂਪ ਯੁਵਾ ਪੀੜ੍ਹੀ ਨੂੰ ਵਿਰਸੇ ਨਾਲ ਜੋੜ ਕੇ ਸਭਿਆਚਾਰਕ ਅਤੇ ਸਮਾਜਿਕ ਚੇਤਨਾ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਜਿਸ ਕਾਰਨ ਇਨ੍ਹਾਂ ਦੀ ਬਹੁਤ ਪ੍ਰਾਸੰਗਿਕਤਾ ਹੈ। ਅਜੋਕੇ ਸੂਚਨਾ ਪ੍ਰਧਾਨ ਯੁਗ ਵਿਚ ਸਾਹਿੱਤ ਦੇ ਇਸ ਰੂਪ ਦਾ ਮੁੱਲ ਅਤੇ ਮਹੱਤਵ ਹੋਰ ਵੀ ਵਧ ਗਿਆ ਹੈ ਕਿਉਂਕਿ ਇਨ੍ਹਾਂ ਦੁਆਰਾ ਅਸੀਂ ਸਾਹਿੱਤ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਨੂੰ ਵਧੇਰੇ ਨੇੜੇ ਹੋ ਕੇ ਦੇਖ ਸਕਦੇ ਹਾਂ। ਜੀਵਨੀ ਅਤੇ ਸ੍ਵੈਜੀਵਨੀ–ਸਾਹਿੱਤ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ ਅਸੀਂ ਆਪਣੇ ਵਿਦਿਆਰਥੀਆਂ ਨੂੰ ਇਨ੍ਹਾਂ ਰੂਪਾਂ ਦੀ ਰਚਨਾ–ਸੰਰਚਨਾ ਨਾਲ ਸੰਬੰਧਿਤ ਬੁਨਿਆਦੀ ਪੱਖਾਂ ਨਾਲ ਸੁਪਰਿਚਿਤ ਕਰਵਾ ਰਹੇ ਹਾਂ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਿੱਤੀ ਗਈ ਪਾਠ–ਸਾਮੱਗਰੀ ਦੀ ਰੌਸ਼ਨੀ ਵਿਚ ਪੰਜਾਬੀ ਦੇ ਪ੍ਰਸਿੱਧ ਸਾਹਿੱਤਕਾਰਾਂ ਅਤੇ ਕਲਾਕਾਰਾਂ ਦੀਆਂ ਜੀਵਨੀਆਂ ਅਤੇ ਸ੍ਵੈਜੀਵਨੀਆਂ ਦਾ ਅਧਿਐਨ ਕਰਨ; ਆਮ ਤੌਰ ਤੇ ਪੰਜਾਬੀ ਦੇ ਪ੍ਰਮੁੱਖ ਰਿਸਾਲਿਆਂ ਅਤੇ ਸਮਾਚਾਰ ਪੱਤਰਾਂ ਵਿਚ ਸਾਹਿੱਤ ਦੇ ਇਹ ਰੂਪ ਪ੍ਰਕਾਸ਼ਿਤ ਹੁੰਦੇ ਰਹਿੰਦੇ ਹਨ।

2.2.3.1ਜੀਵਨੀ ਸਾਹਿੱਤ : ਪਰਿਭਾਸ਼ਾ ਅਤੇ ਪ੍ਰਕਿਰਤੀ

ਕਿਸੇ ਉੱਘੇ ਜਾਂ ਵਿਸ਼ੇਸ਼ ਵਿਅਕਤੀ ਦੇ ਜੀਵਨ-ਬ੍ਰਿਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ। ਅੰਗ੍ਰੇਜ਼ੀ ਵਿਚ ਸਾਹਿੱਤ ਦੇ ਇਸ ਰੂਪ ਦਾ ਨਾਮ 'ਬਾਇਓਗ੍ਰਾਫ਼ੀ' (biography) ਹੈ। ਇਹ ਦੋ ਯੂਨਾਨੀ ਸ਼ਬਦਾਂ 'ਬਾਇਓਸ' (bios) ਅਤੇ 'ਗ੍ਰਾਫੋਸ' (graphos) ਨੂੰ ਮਿਲਾ ਕੇ ਬਣਿਆ ਸ਼ਬਦ ਹੈ। ਡਾ. ਮਹਿੰਦਰ ਪਾਲ ਕੋਹਲੀ ਅਨੁਸਾਰ ਕਿਸੇ ਜੀਵਨੀ ਵਿਚ ਮਨੁੱਖ ਦੇ ਜੀਵਨ ਦਾ ਲੇਖਾ-ਜੋਖਾ ਹੁੰਦਾ ਹੈ। ਆਮ ਤੌਰ ਤੇ ਜੀਵਨੀ ਵਿਚ ਸਮੁੱਚੇ ਜੀਵਨ ਦਾ ਵਿਵਰਣ ਪੇਸ਼ ਕੀਤਾ ਜਾਂਦਾ ਹੈ ਅਤੇ ਇਕ ਆਦਰਸ਼-ਜੀਵਨੀ ਜਾਂ ਤਾਂ ਮਨੁੱਖ ਦੇ ਸਾਰੇ ਜਾਂ ਅਧਿਕਾਂਸ਼ ਭਾਗ ਦੀਆਂ ਸਫ਼ਲਤਾਵਾਂ-ਅਸਫ਼ਲਤਾਵਾਂ ਨੂੰ ਵਿਅਕਤ ਕਰਦੀ ਹੈ।(ਸਾਹਿੱਤ-ਕੋਸ਼, ਪੰਨੇ 535-36) ਪਰੰਤੂ ਬਹੁਤ ਸਾਰੀਆਂ ਜੀਵਨੀਆਂ ਇਹੋ ਜਿਹੀਆਂ ਵੀ ਹਨ, ਜੋ ਕਿਸੇ ਵਿਅਕਤੀ ਦੇ ਜਿਉਂਦੇ ਜੀ ਹੀ ਲਿਖ ਦਿੱਤੀਆਂ ਜਾਂਦੀਆਂ ਹਨ, ਇਸ ਕਾਰਨ ਅਜਿਹੀਆਂ ਜੀਵਨੀਆਂ ਵਿਚ ਕਿਸੇ ਵਿਅਕਤੀ ਦੇ ਜੀਵਨ ਦਾ ਸੰਪੂਰਨ ਨਕਸ਼ਾ ਨਹੀਂ ਉਲੀਕਿਆ ਹੁੰਦਾ।

2.2.3.2ਜੀਵਨੀ ਸਾਹਿਤ ਦੀ ਉੱਤਪਤੀ ਤੇ ਵਿਕਾਸ

ਭਾਵੇਂ ਪੰਜਾਬੀ ਸਾਹਿੱਤ ਵਿਚ ਜੀਵਨੀਆਂ ਦੀ ਪਰੰਪਰਾ ਬਹੁਤੀ ਲੰਬੀ ਨਹੀਂ ਹੈ ਪਰੰਤੂ ਪੱਛਮੀ ਸਾਹਿੱਤ ਵਿਚ ਇਸ ਪਰੰਪਰਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪੁਨਰ-ਜਾਗ੍ਰਿਤੀ ਕਾਲ ਤੋਂ ਪਹਿਲਾਂ ਵੀ ਅਧਿਆਤਮਕ ਜਾਂ ਨੈਤਿਕ ਵਿਚਾਰਾਂ ਦੇ ਪ੍ਰਚਾਰ ਵਾਸਤੇ ਸੰਤ-ਪੁਰਖਾਂ ਦੇ ਜੀਵਨ ਲਿਖੇ ਜਾਂਦੇ ਸਨ। ਪਰ ਇਨ੍ਹਾਂ ਦਾ ਮੂਲ ਮੰਤਵ ਕੇਵਲ ਉਪਦੇਸ਼ ਦੇਣਾ ਸੀ। ਵਿਸ਼ੇਸ਼ ਜੀਵਨੀ ਤਿਆਰ ਕਰਨਾ ਨਹੀਂ ਸੀ। 'ਮਤੀ' ਅਤੇ 'ਅਰਕੁਸ' ਦੁਆਰਾ ਰਚਿਤ ਈਸਾ ਦਾ ਜੀਵਨ - ਚਰਿੱਤਰ 'Four Gospels' ਨਿੱਕੀਆਂ-ਨਿੱਕੀਆਂ ਜੀਵਨੀਆਂ ਉਪਰ ਆਧਾਰਿਤ ਹੈ। ਪਲੂਟਾਰਕ (Plutarch) ਨੇ ਤੁਲਨਾਤਮਕ ਰਾਜਨੀਤੀ ਦੇ ਅਧਿਐਨ ਲਈ ਯੂਨਾਨੀ ਅਤੇ ਰੋਮਨ ਯੋਧਿਆਂ ਦੀਆਂ ਸਮਾਨਾਂਤਰ ਜੀਵਨੀਆਂ (Parallel Lives) ਲਿਖੀਆਂ। ਪੱਛਮ ਵਿਚ ਸ੍ਵੈਜੀਵਨੀ ਦਾ ਵਿਕਾਸ ਮੱਧਕਾਲੀਨ ਯੁਗ ਵਿਚ ਹੋਇਆ। ਇਸ ਕਾਲ ਵਿਚ ਦੋ ਪ੍ਰਕਾਰ ਦਾ ਜੀਵਨੀ-ਸਾਹਿੱਤ ਰਚਿਆ ਗਿਆ। ਇਕ ਦਾ ਸੰਬੰਧ ਧਾਰਮਿਕ ਪੁਰਸ਼ਾਂ ਅਥਵਾ ਸੰਤਾਂ-ਮਹਾਤਮਾਵਾਂ ਨਾਲ ਸੀ ਅਤੇ ਦੂਜੀ ਪ੍ਰਕਾਰ ਦੀਆਂ ਜੀਵਨੀਆਂ ਰਾਜਿਆਂ-ਰਜਵਾੜਿਆਂ ਬਾਰੇ ਲਿਖੀਆਂ ਗਈਆਂ। ਧਾਰਮਿਕ ਜੀਵਨੀਆਂ ਵਿਚ ਸੰਤਾਂ-ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਿਤ ਅਸਾਧਾਰਣ ਘਟਨਾਵਾਂ ਨੂੰ ਪੇਸ਼ ਕੀਤਾ ਜਾਂਦਾ ਸੀ ਅਤੇ ਰਾਜਿਆਂ ਦੀਆਂ ਜੀਵਨੀਆਂ ਵਿਚ ਇਤਿਹਾਸਕ ਘਟਨਾਵਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਸੀ। ਆਇਨਹਾਰਡ (Einhard) ਐਸਰ (Assar), ਬੋਕੈਚੀਓ (Boccaccio), ਲਿਡਗੇਟ (Lydgate) ਆਦਿਕ ਜੀਵਨੀਕਾਰ ਇਸ ਕਾਲ ਦੇ ਪ੍ਰਸਿੱਧ ਲੇਖਕ ਮੰਨੇ ਜਾਂਦੇ ਹਨ।

2.2.3.3ਅਠਾਰ੍ਹਵੀਂ ਸਦੀ ਵਿਚ ਪੂੰਜੀਵਾਦ ਦੇ ਵਿਕਾਸ ਨਾਲ ਸਾਹਿੱਤ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਗਿਆ। ਪੂੰਜੀਵਾਦ ਤੋਂ ਪਹਿਲਾਂ ਸਮਾਜ ਵਿਚ ਮੱਧ-ਸ਼੍ਰੇਣੀ ਦਾ ਜਨਮ ਨਹੀਂ ਸੀ ਹੋਇਆ ਅਤੇ ਉਸ ਸਮੇਂ ਕੁਝ ਗਿਣਤੀ ਦੇ ਜਾਗੀਰਦਾਰ ਲੋਕ ਹੀ ਪੜ੍ਹਨ-ਪੜ੍ਹਾਉਣ ਦੇ ਕਾਰਜ ਵਿਚ ਦਿਲਚਸਪੀ ਰੱਖਦੇ ਸਨ। ਪਰੰਤੂ ਮੱਧ-ਸ਼੍ਰੇਣੀ ਦੇ ਆਗਮਨ ਨਾਲ ਸਾਹਿੱਤ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਬਹੁਤ ਵਧ ਗਈ। ਮੱਧ-ਸ਼੍ਰੇਣੀ ਦੇ ਪਾਠਕਾਂ ਦੀ ਲੋੜ ਪੂਰੀ ਕਰਨ ਲਈ ਅਨੇਕ ਸਾਹਿੱਤਕਾਰ ਪੈਦਾ ਹੋ ਗਏ। ਇਸ ਕਾਲ ਵਿਚ ਰਚੀਆਂ ਗਈਆਂ ਜੀਵਨੀਆਂ ਵਿਚ ਸਾਧਾਰਣ ਵਿਸ਼ਿਆਂ ਨੂੰ ਰੋਚਕ ਅਤੇ ਉਤਸੁਕਤਾ ਭਰਪੂਰ ਬਣਾ ਕੇ ਪੇਸ਼ ਕੀਤਾ ਗਿਆ। ਲੋਕਤੰਤਰੀ ਭਾਵਨਾ ਅਨੁਸਾਰ ਆਮ ਆਦਮੀ ਨੂੰ ਜੀਵਨੀਆਂ ਦੇ ਮੁਖ ਪਾਤਰ ਬਣਾਉਣ ਦੀ ਪ੍ਰੇਰਣਾ ਡਾ. ਜਾਨਸਨ (Johnson) ਅਤੇ ਰੂਸੋ (Rousseau) ਨੇ ਦਿੱਤੀ। ਇਤਿਹਾਸਕ ਚੇਤਨਾ ਦੇ ਵਿਕਾਸ ਨਾਲ ਅਤੀਤ ਵਿਚ ਹੋਏ ਮਹਾਂਪੁਰਖਾਂ ਦੀਆਂ ਨਿਆਂਇਪੂਰਨ ਜੀਵਨੀਆਂ ਲਿਖਣ ਦੀ ਰੁਚੀ ਪੈਦਾ ਹੋਈ। ਇਸ ਨਾਲ ਨਿਰਪੱਖ ਅਤੇ ਵਸਤੂਗਤ ਵੇਰਵਿਆਂ ਨਾਲ ਭਰਪੂਰ ਜੀਵਨੀ-ਸੰਗ੍ਰਹਿ ਪ੍ਰਕਾਸ਼ਿਤ ਕੀਤੇ ਗਏ। ਇਸ ਪ੍ਰਕਾਰ ਦੇ ਜੀਵਨੀ ਸਾਹਿੱਤ ਦਾ ਆਰੰਭ ਤਾਂ ਪਲੂਟਾਰਕ ਨੇ ਹੀ ਕਰ ਦਿੱਤਾ ਸੀ ਪਰੰਤੂ ਬਰੁਕਸ (Brooks), ਬਰੈਡਫੋਰਡ (Bradford) ਅਤੇ ਪੈਪੀਜ਼ (Pepys) ਆਦਿਕ ਲੇਖਕਾਂ ਨੇ ਜੀਵਨੀ-ਸਾਹਿੱਤ ਦੀ ਵਿਧਾ ਨੂੰ ਪੂਰਨ ਤੌਰ ਤੇ ਬਦਲ ਕੇ ਰੱਖ ਦਿੱਤਾ। (ਦੇਖੋ ਸਾਹਿੱਤ-ਕੋਸ਼, ਪੰਨੇ 535-36)

2.2.3.4ਜੀਵਨੀ-ਲੇਖਣ ਦੇ ਖੇਤਰ ਵਿਚ ਹੋਏ ਇਨ੍ਹਾਂ ਨਵੇਂ ਪ੍ਰਯੋਗਾਂ ਨੇ ਸਾਹਿੱਤ ਦੇ ਇਸ ਰੂਪ ਦਾ ਮੂੰਹ-ਮੁਹਾਂਦਰਾ ਅਸਲੋਂ ਹੀ ਬਦਲ ਕੇ ਰੱਖ ਦਿੱਤਾ। ਨਵੇਂ ਜੀਵਨੀਕਾਰਾਂ ਦਾ ਮਤਿ ਸੀ ਕਿ ਬਾਹਰਲੀਆਂ ਪਰਿਸਥਿਤੀਆਂ, ਵੇਰਵਿਆਂ, ਤੱਥਾਂ ਅਤੇ ਤਿਥੀਆਂ ਨਾਲ ਕਿਸੇ ਮਨੁੱਖ ਦੀ ਸ਼ਖਸੀਅਤ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਕਿਉਂਕਿ ਹਰ ਮਨੁੱਖ ਮਨੋਵਿਗਿਆਨਕ ਆਵੇਗਾਂ, ਪ੍ਰਵੇਗਾਂ ਅਤੇ ਜਟਿਲਤਾਵਾਂ ਦਾ ਇਕ ਜੀਵੰਤ ਪੁੰਜ ਹੈ। ਇਸ ਕਾਰਨ ਉਸ ਨੂੰ ਸਮਝਣ ਵਾਸਤੇ ਉਸਦੀ ਮਨੋਵਿਗਿਆਨਕ ਵਿਆਖਿਆ ਬਹੁਤ ਜ਼ਰੂਰੀ ਹੈ। ਇਸ ਵਿਧੀ ਨਾਲ ਲਿਖੀਆਂ ਹੋਈਆਂ ਜੀਵਨੀਆਂ ਨਾਵਲਾਂ ਵਾਂਗ ਉਤਸੁਕਤਾ ਭਰਪੂਰ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਇਨ੍ਹਾਂ ਵਿਚ ਜੀਵਨੀ ਦੇ ਨਾਇਕ ਦੀਆਂ ਕੁਝ ਰੋਚਕ ਘਟਨਾਵਾਂ, ਉਸ ਨਾਲ ਸੰਬੰਧਿਤ ਕੁਝ ਵਿਲੱਖਣ ਪਾਤਰਾਂ ਅਤੇ ਕੁਝ ਦਿਲਚਸਪ ਘਟਨਾਵਾਂ ਨੂੰ ਸੰਵਾਦ, ਆਤਮ-ਬਚਨੀ ਅਤੇ ਸਾਖਿਆਤਕਾਰ (interview) ਆਦਿਕ ਵਿਧੀਆਂ ਦੁਆਰਾ ਵਿਕਸਿਤ ਕੀਤਾ ਜਾਂਦਾ ਹੈ। ਆਂਦਰੇ ਮੋਰਿਆ (Andre Maurois), ਫਿਲਿਪ ਗੁਦਾਲਾ (Phillip Guedalla) ਅਤੇ ਡੇਵਿਡ ਸੇਸਿਲ (David Cecil) ਨੇ ਅਜਿਹੀਆਂ ਜੀਵਨੀਆਂ ਲਿਖੀਆਂ ਹਨ। ਲਿਟਨ ਸਟ੍ਰੈਚੀ (Lytton Strachey) ਨੇ ਆਪਣੀਆਂ ਵਿਆਖਿਆਤਮਕ ਜੀਵਨੀਆਂ ਵਿਚ ਵਿਅੰਗ-ਵਿਧੀ ਦਾ ਪ੍ਰਯੋਗ ਕੀਤਾ ਹੈ। ਜੀਵਨੀ ਵਿਚ ਤੱਥ, ਪ੍ਰਮਾਣਿਕ ਸਰੋਤਾਂ ਵਿਚੋਂ ਲੈਣੇ ਚਾਹੀਦੇ ਹਨ ਅਤੇ ਜੀਵਨੀਕਾਰ ਨੂੰ ਉਨ੍ਹਾਂ ਪਰਿਸਥਿਤੀਆਂ ਦਾ ਵੀ ਭਰਪੂਰ ਗਿਆਨ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚੋਂ ਉਸਦੀ ਜੀਵਨੀ ਦਾ ਨਾਇਕ ਉੱਭਰਿਆ-ਉੱਸਰਿਆ ਹੋਵੇ। ਇਕ ਪ੍ਰਮਾਣਿਕ ਜੀਵਨੀਕਾਰ ਨੂੰ ਨਿਮਨਲਿਖਤ ਸੋਮਿਆਂ ਦਾ ਅਧਿਐਨ-ਵਿਸ਼ਲੇਸ਼ਣ ਕਰਨ ਦੀ ਲੋੜ ਪੈਂਦੀ ਹੈ।

(i) ਵਿਸ਼ੇ ਬਾਰੇ ਮਿਲਦੀਆਂ ਪਹਿਲੀਆਂ ਪੁਸਤਕਾਂ;
(ii) ਪੱਤਰ, ਡਾਇਰੀਆਂ ਅਤੇ ਪ੍ਰਮਾਣਿਕ ਦਸਤਾਵੇਜ਼;
(iii) ਸਮਕਾਲੀਨ ਯਾਦਾਂ ਅਤੇ ਘਟਨਾਵਾਂ;
(iv) ਜੀਵਨੀ ਦੇ ਮੁਖ ਪਾਤਰ ਨਾਲ ਸੰਬੰਧਿਤ ਜਿਉਂਦੇ ਵਿਅਕਤੀਆਂ ਦੇ ਵਿਚਾਰ ਅਤੇ ਪ੍ਰਭਾਵ;
(v) ਜੀਵਨੀਕਾਰ ਦੇ ਲੇਖਕ ਨਾਲ ਨਿੱਜੀ ਸੰਬੰਧ;
(vi) ਉਨ੍ਹਾਂ ਥਾਵਾਂ ਦੀ ਯਾਤਰਾ, ਜਿਨ੍ਹਾਂ ਦਾ ਜੀਵਨੀ ਦੇ ਨਾਇਕ ਨਾਲ ਵਿਸ਼ੇਸ਼ ਸੰਬੰਧ ਰਿਹਾ ਹੋਵੇ।

2.2.3.5ਪੰਜਾਬੀ ਵਿਚ ਜੀਵਨੀ-ਸਾਹਿੱਤ ਦੀ ਪਰੰਪਰਾ :

ਪੰਜਾਬੀ ਵਿਚ ਜੀਵਨੀ-ਸਾਹਿੱਤ ਲਿਖਣ ਦੀ ਪਰੰਪਰਾ ਦਾ ਆਰੰਭ ਪੁਰਾਤਨ ਜਨਮਸਾਖੀਆਂ ਦੀ ਰਚਨਾ ਦੁਆਰਾ ਸਤਾਰ੍ਹਵੀਂ ਸਦੀ ਵਿਚ ਹੋਇਆ। ਪੁਰਾਤਨ ਜਨਮਸਾਖੀ, ਸ਼ੰਭੂ ਨਾਥ ਵਾਲੀ ਜਨਮ ਪੱਤਰੀ ਜਾਂ ਆਦਿ ਸਾਖੀਆਂ, ਭਾਈ ਬਾਲੇ ਵਾਲੀ ਜਨਮਸਾਖੀ ਅਤੇ ਸੋਢੀ ਮਿਹਰਬਾਨ ਵਾਲੀ ਜਨਮਸਾਖੀ ਆਦਿਕ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਬ੍ਰਿਤਾਂਤ, ਉਨ੍ਹਾਂ ਦੀ ਅਜ਼ਮਤ ਨਾਲ ਜੁੜੀਆਂ ਘਟਨਾਵਾਂ ਅਤੇ ਗੁਰੂ ਜੀ ਨਾਲ ਸੰਬੰਧਿਤ ਰਹੇ ਇਤਿਹਾਸਕ ਅਤੇ ਕਲਪਿਤ ਪਾਤਰਾਂ ਦੇ ਅਦਭੁਤ ਵੇਰਵੇ, ਇਨ੍ਹਾਂ ਜਨਮਸਾਖੀਆਂ ਦੀ ਵਸਤੂ-ਸਾਮੱਗਰੀ ਬਣੇ ਹਨ। ਇਨ੍ਹਾਂ ਜਨਮਸਾਖੀਆਂ ਵਿਚ ਸ਼ਰਧਾ, ਸਤਿਕਾਰ ਅਤੇ ਸਤਿਗੁਰ ਮਹਿਮਾ ਦੇ ਭਾਵ ਪ੍ਰਗਟ ਹੋਏ ਹਨ ਅਤੇ ਇਨ੍ਹਾਂ ਵਿਚ ਇਤਿਹਾਸ ਅਤੇ ਮਿਥਿਹਾਸ ਦਾ ਅਜਿਹਾ ਸੁਮਿਸ਼ਰਣ ਹੋਇਆ ਹੈ ਕਿ ਪੜ੍ਹਨ ਵਾਲਾ ਗੁਰੂ ਬਾਰੇ ਦੀ ਮਹਿਮਾ ਵਿਚ ਪੂਰੀ ਤਰ੍ਹਾਂ ਆਤਮ-ਵਿਭੋਰ ਹੋ ਜਾਂਦਾ ਹੈ। ਜਨਮਸਾਖੀ ਪਰੰਪਰਾ ਵਿਚੋਂ ਹੀ ਸਿੱਖਾਂ ਦੀ ਭਗਤਮਾਲ (ਭਾਈ ਮਨੀ ਸਿੰਘ) ਆਦਿਕ ਰਚਨਾਵਾਂ ਦਾ ਜਨਮ ਹੋਇਆ। ਵੀਹਵੀਂ ਸਦੀ ਵਿਚ ਆਧੁਨਿਕ ਵੰਨਗੀ ਦਾ ਜੀਵਨੀ-ਸਾਹਿੱਤ ਰਚਿਆ ਜਾਣ ਲੱਗਾ। ਇਸ ਪ੍ਰਸੰਗ ਵਿਚ ਭਾਈ ਵੀਰ ਸਿੰਘ ਨੇ ਮੁੱਢਲੇ ਯਤਨ ਕੀਤੇ। 'ਗੁਰੂ ਨਾਨਕ ਚਮਤਕਾਰ', 'ਅਸ਼ਟਗੁਰ ਚਮਤਕਾਰ' ਅਤੇ 'ਕਲਗ਼ੀਧਰ ਚਮਤਕਾਰ' ਆਦਿਕ ਰਚਨਾਵਾਂ ਵਿਚ ਉਸ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਲਿਖੇ। ਇਸੇ ਦੌਰਾਨ ਲੇਖਕਾਂ ਅਤੇ ਨੇਤਾਵਾਂ ਬਾਰੇ ਵੀ ਜੀਵਨੀ ਸਾਹਿੱਤ ਲਿਖਿਆ ਜਾਣਾ ਸ਼ੁਰੂ ਹੋ ਗਿਆ। ਅਜਿਹੇ ਸਾਹਿਤ ਦੀ ਸਿਰਜਣਾ ਵਿਚ ਗੁਰਦਿਆਲ ਸਿੰਘ ਫੁੱਲ (ਜੀਵਨੀ ਭਾਈ ਜੋਧ ਸਿੰਘ), ਹਰਦਿਆਲ ਸਿੰਘ (ਇਕ ਸੁਨਹਿਰੀ ਦਿਲ : ਦੀਵਾਨ ਸਿੰਘ ਕਾਲੇਪਾਣੀ), ਮੁਨਸ਼ਾ ਸਿੰਘ ਦੁਖੀ (ਭਾਈ ਮੋਹਨ ਸਿੰਘ ਵੈਦ), ਸ਼ਮਸ਼ੇਰ ਸਿੰਘ ਅਸ਼ੋਕ (ਭਾਈ ਕਾਨ੍ਹ ਸਿੰਘ ਨਾਭਾ) ਪ੍ਰੋ. ਹਰਬੰਸ ਸਿੰਘ (ਜੀਵਨੀ ਭਾਈ ਵੀਰ ਸਿੰਘ) ਦੁਰਲਭ

ਸਿੰਘ (ਮਾਸਟਰ ਤਾਰਾ ਸਿੰਘ ਦੀ ਜੀਵਨੀ) ਕੁਝ ਉਲੇਖਯੋਗ ਰਚਨਾਵਾਂ ਹਨ। ਪ੍ਰੋ. ਕਿਰਪਾਲ ਸਿੰਘ ਕਸੇਲ ਰਚਿਤ ਪ੍ਰੋ. ਪੂਰਨ ਸਿੰਘ ਦੀ ਜੀਵਨੀ 'ਰਾਜ ਹੰਸ' ਵੀ ਇਕ ਪ੍ਰਮਾਣਿਕ ਰਚਨਾ ਹੈ।

2.2.3.6ਇਤਿਹਾਸਿਕ ਜੀਵਨੀਆਂ:

ਪੰਜਾਬ ਦੇ ਕੁਝ ਇਤਿਹਾਸਕਾਰਾਂ ਅਤੇ ਹੋਰ ਜੀਵਨੀਕਾਰਾਂ ਨੇ ਇਤਿਹਾਸਕ ਵਿਅਕਤੀਆਂ ਦੇ ਜੀਵਨ-ਬ੍ਰਿਤਾਂਤ ਵੀ ਤਿਆਰ ਕੀਤੇ ਹਨ। ਅਜਿਹੇ ਲੇਖਕਾਂ ਵਿਚ ਡਾ. ਗੰਡਾ ਸਿੰਘ, ਬਾਵਾ ਪ੍ਰੇਮ ਸਿੰਘ ਹੋਤੀ, ਪ੍ਰੋ. ਸਤਿਬੀਰ ਸਿੰਘ, ਪ੍ਰੋ. ਕਰਤਾਰ ਸਿੰਘ, ਜਸਵੰਤ ਸਿੰਘ ਜਸ, ਕੁਲਦੀਪ ਸਿੰਘ ਹਉਰਾ, ਸੁਰਿੰਦਰ ਸਿੰਘ ਜੌਹਰ, ਧਰਮ ਪਾਲ ਸਿੰਗਲ, ਸੰਤ ਇੰਦਰ ਸਿੰਘ ਚਕਰਵਰਤੀ ਅਤੇ ਡਾ. ਕਰਮ ਸਿੰਘ ਕਪੂਰ ਆਦਿਕ ਪ੍ਰਮੁੱਖ ਹਨ।

2.2.4 ਜੀਵਨੀ ਸਾਹਿੱਤ ਦੇ ਤੱਤ :

ਜੀਵਨੀ, ਸਾਹਿੱਤ ਦਾ ਇਕ ਪ੍ਰਮੁੱਖ ਅੰਗ ਹੈ। ਹਰ ਜੀਵਨੀਕਾਰ ਨੂੰ ਆਪਣੀ ਰਚਨਾ ਦੀ ਸਾਹਿਤਿਕ ਮਰਯਾਦਾ ਵਲ ਪੂਰਨ ਧਿਆਨ ਦੇਣਾ ਪੈਂਦਾ ਹੈ ਕਿਉਂਕਿ ਇਸ ਤੋਂ ਅਵੇਸਲੇ ਹੋਣ ਦੀ ਸੂਰਤ ਵਿਚ ਉਸਦੀ ਰਚਨਾ ਸਾਹਿਤਿਕ ਨਹੀਂ ਰਹੇਗੀ। ਸਾਹਿੱਤਿਕ ਜੀਵਨੀ ਦੇ ਕੁਝ ਪ੍ਰਮੁੱਖ ਤੱਤ ਇਸ ਪ੍ਰਕਾਰ ਹਨ:

(ੳ) ਚਰਿੱਤਰ ਨਾਇਕ ਅਤੇ ਉਸਦੀ ਸ਼ਖਸੀਅਤ : ਜੀਵਨੀਕਾਰ ਨੂੰ ਆਪਣੇ ਨਾਇਕ ਦੀ ਸ਼ਖਸੀਅਤ ਦੀ ਪੁਨਰ-ਸਿਰਜਣਾ ਕਰਨ ਵਾਸਤੇ ਇਤਿਹਾਸਕ ਵੇਰਵਿਆਂ ਦੀ ਜ਼ਰੂਰਤ ਪੈਂਦੀ ਹੈ। ਬਹੁਤੀ ਵਾਰ ਮਹਾਂਪੁਰਖਾਂ ਅਤੇ ਸੱਤਾ ਉਪਰ ਕਾਬਜ਼ ਵਿਅਕਤੀਆਂ ਦੇ ਜੀਵਨ ਨਾਲ ਸ਼ਰਧਾਲੂਆਂ (ਪਹਿਲੀ ਸ਼੍ਰੇਣੀ : ਮਹਾਂਪੁਰਖ) ਅਤੇ ਚਾਪਲੂਸਾਂ (ਦੂਜੀ ਸ਼੍ਰੇਣੀ : ਸੱਤਾਧਾਰੀ) ਵਲੋਂ ਅਜਿਹੇ ਵੇਰਵੇ ਜੋੜ ਦਿੱਤੇ ਜਾਂਦੇ ਹਨ, ਜੋ ਅਣਇਤਿਹਾਸਕ ਅਤੇ ਕਲਪਿਤ ਹੁੰਦੇ ਹਨ। ਇਕ ਸੁਚੱਜੇ ਜੀਵਨੀਕਾਰ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਤਿਹਾਸ ਅਤੇ ਮਿਥਿਹਾਸ ਵਿਚ ਨਖੇੜਾ ਕਰਕੇ ਪ੍ਰਮਾਣਿਕ ਵੇਰਵਿਆਂ ਦੇ ਆਧਾਰ ਉੱਤੇ ਹੀ ਆਪਣੀ ਰਚਨਾ ਨੂੰ ਤਰਤੀਬ ਦੇਵੇ। ਨਹੀਂ ਤਾਂ ਉਹ ਇਤਿਹਾਸ ਦੇ ਵਿਰੁੱਧ ਗੰਭੀਰ ਅਪਰਾਧ ਕਰ ਰਿਹਾ ਹੋਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਪਥ ਭ੍ਰਸ਼ਟ ਕਰ ਰਿਹਾ ਹੋਵੇਗਾ। ਇਸ ਮਨਮਤਿ ਤੋਂ ਬਚਣ ਦੀ ਲੋੜ ਹੈ ਪਰ ਇਹ ਕੋਈ ਸੌਖਾ ਕਾਰਜ ਨਹੀਂ ਹੈ ਕਿਉਂਕਿ ਬਹੁਤੇ ਜੀਵਨੀਕਾਰ ਸੱਤਾਧਾਰੀਆਂ ਜਾਂ ਧਨਾਢ ਵਿਅਕਤੀਆਂ ਤੋਂ ਕੋਈ ਲਾਭ ਉਠਾਉਣ ਲਈ ਹੀ ਉਨ੍ਹਾਂ ਦੀਆਂ ਜੀਵਨੀਆਂ ਲਿਖਦੇ ਹਨ। ਇਸ ਕਾਰਨ ਉਹ ਨਿਰਪੱਖ ਜਾਂ ਵਸਤੂਮੁਖ ਨਹੀਂ ਹੋ ਸਕਦੇ।

(ਅ) ਉਸਾਰੂ ਕਲਪਣਾ : ਇਕ ਸੁਚੱਜੀ ਜੀਵਨੀ ਦਾ ਇਕ ਹੋਰ ਮਹੱਤਵਪੂਰਨ ਪੱਖ, ਲੇਖਕ ਦੀ ਉਸਾਰੂ ਕਲਪਣਾ ਨਾਲ ਜੁੜਿਆ ਹੋਇਆ ਹੈ। ਕਿਸੇ ਵੀ ਜੀਵਨੀਕਾਰ ਨੂੰ ਲਿਖਣ ਸਮੇਂ ਕੁਝ ਅਜਿਹੇ ਖੱਪਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸਦੀ ਪੂਰਤੀ ਉਸ ਨੂੰ ਆਪਣੀ ਕਲਪਣਾ ਦੁਆਰਾ ਕਰਨੀ ਪੈਂਦੀ ਹੈ। ਬਹੁਤੀ ਵਾਰ ਉਸਦੇ ਨਾਇਕ ਦੇ ਜੀਵਨ ਬਾਰੇ ਸਮਕਾਲੀ ਸਰੋਤਾਂ ਜਾਂ ਉਸਦੇ ਮਿੱਤਰਾਂ-ਨਾਤੇਦਾਰਾਂ ਤੋਂ ਕੋਈ ਸਹਾਇਤਾ ਨਹੀਂ ਮਿਲਦੀ। ਇਸ ਸੂਰਤ ਵਿਚ ਲੇਖਕ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਇਕ ਦੇ ਸਮੁੱਚੇ ਜੀਵਨ ਨੂੰ ਧਿਆਨ ਵਿਚ ਰੱਖ ਕੇ ਉਸ ਖੱਪੇ ਦੀ ਆਪਣੀ ਕਲਪਣਾ ਦੁਆਰਾ ਪੂਰਤੀ ਕਰੇ। ਉਦਾਹਰਣ ਲਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਯੁੱਧ ਤੋਂ ਬਾਅਦ ਮਾਛੀਵਾੜੇ ਦੇ ਜੰਗਲਾਂ ਵਿਚ ਵਿਚਰ ਰਹੇ ਸਨ ਤਾਂ ਉਸ ਸਮੇਂ ਆਪਣੀ ਮਾਨਸਿਕ ਸਥਿਤੀ ਨੂੰ ਬਿਆਨ ਕਰਨ ਵਾਲਾ ਕੋਈ ਵੀ ਵਿਅਕਤੀ ਆਪ ਦੇ ਨਾਲ ਨਹੀਂ ਸੀ। ਪਰ ਇਥੇ ਵਿਚਰਦਿਆਂ ਹੋਇਆਂ ਆਪ ਨੇ 'ਮਿੱਤਰ ਪਿਆਰੇ ਨੂੰ...' ਖ਼ਿਆਲ ਦੀ ਰਚਨਾ ਕੀਤੀ। ਇਥੋਂ ਆਪ ਦੀ 'ਚੜ੍ਹਦੀ ਕਲਾ' ਦੇ ਇਹਿਸਾਸ ਦੀ ਪੁਨਰ-ਸਿਰਜਣਾ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ 'ਜ਼ਫ਼ਰਨਾਮਾ' ਵੀ ਗੁਰੂ ਸਾਹਿਬ ਦੀ ਅਡੋਲ, ਸੁਦ੍ਰਿੜ੍ਹ ਅਤੇ ਵੈਰਾਟ ਸ਼ਖਸੀਅਤ ਦੀ ਸੂਚਨਾ ਦਿੰਦਾ ਹੈ।

(ੲ) ਸੂਰਤਬੱਧਤਾ : ਹਰ ਸਫ਼ਲ ਜੀਵਨੀ ਇਕ ਵਿਸ਼ੇਸ਼ ਸੂਤਰ (paradigm) ਵਿਚ ਬੱਝੀ ਹੁੰਦੀ ਹੈ। ਜੀਵਨੀਕਾਰ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਇਕ ਦਾ ਜੀਵਨ-ਬ੍ਰਿਤਾਂਤ ਤਿਆਰ ਕਰਨ ਲਈ ਜਿਨ੍ਹਾਂ ਘਟਨਾਵਾਂ ਦੀ ਚੋਣ ਕਰੇ। ਉਹ ਇਸ ਸੂਤਰ ਤੋਂ ਬਹੁਤਾ ਉਰ੍ਹੇ-ਪਰ੍ਹੇ ਨਾ ਜਾਣ। ਇਸ ਸਿੱਧਾਂਤ ਦੀ ਅਵਹੇਲਣਾ ਕਰਨ ਦੀ ਸੂਰਤ ਵਿਚ ਰਚਨਾ ਦਾ ਬੱਝਵਾਂ ਪ੍ਰਭਾਵ ਨਹੀਂ ਪਏਗਾ ਬਲਕਿ ਖੰਡਿਤ ਹੋ ਜਾਵੇਗਾ। ਜੀਵਨੀ ਦੇ ਰਚਨਾਤਮਕ

ਸੰਗਠਨ ਲਈ ਇਹ ਜ਼ਰੂਰੀ ਹੈ ਕਿ ਜੀਵਨੀ ਵਿਚ ਕੋਈ ਬੇਲੋੜਾ ਵਿਸਤਾਰ ਨਾ ਆਉਣ ਦਿੱਤਾ ਜਾਵੇ ਅਤੇ ਨਾ ਹੀ ਕੋਈ ਜ਼ਰੂਰੀ ਵੇਰਵਾ ਹੱਥੋਂ ਨਿਕਲ ਜਾਵੇ। ਜੀਵਨੀ ਵਿਚ ਸੂਤਰਬੱਧਤਾ ਅਤੇ ਸੰਖੇਪਤਾ ਦਾ ਇਹੀ ਭੇਦ ਹੈ। ਇਕ 'ਜੀਵਨੀ' ਆਪਣੇ ਆਪ ਵਿਚ ਸੁਤੰਤਰ ਅਤੇ ਖ਼ੁਦਮੁਖ਼ਤਿਆਰ ਅਨੁਸ਼ਾਸਨ ਹੈ।

(ਸ) **ਨਾਇਕ ਦਾ ਚਰਿੱਤਰ-ਚਿਤ੍ਰਣ** : ਜੀਵਨੀ ਸਾਹਿੱਤ ਦਾ ਸਭ ਤੋਂ ਚੁਣੌਤੀਭਰਪੂਰ ਕਾਰਜ ਨਾਇਕ ਦੇ ਚਰਿੱਤਰ-ਚਿਤ੍ਰਣ ਨਾਲ ਜੁੜਿਆ ਹੋਇਆ। ਇਸ ਪ੍ਰਸੰਗ ਵਿਚ ਦੋ ਪ੍ਰਕਾਰ ਦੀਆਂ ਅਤਿਸ਼ੋਕਤੀਆਂ ਦੇਖਣ ਵਿਚ ਆਉਂਦੀਆਂ ਹਨ। ਇਕ ਤਾਂ ਉਹ, ਜਿਨ੍ਹਾਂ ਵਿਚ ਨਾਇਕ ਦੇ ਜੀਵਨ ਨਾਲ ਸੰਬੰਧਿਤ ਕੇਵਲ ਚੰਗੀਆਂ ਗੱਲਾਂ ਦਾ ਹੀ ਉਲੇਖ ਹੁੰਦਾ ਹੈ ਅਤੇ ਦੂਜੀਆਂ ਉਹ, ਜਿਨ੍ਹਾਂ ਵਿਚ ਜੀਵਨੀਕਾਰ ਆਪਣੇ ਮੁੱਖ ਪਾਤਰ ਬਾਰੇ ਲੱਭ-ਲੱਭ ਕੇ ਮੰਦੀਆਂ ਜਾਂ ਨਿੰਦਾਜਨਕ ਗੱਲਾਂ ਇਕੱਠੀਆਂ ਕਰਦਾ ਹੈ। ਇਹ ਦੋਵੇਂ ਵਿਧੀਆਂ ਇਕ ਚੰਗੀ ਜੀਵਨੀ ਦੀ ਰਚਨਾ ਵਾਸਤੇ ਖ਼ਤਰਨਾਕ ਹਨ। ਇਸ ਰੁਝਾਣ ਤੋਂ ਬਚਣ ਦੀ ਜ਼ਰੂਰਤ ਹੈ। ਪਰੰਪਰਾਗਤ ਜੀਵਨੀਕਾਰ ਪਹਿਲੀ ਵਿਧੀ ਦਾ ਪ੍ਰਯੋਗ ਕਰਦੇ ਸਨ ਅਤੇ ਕੁਝ ਆਧੁਨਿਕ ਜੀਵਨੀਕਾਰ ਦੂਜੀ ਵਿਧੀ ਦਾ ਪ੍ਰਯੋਗ ਕਰਕੇ ਇਤਿਹਾਸਕ ਜਾਂ ਸਮਕਾਲੀਨ ਵਿਅਕਤੀਆਂ ਦੇ ਚਰਿੱਤਰ ਦਾ ਹਨਨ ਕਰਦੇ ਹਨ। ਜਿਵੇਂ ਕਿ ਅਸੀਂ ਸਭ ਜਾਣਦੇ ਹਾਂ ਕਿ ਹਰ ਵਿਅਕਤੀ ਕੁਝ ਚੰਗਿਆਈਆਂ ਅਤੇ ਕਮਜ਼ੋਰੀਆਂ ਦਾ ਮੁਜੱਸਮਾ ਹੁੰਦਾ ਹੈ, ਇਸ ਲਈ ਜੀਵਨੀਕਾਰ ਨੂੰ ਆਪਣੇ ਨਾਇਕ ਦਾ ਚਰਿੱਤਰ ਇਨ੍ਹਾਂ ਦੋਵੇਂ ਪ੍ਰਕਾਰ ਦੇ ਲੱਛਣਾਂ ਦੁਆਰਾ ਚਿਤਰਣਾ ਚਾਹੀਦਾ ਹੈ।

(ਹ) **ਬੋਲੀ ਅਤੇ ਸ਼ੈਲੀ** : ਜੀਵਨੀ-ਕਲਾ ਦੇ ਹੋਰ ਲੱਛਣਾਂ ਦੇ ਨਾਲ-ਨਾਲ ਇਕ ਚੰਗੇ ਜੀਵਨੀਕਾਰ ਨੂੰ ਬੋਲੀ ਅਤੇ ਸ਼ੈਲੀ ਦੇ ਪ੍ਰਯੋਗ ਬਾਰੇ ਵੀ ਸਾਵਧਾਨੀ ਰੱਖਣ ਦੀ ਜ਼ਰੂਰਤ ਪੈਂਦੀ ਹੈ। ਪਰਿਪੱਕ ਸ਼ੈਲੀ ਸਾਧਾਰਣ ਚਰਿੱਤਰ-ਨਾਇਕ ਦੀ ਜੀਵਨੀ ਨੂੰ ਵੀ ਆਕ੍ਰਸ਼ਕ ਅਤੇ ਪ੍ਰਭਾਵਸ਼ਾਲੀ ਬਣਾ ਦਿੰਦੀ ਹੈ। ਜੀਵਨੀਕਾਰ ਵਿਸ਼ੇ ਦੇ ਜ਼ਰੂਰਤ ਅਨੁਸਾਰ ਕਈ ਤਰ੍ਹਾਂ ਦੀਆਂ ਸ਼ੈਲੀਆਂ ਦਾ ਪ੍ਰਯੋਗ ਕਰਦਾ ਹੈ। ਕਿਤੇ ਉਹ ਵਰਣਨਾਤਮਕ ਸ਼ੈਲੀ ਵਰਤਦਾ ਹੈ, ਕਿਧਰੇ ਸੰਵਾਦਮਈ ਅਤੇ ਕਿਧਰੇ-ਕਿਧਰੇ ਉਹ ਸੰਬੋਧਨਮਈ ਸ਼ੈਲੀ ਦਾ ਪ੍ਰਯੋਗ ਵੀ ਕਰ ਲੈਂਦਾ ਹੈ। ਜੀਵਨੀਕਾਰ ਲਈ ਜ਼ਰੂਰੀ ਹੈ ਕਿ ਉਹ ਪ੍ਰਸੰਗ ਦੀ ਲੋੜ ਅਨੁਸਾਰ ਅਲੰਕਾਰਾਂ, ਬਿੰਬਾਂ ਅਤੇ ਮੁਹਾਂਵਰੇ-ਅਖੌਤਾਂ ਦਾ ਪ੍ਰਯੋਗ ਕਰਦਾ ਰਹੇ। ਇਨ੍ਹਾਂ ਕਲਾਤਮਕ ਜੁਗਤਾਂ ਨਾਲ ਰਚਨਾ ਦਾ ਸਾਹਿਤਿਕ ਪੱਖ ਮਜ਼ਬੂਤ ਹੋ ਜਾਂਦਾ ਹੈ। ਇਸ ਪ੍ਰਸੰਗ ਵਿਚ ਡਾ. ਪਿਆਰ ਸਿੰਘ ਰਚਿਤ ਪ੍ਰੋ. ਪ੍ਰੀਤਮ ਸਿੰਘ ਦੇ ਜੀਵਨ-ਬ੍ਰਿਤਾਂਤ ਵਿਚੋਂ ਕੁਝ ਅੰਸ਼ ਵੇਖੋ:

> ਪ੍ਰੋ. ਪ੍ਰੀਤਮ ਸਿੰਘ ਤੋਂ ਹੀ ਵਰੋਸਾਈ ਹੋਈ ਉਨ੍ਹਾਂ ਦੀ ਸ਼ਿਸ਼ਯਾ ਡਾ. ਦਲੀਪ ਕੌਰ ਟਿਵਾਣਾ ਨੇ ਬਹੁਤ ਪਹਿਲਾਂ ਆਪਣੇ ਇਕ ਲੇਖ ਵਿਚ ਉਨ੍ਹਾਂ ਨੂੰ 'ਮਹਾਂਭੂਤ' ਕਹਿ ਕੇ ਚਿਤਾਰਿਆ ਸੀ ਤੇ ਪੰਜਾਬੀ ਦੇ ਪ੍ਰਸਿੱਧ ਲੇਖਕ ਬਲਵੰਤ ਗਾਰਗੀ ਨੇ ਉਨ੍ਹਾਂ ਨੂੰ ਆਪਣੀ ਪੁਸਤਕ 'ਸੁਰਮੇ ਵਾਲੀ ਅੱਖ' ਵਿਚ 'ਨਾਨਕਸ਼ਾਹੀ ਇੱਟ' ਦਾ ਖ਼ਿਤਾਬ ਦਿੱਤਾ ਸੀ।ਪ੍ਰੋ. ਸਾਹਿਬ ਆਪਣੇ ਆਪ ਨੂੰ 'ਗਰੀਬ ਦਾਸ' ਕਹਿਣਾ ਪਸੰਦ ਕਰਦੇ ਨੇ, ਉਂਜ ਭਾਵੇਂ ਉਹ ਇਲਮ ਅਤੇ ਦਾਨਾਈ ਦੀ ਦੌਲਤ ਨਾਲ ਮਾਲਾਮਾਲ ਹਨ।ਮੇਰੇ ਲਈ ਉਹ 'ਪੀਰ ਪੀਰਾਂ' ਹਨ, ਜਿਸ ਦਾ ਅਰਥ, ਸਾਧਾਰਨ ਭਾਸ਼ਾ ਵਿਚ 'ਉਸਤਾਦਾਂ ਦਾ ਉਸਤਾਦ' ਹੈ। ਸਮੇਂ ਦੇ ਲੰਘਣ ਨਾਲ 'ਮਹਾਂਭੂਤ' ਦੀ 'ਪੀਰ ਪੀਰਾਂ' ਵਿਚ ਵਟ ਜਾਣਾ ਉਨ੍ਹਾਂ ਦੀ ਉੱਮਤ ਦੀ ਪ੍ਰਗਤੀ ਦਾ ਸੂਚਕ ਹੈ। (''ਪੀਰ ਪੀਰਾਂ'', ਪ੍ਰੋ. ਪ੍ਰੀਤਮ ਸਿੰਘ, ਪੰਨਾ 41)

2.2.5.1 ਸ੍ਵੈਜੀਵਨੀ : ਪਰਿਭਾਸ਼ਾ ਅਤੇ ਪ੍ਰਕਿਰਤੀ :

'ਸ੍ਵੈਜੀਵਨੀ' ਜੀਵਨੀ-ਸਾਹਿੱਤ ਦਾ ਇਕ ਅਜਿਹਾ ਰੂਪ ਹੈ, ਜਿਸ ਵਿਚ ਜੀਵਨੀਕਾਰ, ਕਿਸੇ ਦੂਜੇ ਵਿਅਕਤੀ ਦਾ ਜੀਵਨ-ਬ੍ਰਿਤਾਂਤ ਲਿਖਣ ਦੀ ਬਜਾਇ, ਆਪਣਾ ਜੀਵਨ-ਬ੍ਰਿਤਾਂਤ ਲਿਖਦਾ ਹੈ। ਇਹ ਸਾਹਿੱਤ-ਰਚਨਾ ਦਾ ਕੋਈ ਬਹੁਤਾ ਪੁਰਾਣਾ ਰੂਪ ਨਹੀਂ ਹੈ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤਕ ਛਪਣ ਵਾਲੇ ਸ਼ਬਦ-ਕੋਸ਼ਾਂ ਵਿਚ 'ਸ੍ਵੈਜੀਵਨੀ' (autobiography) ਇੰਦਰਾਜ ਨਹੀਂ ਲੱਭਣਾ। ਇਸ ਸਾਹਿੱਤ-ਰੂਪ ਵੱਲ ਮੁੱਢਲੇ ਸੰਕੇਤ ਡੋਨਲਡ ਸਟਾਫਰ (Donald Stauffer), ਡਬਲਯੂ.ਐਫ਼.ਥਰਾਲ (W.F. Thrall) ਅਤੇ ਹਿਬਰਡ (Hibbard) ਆਦਿ ਵਿਦਵਾਨਾਂ

ਨੇ ਕੀਤੇ ਹਨ। ਸ੍ਵੈਜੀਵਨੀ ਦੀਆਂ ਕੁਝ ਇਕ ਪ੍ਰਮੁੱਖ ਪਰਿਭਾਸ਼ਾਵਾਂ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਹੁੰਦੀਆਂ ਹਨ:

(ੳ) ਕਿਸੇ ਵਿਅਕਤੀ ਦੁਆਰਾ ਆਪਣੇ ਜੀਵਨ ਬਾਰੇ ਲਿਖੇ ਕਥਾ ਸ੍ਵੈਜੀਵਨੀ ਹੁੰਦੀ ਹੈ। (ਐਨਸਾਈਕਲੋਪੇਡੀਆਂ ਅਮੈਰੀਕਾੱਨ,ii, ਪੰਨਾ 59)

(ਅ) ਕਿਸੇ ਵਿਅਕਤੀ ਦੇ ਜੀਵਨ ਦਾ ਸ੍ਵੈਬ੍ਰਿਤਾਂਤ ਹੀ ਸ੍ਵੈਜੀਵਨੀ ਹੈ (ਕੌਂਸਲਜ਼ ਐਨਸਾਈਕਲੋਪੇਡੀਆ ਆਫ਼ ਲਿਟਰੇਚਰ, i, ਪੰਨਾ 59)

(ੲ) ਕਿਸੇ ਲੇਖਕ ਦੇ ਜੀਵਨ ਨਾਲ ਸੰਬੰਧਿਤ ਬ੍ਰਿਤਾਂਤ, ਜਿਸ ਵਿਚ ਵਿਸਤਾਰਪੂਰਵਕ ਆਤਮ-ਜੀਵਨ ਦੇ ਪ੍ਰਯੋਜਨ ਵੱਲ ਧਿਆਨ ਦਿੱਤਾ ਜਾਂਦਾ ਹੈ। (ਡਿਕਸ਼ਨਰੀ ਆਫ਼ ਵਰਲਡ ਲਿਟਰੇਰੀ ਟਰਮਜ਼, ਪੰਨਾ 23)

(ਸ) ਸ੍ਵੈਜੀਵਨੀ ਕਿਸੇ ਅਜਿਹੀ ਰਚਨਾ ਦਾ ਨਾਮ ਹੈ, ਜਿਸ ਵਿਚ ਲੇਖਕ ਦਾ ਸ੍ਵੈ-ਇਤਿਹਾਸ, ਸ੍ਵੈ-ਕਥਾ, ਸ੍ਵੈ ਦੁਆਰਾ ਲਿਖੀ ਗਈ ਹੋਵੇ। (ਆਕਸਫ਼ੋਰਡ ਇੰਗਲਿਸ਼ ਡਿਕਸ਼ਨਰੀ, I, ਪੰਨਾ 573)

(ਹ) ਸ੍ਵੈਜੀਵਨੀ (ਆਤਮ-ਕਥਾ) ਉਸ ਨੂੰ ਕਹਿੰਦੇ ਹਨ। ਜਿਸ ਵਿਚ ਲੇਖਕ ਆਪਣੇ ਸੰਪੂਰਨ ਜੀਵਨ ਦਾ ਵੇਰਵਾ ਪੇਸ਼ ਕਰਦਾ ਹੈ। (ਡਾ. ਨਗੇਂਦ੍ਰ, ਭਾਰਤੀ ਸਾਹਿਤਯ ਕੋਸ਼, ਪੰਨਾ 94)

2.2.5.2'ਸ੍ਵੈਜੀਵਨੀ' ਵਾਰਤਕ ਸਾਹਿੱਤ ਦਾ ਇਕ ਵਿਸ਼ੇਸ਼-ਰੂਪ ਹੈ। ਜਿਸ ਵਿਚ ਲੇਖਕ ਆਪਣੇ ਨਿੱਜੀ ਜੀਵਨ ਦਾ ਬਿਉਰਾ ਪੇਸ਼ ਕਰਦਾ ਹੈ। ਲੇਖਕ ਆਪਣੀ ਜ਼ਿੰਦਗੀ ਬਾਰੇ ਜਦੋਂ ਆਪ ਲਿਖਦਾ ਹੈ ਤਾਂ ਉਸਨੂੰ ਆਪਣੇ ਆਪ ਉਤੇ ਪੂਰਨ ਵਿਸ਼ਵਾਸ ਹੁੰਦਾ ਹੈ ਕਿਉਂਕਿ ਉਹ ਆਪਣੇ ਬਾਰੇ ਹੋਰ ਲੋਕਾਂ ਤੋਂ ਵਧੀਕ ਜਾਣਕਾਰੀ ਰੱਖਦਾ ਹੈ। ਇਸੇ ਕਰਕੇ ਸ੍ਵੈਜੀਵਨੀ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਆਪ ਹੰਢਾਏ ਅਤੇ ਭੋਗੇ ਪਲਾਂ ਦੀ ਪੁਨਰ-ਉਸਾਰੀ ਹੁੰਦੀ ਹੈ। ਸੰਖੇਪ ਵਿਚ ਸ੍ਵੈਜੀਵਨੀ, ਸ੍ਵੈਪ੍ਰਕਾਸ਼ ਦਾ ਸਾਹਿੱਤ ਹੈ। ਸ੍ਵੈਜੀਵਨੀ ਲਿਖਣ ਦੇ ਦੋ ਮੁੱਖ ਉਦੇਸ਼ ਹੁੰਦੇ ਹਨ। ਪਹਿਲਾਂ ਹੈ ਆਤਮ-ਨਿਰੀਖਣ ਜਾਂ ਆਤਮ-ਪਰੀਖਣ; ਨਿੱਜੀ ਯਾਦਾਂ ਨੂੰ ਪੁਨਰ-ਸੁਰਜੀਤ ਕਰਨ ਦੀ ਰੁਚੀ ਜਾਂ ਜੀਵਨ ਦੀਆਂ ਗੁੰਝਲਾਂ ਨੂੰ ਸੁਲਝਾਉਣ ਦਾ ਪ੍ਰਯਾਸ। ਦੂਜਾ ਉੱਦੇਸ਼ ਇਹ ਹੈ ਕਿ ਲੇਖਕ ਦੇ ਅਨੁਭਵ ਤੋਂ ਹੋਰ ਲੋਕ ਸਿੱਖਿਆ ਪ੍ਰਾਪਤ ਕਰ ਸਕਣ। ਇਸ ਸੰਦਰਭ ਵਿਚ ਸਾਹਿੱਤਕਾਰਾਂ ਦੀਆਂ ਸ੍ਵੈਜੀਵਨੀਆਂ ਵਿਚ ਸਾਹਿੱਤ-ਸਿਰਜਣਾ ਲਈ ਕੀਤੇ ਸੰਘਰਸ਼ ਅਤੇ ਕਲਾਮਈ-ਅਭਿਵਿਅੰਜਨ ਦੇ ਉਪਰਾਲੇ ਦੀਆਂ ਰੁਚੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਅਜਿਹੀਆਂ ਸ੍ਵੈਜੀਵਨੀਆਂ ਤੋਂ ਨਵੇਂ ਪੁੰਗਰ ਰਹੇ ਸਾਹਿੱਤਕਾਰਾਂ ਅਤੇ ਕਲਾਕਾਰਾਂ ਨੂੰ ਸੇਧ ਪ੍ਰਾਪਤ ਹੁੰਦੀ ਹੈ।

2.2.5.3ਵਿਸ਼ਵ ਦੇ ਬਹੁਤ ਸਾਰੇ ਪ੍ਰਸਿੱਧ ਲੇਖਕਾਂ ਅਤੇ ਚਿੰਤਕਾਂ ਨੇ ਆਪਣੀਆਂ ਸ੍ਵੈਜੀਵਨੀਆਂ ਲਿਖੀਆਂ ਹਨ, ਜਿਨ੍ਹਾਂ ਦੀਆਂ 'ਆਦਿਕਾਵਾਂ' ਵਿਚ ਸ੍ਵੈਜੀਵਨੀ ਦੀ ਪ੍ਰਕਿਰਤੀ, ਸ੍ਵੈਜੀਵਨੀ ਲਿਖਣ ਦੇ ਕਾਰਨ ਅਤੇ ਸ੍ਵੈਜੀਵਨੀ ਦੇ ਮਹੱਤਵ ਆਦਿ ਵਿਸ਼ਿਆਂ ਬਾਰੇ ਵਿਚਾਰ ਕੀਤੀ ਗਈ ਹੈ। ਇਸ ਪ੍ਰਸੰਗ ਵਿਚ ਗੋਇਟੇ (Goethe) ਆਪਣੀ ਸ੍ਵੈਜੀਵਨੀ ਦੀ 'ਆਦਿਕ' ਵਿਚ ਲਿਖਦਾ ਹੈ:

> ਸ੍ਵੈਜੀਵਨੀ ਵਿਚ ਮਨੁੱਖ ਨੂੰ ਆਪਣੇ ਸਮੇਂ ਦੀ ਨੁਹਾਰ ਨਾਲ ਸੰਬੰਧਿਤ ਕਰਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਇਹ ਵੀ ਦਰਸਾਉਣਾ ਪੈਂਦਾ ਹੈ ਕਿ ਲੇਖਕ ਨੇ ਉਸ ਸਮੇਂ ਦੀ (ਪ੍ਰਗਤੀਸ਼ੀਲਤਾ ਦਾ ਪੱਖ ਪੂਰਿਆਂ ਜਾਂ ਵਿਰੋਧ ਕੀਤਾ। ਉਸਨੇ ਆਪਣੇ ਸਮੇਂ ਦੀਆਂ ਘਟਨਾਵਾਂ ਤੋਂ ਮਨੁੱਖਤਾ ਅਤੇ ਸੰਸਾਰ ਬਾਰੇ ਆਪਣਾ ਕੀ ਤੱਤ ਕੱਢਿਆ? ਜਾਂ, ਜੇਕਰ ਉਹ ਕਲਾਕਾਰ, ਲੇਖਕ ਅਥਵਾ ਕਵੀ ਹੈ ਤਾਂ ਉਸਨੇ ਆਪਣੇ ਸਮੇਂ ਦੇ ਮੁਹਾਂਦਰੇ ਨੂੰ ਕਿਸ ਹੱਦ ਤਕ ਪ੍ਰਤੀਬਿੰਬਤ ਕੀਤਾ (The Autobiography of Goethe)

2.2.6.1ਵਸਤੂ-ਸਮੱਗਰੀ :

ਭਾਵੇਂ ਹਰ ਸ੍ਵੈਜੀਵਨੀ ਵਿਚ ਲੇਖਕ ਆਪਣੀ ਨਿੱਜੀ ਜ਼ਿੰਦਗੀ ਦੇ ਵੇਰਵਿਆਂ ਨੂੰ ਹੀ ਆਪਣੀ ਰਚਨਾ ਦੀ ਵਸਤੂ-ਸਾਮੱਗਰੀ ਬਣਾਉਂਦਾ ਹੈ ਪਰ ਤਾਂ ਵੀ ਕਿਸੇ ਇਕ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਕਿਸੇ ਦੂਜੇ ਖੇਤਰ ਦੇ ਵਿਅਕਤੀ ਦੀ ਸ੍ਵੈਜੀਵਨੀ ਨਾਲੋਂ ਭਿੰਨ ਹੁੰਦੀ ਹੈ। ਉਦਾਹਰਣ ਲਈ ਕਿਸੇ ਰਾਜਸੀ ਨੇਤਾ ਦੀ ਸ੍ਵੈਜੀਵਨੀ ਵਿਚ ਉਸਦੇ ਰਾਜਸੀ ਸੰਘਰਸ਼ ਨਾਲ ਜੁੜੇ ਵੇਰਵੇ ਵਧੇਰੇ ਹੋਣਗੇ, ਇਕ ਖਿਡਾਰੀ ਦੀ ਸ੍ਵੈਜੀਵਨੀ ਵਿਚ ਖੇਡਾਂ ਨਾਲ ਜੁੜੇ

ਪੱਖ ਵਧੇਰੇ ਉੱਭਰ ਕੇ ਸਾਹਮਣੇ ਆਉਣਗੇ, ਕਲਾਕਾਰਾਂ ਦੀਆਂ ਸ੍ਵੈਜੀਵਨੀਆਂ ਵਿਚ ਕਲਾ ਨਾਲ ਸੰਬੰਧਿਤ ਸੂਖਮ ਵੇਰਵਿਆਂ ਦੀ ਪੇਸ਼ਕਾਰੀ ਹੋਵੇਗੀ ਅਤੇ ਸਾਹਿੱਤਕਾਰਾਂ ਦੀਆਂ ਸ੍ਵੈਜੀਵਨੀਆਂ, ਉਨ੍ਹਾਂ ਦੀ ਸਾਹਿੱਤ-ਸਰਿਜਣਾ ਨਾਲ ਜੁੜੇ ਸਰੋਕਾਰਾਂ ਦੀ ਤਫ਼ਤੀਸ ਪੇਸ਼ ਕਰਨਗੀਆਂ। ਇੱਕ ਸਾਹਿੱਤਕਾਰ ਦੀ ਸ੍ਵੈਜੀਵਨੀ ਕਈ ਪੱਖਾਂ ਤੋਂ ਵਿਸ਼ੇਸ਼ ਹੁੰਦੀ ਹੈ। ਕਿਸੇ ਸਾਹਿੱਤਕਾਰ ਦੀ ਸ਼ਖਸੀਅਤ ਦਾ ਪ੍ਰਮੁੱਖ ਲੱਛਣ ਉਸਦੀ ਸੰਵੇਦਨਸ਼ੀਲਤਾ ਹੁੰਦੀ ਹੈ, ਜਿਸ ਕਾਰਨ ਉਹ ਬਾਹਰੀ ਦਬਾਵਾਂ ਅਤੇ ਪਰਿਸਥਿਤੀਆਂ ਦੁਆਰਾ ਆਪਣੇ ਉੱਪਰ ਪਏ ਪ੍ਰਭਾਵਾਂ ਨੂੰ ਵਧੇਰੇ ਸ਼ਿੱਦਤ ਨਾਲ ਅਨੁਭਵ ਕਰ ਸਕਦਾ ਹੈ। ਇਸ ਤੋਂ ਬਿਨਾਂ ਉਹ ਆਪਣੇ ਸਮਾਜ ਦਾ ਇਕ ਚੇਤੰਨ ਸਦੱਸ (ਮੈਂਬਰ) ਹੁੰਦਾ ਹੈ। ਉਸ ਨੂੰ ਇਹ ਪਤਾ ਹੁੰਦਾ ਹੈ ਉਸਦੇ ਸਮਾਜ ਦੀਆਂ ਵਿਸੰਗਤੀਆਂ ਅਤੇ ਅੰਤਰ ਵਿਰੋਧਾਂ ਦੇ ਕਾਰਨ ਕੀ ਹਨ ਅਤੇ ਇਹ ਕਿੱਥੇ ਪਏ ਹਨ। ਇਸ ਕਾਰਨ ਉਹ ਵਿਅਕਤੀ ਦੀ ਸੁਤੰਤਰਤਾ ਅਤੇ ਸਮਾਨਤਾ ਨਾਲ ਜੁੜੇ ਸਰੋਕਾਰਾਂ ਦੇ ਪ੍ਰਸੰਗ ਵਿਚ ਆਪਣੇ ਮਤਿ ਦਾ ਇਜ਼ਹਾਰ ਬੜੇ ਸੁਚੱਜੇ ਅਤੇ ਸੰਤੁਲਿਤ ਢੰਗ ਨਾਲ ਕਰ ਸਕਦਾ ਹੈ। ਇਸ ਤੋਂ ਬਿਨਾਂ ਉਸ ਕੋਲ ਬ੍ਰਿਤਾਂਤ-ਜੁਗਤਾਂ ਅਤੇ ਹੋਰ ਕਲਾਤਮਕ ਵਿਧੀਆਂ ਦਾ ਇਕ ਅਖੁੱਟ ਭੰਡਾਰ ਹੁੰਦਾ ਹੈ, ਜਿਸ ਦੇ ਮਾਧਿਅਮ ਦੁਆਰਾ ਉਹ ਆਪਣੀ ਸੰਵੇਦਨਾ ਦਾ ਇਜ਼ਹਾਰ ਬੜੇ ਸ਼ਕਤੀਸ਼ਾਲੀ ਅੰਦਾਜ਼ ਵਿਚ ਕਰ ਸਕਦਾ ਹੈ। ਲੇਖਕਾਂ ਦੁਆਰਾ ਲਿਖੀਆਂ ਸ੍ਵੈਜੀਵਨੀਆਂ ਉਨ੍ਹਾਂ ਦੀ ਸਾਹਿੱਤ-ਸਿਰਜਣਾ ਨਾਲ ਜੁੜੇ ਮੁੱਦਿਆਂ ਨੂੰ ਸਮਝਣ-ਸਮਝਾਉਣ ਵਿਚ ਬੜੀ ਮੁੱਲਪਰਕ ਭੂਮਿਕਾ ਦਾ ਨਿਰਵਾਹ ਕਰਦੀਆਂ ਹਨ। ਇਨ੍ਹਾਂ ਦੁਆਰਾ ਸਾਹਿੱਤਕਾਰਾਂ ਦੇ ਸਾਹਿਤਿਕ ਅਨੁਭਵ ਦੀ ਸੋਝੀ ਪ੍ਰਾਪਤ ਹੁੰਦੀ ਹੈ ਅਤੇ ਉਸਦੀ ਸੰਵੇਦਨਸ਼ੀਲਤਾ ਦੇ ਸੋਮੇ ਉਜਾਗਰ ਹੁੰਦੇ ਹਨ।

2.2.6.2ਸ੍ਵੈਜੀਵਨੀ ਦਾ ਪ੍ਰਯੋਜਨ

ਪੰਜਾਬੀ ਦੇ ਹਰ ਪ੍ਰਮੁੱਖ ਅਤੇ ਪ੍ਰਸਿੱਧ ਸਾਹਿੱਤਕਾਰ ਨੇ ਆਪਣੀ-ਆਪਣੀ ਸ੍ਵੈਜੀਵਨੀ ਲਿਖੀ ਹੈ। ਇਨ੍ਹਾਂ ਸ੍ਵੈਜੀਵਨੀਆਂ ਦੇ ਭੂਮਿਕਾ ਵਿਚ ਉਨ੍ਹਾਂ ਨੇ ਆਪਣਾ-ਆਪਣਾ ਪ੍ਰਯੋਜਨ ਸਪਸ਼ਟ ਕੀਤਾ ਹੈ। ਪੋ. ਪੂਰਨ ਸਿੰਘ ਅਨੁਸਾਰ ਸ੍ਵੈਜੀਵਨੀ ਬਾਲਪਣ ਅਤੇ ਜਵਾਨੀ ਵਿੱਚ ਲਈ ਸੁਪਨਿਆਂ ਨੂੰ ਮੁੜ ਜਿਉਣ ਦੀ ਇਕ ਕੋਸ਼ਿਸ਼ ਮਾਤਰ ਹੁੰਦੀ ਹੈ। ਆਪਣੀ ਸ੍ਵੈਜੀਵਨੀ ਦੇ ਆਰੰਭ ਵਿਚ ਉਹ ਲਿਖਦਾ ਹੈ:

> ਇਹ ਕਿਤਾਬ ਇਕ ਕੋਸ਼ਿਸ਼ ਹੈ, ਬਾਲਪਣ ਵਿਚ ਜੇ ਜਵਾਨੀ ਵਿਚ ਲਏ ਸੁਪਨਿਆਂ ਵਿਚ ਮੁੜ ਜਿਉਣ ਦੀ ਤੇ ਹੰਢੀ-ਵਰਤੀ ਤੇ ਥੱਕੀ-ਟੁੱਟੀ ਬੁੱਧੀ ਦੀਆਂ ਗਿਣਤੀਆਂ ਤੇ ਵਿਉਂਤਾਂ ਭੁਲਾਣ ਦੀ। ਜ਼ਿੰਦਗੀ ਦੇ ਹਿਰਖ ਹੀ ਅਸਲੀਅਤ ਹਨ ਤੇ ਬਾਗ਼ ਵਿਚ ਇਕ ਕਲੀ ਦਾ ਖਿੜਨਾ ਤੇ ਜਵਾਨੀ ਦਾ ਜੋਬਨ ਵਿਚ ਆਉਣਾ, ਹਮੇਸ਼ਾ ਲਈ ਤੇ ਸਭਨਾਂ ਲਈ, ਮੋਇਆਂ ਤੇ ਜਿਉਂਦਿਆਂ ਦੋਹਾਂ ਲਈ, ਮਨਮੱਲਵੇਂ ਵਿਸ਼ੇ ਹਨ। ਯਾਦਾਂ ਜ਼ਿੰਦਗੀ ਹਨ ਤੇ ਮਨ ਦੀ ਟੋਕਰੀ ਵਿਚ ਫੁੱਲਾਂ ਨੂੰ, ਮਨੁੱਖਾਂ ਨੂੰ ਤੇ ਸਿਤਾਰਿਆਂ ਨੂੰ ਇਕੱਠਾ ਕਰੀ ਜਾਣਾ ਅਤਿ ਸ਼ਾਨਦਾਰ ਰੁਝੇਵਾਂ ਹੈ। (ਜ਼ਿੰਦਗੀ ਦੇ ਰਾਹਾਂ ਤੇ, ਪੰਨਾ 5)

ਪੰਜਾਬੀ ਦਾ ਇਕ ਹੋਰ ਪ੍ਰਸਿੱਧ ਸ੍ਵੈਜੀਵਨੀਕਾਰ ਗਿਆਨੀ ਹੀਰਾ ਸਿੰਘ ਦਰਦ ਆਪਣੀ ਸ੍ਵੈਜੀਵਨੀ ਵਿਚ ਸਾਹਿਤਿਕ ਵੇਰਵਿਆਂ ਨਾਲੋਂ ਸਮਾਜਿਕ ਅਤੇ ਰਾਜਸੀ ਵੇਰਵਿਆਂ ਨੂੰ ਵਧੇਰੇ ਪ੍ਰਾਥਮਿਕਤਾ ਦਿੰਦਾ ਹੈ। ਉਹ ਬਹੁਤ ਵਰ੍ਹੇ ਦੇਸ਼ ਦੀ ਸੁਤੰਤਰਤਾ ਦੇ ਸੰਘਰਸ਼ ਵਿਚ ਜੂਝਦਾ ਰਿਹਾ। ਇਹੀ ਕਾਰਨ ਹੈ ਕਿ ਉਸਨੂੰ ਆਪਣੀ ਸ੍ਵੈਜੀਵਨੀ ਵਿਚ ਰਾਜਸੀ ਵੇਰਵੇ ਵਧੇਰੇ ਭਾਉਂਦੇ ਹਨ। ਉਹ ਲਿਖਦਾ ਹੈ:

> ਮੇਰੇ ਜੀਵਨ ਦਾ ਵਧੇਰੇ ਹਿੱਸਾ ਰਾਜਸੀ ਤੇ ਸਮਾਜਿਕ ਘੋਲਾਂ ਵਿਚ ਹੀ ਲੰਘਿਆ ਹੈ ਅਤੇ ਮੈਂ ਆਪਣੇ ਜੀਵਨ ਦੇ ਉਸ ਹਿੱਸੇ ਨੂੰ ਹੀ ਸਹੀ ਅਰਥਾਂ ਵਿਚ ਸਫ਼ਲ ਸਮਝਦਾ ਹਾਂ, ਜਿਹੜਾ ਦੇਸ਼ ਅਤੇ ਕੌਮ ਦਾ ਨਵਾਂ ਇਤਿਹਾਸ ਬਣਾਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਕੰਮ ਆਇਆ ਹੈ। ਭਾਵੇਂ ਸਾਹਿਤਿਕ ਰੰਗ ਵਿਚ ਲਿਖੀਆਂ ਹਰ ਤਰ੍ਹਾਂ ਦੀਆਂ ਯਾਦਾਂ ਕੀਮਤੀ ਹੁੰਦੀਆਂ ਹਨ ਪਰ ਮੇਰੀ ਨਜ਼ਰ ਵਿਚ ਇਤਿਹਾਸਕ ਤੇ ਸਮਾਜਿਕ ਯਾਦਾਂ ਦਾ ਮੁੱਲ ਵੱਧ ਹੈ ਕਿਉਂਕਿ ਇਨ੍ਹਾਂ ਤੋਂ ਜਨਤਾ ਨੂੰ ਅੱਗੇ ਵਧਣ ਤੇ ਉੱਨਤੀ ਕਰਨ ਲਈ ਬਹੁਮੁੱਲੀ ਸਿਖਿਆ ਮਿਲਦੀ ਹੈ। (ਮੇਰੀਆਂ

ਕੁਝ ਇਤਿਹਾਸਕ ਯਾਦਾਂ, ਪੰਨਾ 6)

2.2.7.1 ਸ੍ਵੈਜੀਵਨੀ ਦੇ ਤੱਤ

ਇਕ ਸੁਚੱਜੇ ਸ੍ਵੈਜੀਵਨੀਕਾਰ ਨੂੰ ਆਪਣੀ ਸ਼ਖਸੀਅਤ, ਸਮਾਜ, ਆਪਣੇ ਸੰਪਰਕ ਵਿਚ ਆਉਣ ਵਾਲੇ ਵਿਅਕਤੀ-ਵਿਸ਼ੇਸ਼ਾਂ, ਸੁਦ੍ਰਿੜ੍ਹਤਾ ਅਤੇ ਸ਼ਿਲਪ ਨਾਲ ਸੰਬੰਧਿਤ ਬਹੁਤ ਸਾਰੇ ਤਕਾਜ਼ਿਆਂ ਦੀ ਪੂਰਤੀ ਕਰਨੀ ਪੈਂਦੀ ਹੈ। ਇਨ੍ਹਾਂ ਵਿਚੋਂ ਕਿਸੇ ਵੀ ਪੱਖ ਜਾਂ ਤੱਤ ਵੱਲ ਧਾਰਨ ਕੀਤੀ ਲਾਪਰਵਾਹੀ ਉਸਦੀ ਰਚਨਾ ਦੇ ਤਵਾਜ਼ਨ ਨੂੰ ਵਿਗਾੜ ਸਕਦੀ ਹੈ। ਸਾਹਿੱਤ-ਸ਼ਾਸਤਰੀਆਂ ਅਨੁਸਾਰ ਇਕ ਪ੍ਰਮਾਣਿਕ ਸ੍ਵੈਜੀਵਨੀ ਵਿਚ ਹੇਠ ਲਿਖੇ ਗੁਣਾਂ ਜਾਂ ਤੱਤਾਂ ਦਾ

2.2.7.2 ਸੱਚ ਦਾ ਸਹਿਜ ਪ੍ਰਕਾਸ਼

ਇਕ ਸੁਚੱਜੀ ਅਤੇ ਪ੍ਰਮਾਣਿਕ ਸ੍ਵੈਜੀਵਨੀ ਸੱਚ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ। ਕਿਸੇ ਵੀ ਸ੍ਵੈਜੀਵਨੀਕਾਰ ਲਈ ਇਹ ਉਚਿਤ ਨਹੀਂ ਕਿ ਉਹ ਆਪਣੇ ਆਪ ਨੂੰ ਮਹਿਮਾਮੰਡਿਤ ਕਰਨ ਲਈ ਝੂਠੀਆਂ ਜਾਂ ਕਲਪਿਤ ਘਟਨਾਵਾਂ ਨੂੰ ਆਪਣੀ ਸ੍ਵੈਜੀਵਨੀ ਵਿਚ ਸ਼ਾਮਲ ਕਰਦਾ ਫਿਰੇ। ਪਰੰਤੂ ਇਹ ਸੱਚ ਅਜਿਹਾ ਹੋਣਾ ਚਾਹੀਦਾ ਹੈ, ਜਿਸ ਵਿਚੋਂ ਕਿਸੇ ਦੂਜੇ ਵਿਅਕਤੀ ਜਾਂ ਵਰਗ ਲਈ ਈਰਖ਼ਾ, ਕੁੜੱਤਣ ਜਾਂ ਘ੍ਰਿਣਾ ਦਿਖਾਈ ਨਾ ਦੇਵੇ। ਇਸ ਪ੍ਰਸੰਗ ਵਿਚ ਪ੍ਰਿੰ. ਤੇਜਾ ਸਿੰਘ ਦਾ ਇਕ ਸ੍ਵੈਕਥਨ ਉਲੇਖਯੋਗ ਹੈ। ਉਹ ਸ੍ਵੈਜੀਵਨੀ ਲਿਖਣ ਤੋਂ ਪਹਿਲਾਂ ਪ੍ਰਭੂ ਅੱਗੇ ਇਹ ਅਰਦਾਸ ਕਰਦਾ ਹੈ:

> ਹੇ ਰੱਬ ! ਮੈਥੋਂ ਆਪਣੇ ਬਾਰੇ ਬਹੁਤ ਗੱਲਾਂ ਨਾ ਅਖਵਾਉਣੀਆਂ, ਸਗੋਂ ਬਹੁਤ ਕੁਝ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਸੰਬੰਧੀ ਲਿਖਵਾਉਣੀਆਂ, ਜਿਨ੍ਹਾਂ ਤੋਂ ਮੈਂ ਪ੍ਰਭਾਵਿਤ ਹੋਇਆ ਹਾਂ। ਸਮਰੱਥਾ ਬਖ਼ਸ਼ੋ ਕਿ ਜੋ ਕੁਝ ਮੈਂ ਲਿਖਾਂ ਸੱਚੋ ਸੱਚ ਹੋਵੇ ਪਰ ਇਹ ਲਿਖਣ ਵਿਚ ਕੋਈ ਕੁੜੱਤਣ, ਲਾਗਤਬਾਜ਼ੀ ਜਾਂ ਦਿਲਦੁਖਾਵੀਂ ਗੱਲ ਨਾ ਹੋਵੇ। (ਮੁੱਖ ਸ਼ਬਦ, ਆਰਸੀ)

2.2.7.3 ਸ਼ਖ਼ਸੀਅਤ ਦਾ ਪ੍ਰਗਟਾਵਾ

ਸ੍ਵੈਜੀਵਨੀ ਦੀ ਮੂਲ-ਵਸਤੂ ਲੇਖਕ ਦਾ ਆਪਣਾ ਜੀਵਨ-ਬ੍ਰਿਤਾਂਤ ਹੁੰਦਾ ਹੈ। ਉਸਨੇ ਆਪਣੇ ਹੀ ਜੀਵਨ ਦਾ ਬਿੰਬ ਪੇਸ਼ ਕਰਨਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੀਵਨੀ ਨਾਲੋਂ ਸ੍ਵੈਜੀਵਨੀ ਦਾ ਨਾਇਕ ਵਧੇਰੇ ਸਜੀਵ ਅਤੇ ਪ੍ਰਾਣਵਾਨ ਹੁੰਦਾ ਹੈ। ਡਾ. ਰਤਨ ਸਿੰਘ ਜੱਗੀ, ਸ੍ਵੈਜੀਵਨੀ ਦੇ ਇਸ ਪੱਖ ਵੱਲ ਸੰਕੇਤ ਕਰਦਾ ਹੋਇਆ ਲਿਖਦਾ ਹੈ ਕਿ ਸਾਹਿੱਤ ਦੇ ਇਸ ਰੂਪ ਵਿਚ ਲੇਖਕ ਆਪਣੇ ਆਪ ਨੂੰ ਪੁਨਰ-ਉਪਲਬਧ ਕਰਦਾ ਹੈ। ਇੱਥੇ ਅਧਿਕਤਰ ਸਿਮ੍ਰਤੀ ਜਾਂ ਯਾਦ-ਸ਼ਕਤੀ ਹੀ ਵਸਤੂ-ਸਾਮੱਗਰੀ ਉਪਲਬਧ ਕਰਵਾਉਂਦੀ ਹੈ। (ਸਾਹਿੱਤ ਦੇ ਰੂਪ, ਪੰਨਾ 145) ਇਉਂ ਸਿਮ੍ਰਤੀ ਦੀ ਸ੍ਵੈਜੀਵਨੀ ਵਿਚ ਵਿਸ਼ੇਸ਼ ਭੂਮਿਕਾ ਹੈ। ਸਿਮ੍ਰਤੀ (memory) ਆਮ ਤੌਰ ਤੇ ਚੇਤਨਾ ਪ੍ਰਵਾਹ ਧਾਰਾ ਦੀ ਤਕਨੀਕ ਦੁਆਰਾ ਕ੍ਰਿਆਸ਼ੀਲ ਹੁੰਦੀ ਹੈ। ਜੀਵਨ ਵਿਚ ਵਾਪਰਣ ਵਾਲੀਆਂ ਘਟਨਾਵਾਂ ਸਮੇਂ ਦੇ ਮਕੈਨੀਕਲ ਕ੍ਰਮ-ਭੂਤ, ਵਰਤਮਾਨ ਅਤੇ ਭਵਿੱਖ ਅਨੁਸਾਰ ਚਲਦੀਆਂ ਹਨ ਪਰੰਤੂ ਸਿਮ੍ਰਤੀ ਦੁਆਰਾ ਪੇਸ਼ ਹੋਣ ਵਾਲੀਆਂ ਘਟਨਾਵਾਂ ਵਿਚ ਇਹ ਕਾਲ-ਕ੍ਰਮ ਭੰਗ ਹੋ ਜਾਂਦਾ ਹੈ। ਘਟਨਾਵਾਂ ਦੀਆਂ ਕਈ ਕੜੀਆਂ ਲੋਪ ਹੋ ਜਾਂਦੀਆਂ ਹਨ, ਕੁਝ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਕੁਝ ਇਕ ਬੇਹੱਦ ਸ਼ਕਤੀਸ਼ਾਲੀ ਬਣ ਕੇ ਸ੍ਵੈਜੀਵਨੀ ਦੇ ਸਮੁੱਚੇ ਕੈਨਵੱਸ ਨੂੰ ਮੱਲ ਲੈਂਦੀਆਂ ਹਨ। ਕੋਈ ਵੀ ਲੇਖਕ ਆਪਣੀ ਸ੍ਵੈਜੀਵਨੀ ਵਿਚ ਬੀਤੀਆਂ ਘਟਨਾਵਾਂ ਨੂੰ ਇੰਨ-ਬਿੰਨ ਪੇਸ਼ ਨਹੀਂ ਕਰਦਾ ਬਲਕਿ ਇਨ੍ਹਾਂ ਨੂੰ ਵਧਾਉਂਦਾ-ਘਟਾਉਂਦਾ ਹੈ। ਇਸ ਤਰ੍ਹਾਂ ਕਿਸੇ ਮਨੁੱਖ ਦੇ ਗ਼ੈਰਜ਼ਰੂਰੀ ਵੇਰਵੇ ਸ੍ਵੈਜੀਵਨੀ ਵਿਚੋਂ ਖ਼ਾਰਿਜ ਹੋ ਜਾਂਦੇ ਹਨ ਅਤੇ ਜ਼ਰੂਰੀ ਵੇਰਵੇ ਸਾਂਭੇ ਜਾਂਦੇ ਹਨ। ਅਜੀਤ ਕੌਰ ਆਪਣੀ ਸ੍ਵੈਜੀਵਨੀ ਵਿਚ ਨਿੱਜੀ ਸ਼ਖਸੀਅਤ ਦਾ ਪ੍ਰਗਟਾਵਾ ਕਰਦੀ ਹੋਈ ਲਿਖਦੀ ਹੈ:

> ਮੈਨੂੰ ਇਹ ਪੱਕਾ ਯਾਦ ਹੈ ਕਿ ਇਕ ਵਾਰੀ ਮਾਮਾ ਜੀ ਨੇ ਮੈਨੂੰ ਮਿੱਟੀ ਦੀ ਬਣੀ ਲਾਲ, ਸਾਵੇ, ਨੀਲੇ ਰੰਗਾਂ ਨਾਲ ਰੰਗੀ ਇਕ ਮੱਛੀ ਲਿਆ ਕੇ ਦਿੱਤੀ ਸੀ। ਉਹ ਮੱਛੀ ਸਾਲਾਂ ਦੇ ਸਾਲ ਮੇਰੇ ਕੋਲ ਰਹੀ। ਕਮਰੇ ਦੀ ਇਕ ਕੰਧ 'ਤੇ ਕਿੱਲ ਨਾਲ ਉਹ ਮੱਛੀ ਟੰਗੀ ਹੋਈ ਸੀ। ਕਈ ਵਾਰ ਲੱਗਦਾ, ਇਹ ਮੱਛੀ ਮੈਂ ਆਪ ਹਾਂ। (ਖ਼ਾਨਾਬਦੋਸ਼)

2.2.7.4 ਇਤਿਹਾਸਕਤਾ :

ਕੋਈ ਵੀ ਸ੍ਵੈਜੀਵਨੀ ਇਕ ਸਾਹਿਤਿਕ ਕ੍ਰਿਤ ਹੋਣ ਦੇ ਨਾਲ-ਨਾਲ ਇਤਿਹਾਸਕ ਦਸਤਾਵੇਜ਼ ਵੀ ਹੁੰਦੀ ਹੈ। ਲੇਖਕ ਨੂੰ ਆਪਣੇ ਜੀਵਨ ਨਾਲ ਸੰਬੰਧਿਤ ਤੱਥਾਂ ਅਤੇ ਘਟਨਾਵਾਂ ਦੇ ਸਮਾਨਾਂਤਰ ਸਮਕਾਲੀ ਇਤਿਹਾਸਕ ਘਟਨਾਵਾਂ ਬਾਰੇ ਵੀ ਸੰਕੇਤ ਕਰਦੇ ਰਹਿਣਾ ਚਾਹੀਦਾ ਹੈ। ਦੋਵੇਂ ਵਿਸ਼ਵ-ਯੁੱਧ, ਸੁਤੰਤਰਤਾ ਸੰਗਰਾਮ, ਮਹਾਤਮਾ ਗਾਂਧੀ। ਬੱਬਰ ਅਕਾਲੀ ਲਹਿਰ, ਭਗਤ ਸਿੰਘ ਦੀ ਸ਼ਹੀਦੀ, ਭਾਰਤ ਦੀ ਆਜ਼ਾਦੀ ਅਤੇ ਪੰਜਾਬ ਦੇ ਵਿਭਾਜਨ ਸਮੇਂ ਹੋਇਆ ਸਾਮੂਹਿਕ ਨਰ-ਸੰਘਾਰ ਕੁਝ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੂੰ ਕੋਈ ਸ੍ਵੈਜੀਵਨੀਕਾਰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਡਾ. ਰਤਨ ਸਿੰਘ ਜੱਗੀ ਅਨੁਸਾਰ, ਇਤਿਹਾਸਕ ਸੱਚ ਸ੍ਵੈਜੀਵਨੀ ਦੀ ਆਤਮਾ ਹੈ। ਜਿਸ ਸ੍ਵੈਜੀਵਨੀ ਵਿਚ ਇਤਿਹਾਸਕ ਸੱਚ ਘਟ ਜਾਵੇਗਾ, ਉਹ ਬੇਇਤਬਾਰੀ ਹੋ ਜਾਵੇਗੀ। (ਸਾਹਿੱਤ ਦੇ ਰੂਪ, ਪੰਨਾ 146) ਸੱਚੇ ਬ੍ਰਿਤਾਂਤ ਤੋਂ ਬਿਨਾਂ ਕੋਈ ਵੀ ਸ੍ਵੈਜੀਵਨੀ ਆਤਮਾ ਤੋਂ ਰਹਿਤ ਸਰੀਰ ਵਰਗੀ ਹੈ। ਸਚਾਈ ਹੀ ਕਿਸੇ ਸ੍ਵੈਜੀਵਨੀ ਦੀ ਮਹਿਮਾ ਅਤੇ ਪ੍ਰਤਿਸ਼ਠਾ ਦਾ ਮੂਲ-ਆਧਾਰ ਹੈ। ਸੋ ਸ੍ਵੈਜੀਵਨੀਕਾਰ ਦਾ ਇਹ ਨੈਤਿਕ ਫ਼ਰਜ਼ ਹੈ ਕਿ ਉਹ ਕਿਸੇ ਥਾਂ ਵੀ ਤੱਥਾਂ ਨੂੰ ਵਿਰੂਪਿਤ (distort) ਨਾ ਕਰੇ, ਨਹੀਂ ਤਾਂ ਉਸਦੀ ਰਚਨਾ ਸ੍ਵੈਜੀਵਨੀ ਦੀ ਬਜਾਇ ਗਲਪ ਵੱਲ ਝੁਕ ਜਾਵੇਗੀ।

2.2.7.5 ਸਮਾਜਿਕ-ਸਭਿਆਚਾਰਕ ਵੇਰਵੇ

ਹਰ ਸ੍ਵੈਜੀਵਨੀ ਵਿਚ ਨਿੱਜੀ ਵੇਰਵਿਆਂ ਦੇ ਨਾਲ-ਨਾਲ ਸਮਾਜਿਕ ਸਭਿਆਚਾਰਕ ਵੇਰਵਿਆਂ ਦਾ ਆਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਦੇ ਨਿਰਮਾਣ ਵਿਚ ਸਭਿਆਚਾਰਕ ਅਤੇ ਸਮਾਜਿਕ ਪਰਿਵੇਸ਼ ਬਹੁਤ ਮੁੱਲਪਰਕ ਭੂਮਿਕਾ ਨਿਭਾਉਂਦਾ ਹੈ। ਇਸ ਲਈ ਹਰ ਸ੍ਵੈਜੀਵਨੀ ਵਿਚ ਇਸ ਪਰਿਵੇਸ਼ ਦੀ ਝਲਕ ਜ਼ਰੂਰ ਦਿਖਾਈ ਦੇਣੀ ਚਾਹੀਦੀ ਹੈ। ਕਰਤਾਰ ਸਿੰਘ ਦੁੱਗਲ ਨੇ ਆਪਣੀ ਸ੍ਵੈਜੀਵਨੀ ਵਿਚ ਅਜਿਹੇ ਵੇਰਵਿਆਂ ਵੱਲ ਵਿਸ਼ੇਸ਼ ਤਵਜਹੁ ਦਿੱਤੀ ਹੈ। ਇਹੀ ਕਾਰਨ ਹੈ ਕਿ ਉਸਦੀ ਸ੍ਵੈਜੀਵਨੀ ਆਪਣੇ ਯੁਗ ਦਾ ਇਕ ਇਤਿਹਾਸ ਵੀ ਬਣ ਗਈ ਹੈ। ਉਦਾਹਰਣ ਲਈ ਉਸਦੀ ਸ੍ਵੈਜੀਵਨੀ ਦੇ ਕੁਝ ਅੰਸ਼ ਦੇਖੋ:

> ਇਹ ਸ੍ਵੈਜੀਵਨੀ ਮੇਰੀ ਕਹਾਣੀ ਹੈ, ਨਾਲੇ ਮੇਰੇ ਜ਼ਮਾਨੇ ਦੀ ਕਹਾਣੀ ਹੈ, ਉਸ ਹੱਦ ਤੀਕ, ਜਿਥੋਂ ਤੀਕ ਸਮੇਂ ਦੇ ਹਾਲਾਤ ਮੇਰੇ ਜੀਵਨ ਵਿਚ ਦਖ਼ਲ ਕਰਦੇ ਹਨ। ਅੰਗਰੇਜ਼ ਦੀ ਗ਼ੁਲਾਮੀ, ਜਿਥੇ ਤੀਕ ਉਸ ਮੈਨੂੰ ਪਰੇਸ਼ਨ ਕੀਤਾ। ਆਜ਼ਾਦੀ ਲਈ ਜੱਦੋ-ਜਹਿਦ, ਜਿਥੋਂ ਤੀਕ ਸਾਡੇ ਟੱਬਰ ਨੇ ਉਸ ਵਿਚ ਹਿੱਸਾ ਪਾਇਆ। ਦੇਸ਼ ਦੀ ਵੰਡ, ਜਿਥੋਂ ਤੀਕ ਅਸੀਂ ਲੁੱਟੇ-ਪੁੱਟੇ ਗਏ, ਆਜ਼ਾਦੀ ਦਾ ਹਿਲੋਰਾ, ਜਿਥੋਂ ਤੀਕ ਮੈਂ ਉਸ ਨੂੰ ਮਾਣਿਆ। ਸਰਮਾਏਦਾਰੀ ਦੀ ਬਦਜ਼ੌਕੀ, ਸਮਾਜ ਦੀ ਕਾਣੀ-ਵੰਡ, ਫੀਤਾਸ਼ਾਹੀ, ਸਿਆਸੀ ਪੈਂਤੜਾਬਾਜ਼ੀ, ਸਰਕਾਰੀ ਢਾਂਚੇ ਦੀ ਨਿਰਮਮਤਾ, ਜਿਥੋਂ ਤੀਕ ਇਨ੍ਹਾਂ ਮੇਰੀ ਸ਼ਖਸੀਅਤ ਨੂੰ ਘੜਿਆ, ਭੰਨਿਆ, ਸੰਵਾਰਿਆ। ਮੈਨੂੰ ਉਹ ਕੁਝ ਬਣਨ ਵਿਚ ਹਿੱਸਾ ਪਾਇਆ, ਜੋ ਕੁਝ ਮੈਂ ਹਾਂ। (ਕਿਸ ਪਹਿ ਖੋਲਉ ਗੰਠੜੀ)

2.2.7.6 ਸਥਾਨਕ-ਰੰਗਣ ਅਤੇ ਦ੍ਰਿਸ਼-ਵਰਣਨ

ਕਿਸੇ ਵੀ ਸ੍ਵੈਜੀਵਨੀ ਵਿਚ ਸਥਾਨਕ-ਰੰਗਣ ਅਤੇ ਦ੍ਰਿਸ਼-ਵਰਣਨ ਦੀ ਸਿਰਜਣਾ ਬੜੇ ਧਿਆਨ ਨਾਲ ਕਰਨੀ ਪੈਂਦੀ ਹੈ ਕਿਉਂਕਿ ਇਹ ਕਿਸੇ ਸ੍ਵੈਜੀਵਨੀਕਾਰ ਦੀ ਸ਼ਖਸੀਅਤ ਦੇ ਵਿਕਾਸ ਵਿਚ ਬਹੁਪੱਖੀ ਯੋਗਦਾਨ ਪਾਉਂਦੇ ਹਨ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਕਈ ਵਾਰ ਸ੍ਵੈਜੀਵਨੀਕਾਰ ਆਪਣੇ ਜੀਵਨ ਨਾਲ ਸੰਬੰਧਿਤ ਮਾਮੂਲੀ ਤੋਂ ਮਾਮੂਲੀ ਵੇਰਵੇ ਦੇਣੋਂ ਸੰਕੋਚ ਨਹੀਂ ਕਰਦੇ, ਜਿਸ ਨਾਲ ਬੇਲੋੜਾ ਵਿਸਤਾਰ ਪੈਦਾ ਹੋ ਜਾਂਦਾ ਹੈ ਅਤੇ ਸ੍ਵੈਜੀਵਨੀ ਨੀਰਸ ਹੋਣ ਲੱਗਦੀ ਹੈ। ਇਸ ਲਈ ਉਚਿਤ ਹੈ ਕਿ ਸ੍ਵੈਜੀਵਨੀ ਵਾਤਾਵਰਣ ਅਤੇ ਆਲੇ-ਦੁਆਲੇ ਦੇ ਪ੍ਰਭਾਵ ਨੂੰ ਆਪਣੀਆਂ ਅੰਦਰਲੀਆਂ ਬਿਰਤੀਆਂ ਨਾਲ ਇਕਸੁਰ ਕਰਕੇ ਬੜੇ ਸੰਜਮ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਰੂਪਿਤ ਕਰੇ। ਅਜੀਤ ਕੌਰ ਨੇ ਆਪਣੀ ਸ੍ਵੈਜੀਵਨੀ ਵਿਚ ਸਥਾਨਕ ਰੰਗਣ ਅਤੇ ਦ੍ਰਿਸ਼-ਵਰਣਨ ਵਿਧੀ ਦੀ ਪੇਸ਼ਕਾਰੀ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਕੀਤੀ ਹੈ। ਦੇਖੋ:

> ਮੇਰਾ ਕਮਰਾ ਪੌੜੀਆਂ ਚੜ੍ਹਦਿਆਂ ਹੀ, ਨਿੱਕੇ ਜਿਹੇ ਭੀੜੇ ਗਲਿਆਰੇ ਦੇ ਕਿਨਾਰੇ 'ਤੇ ਸੀ। ਇਕ ਉਹਦਾ ਦਰਵਾਜ਼ਾ ਪੌੜੀਆਂ ਦੀ ਡਿਉਢੀ ਵਿਚ ਖੁਲ੍ਹਦਾ ਸੀ, ਦੂਜਾ ਬਾਹਰਲੇ ਪਾਸੇ ਨਿੱਕੇ ਜਿਹੇ ਛੱਜੇ ਵੱਲ, ਜਿਹੜਾ ਸੜਕ ਤੇ ਬਿਲਕੁਲ ਉੱਤੇ ਸੀ। ਇਹ ਭਾਵੇਂ ਤੀਜੀ ਛੱਤ ਸੀ ਤਾਂ ਵੀ ਸੜਕ ਤੋਂ ਉਹਲਾ ਕਰਨ ਲਈ ਛੱਜੇ ਵਾਲੇ ਪਾਸੇ ਇਕ ਚਿਕ ਲੱਗੀ ਹੋਈ ਸੀ। ਤੇ ਚਿਕ ਉਤਾਂਹ ਚੁੱਕ ਕੇ ਬਾਹਰ ਛੱਜੇ ਤੇ ਖੜੋ ਕੇ ਹੇਠਾਂ ਵਗਦੀ ਸੜਕ ਦੇ ਦਰਿਆ ਵਿਚ ਰੁੜ੍ਹਦੇ ਜਾਂਦੇ ਲੋਕਾਂ ਨੂੰ, ਤੇ ਟਾਂਗਿਆਂ ਨੂੰ, ਤੇ ਮੋਟਰਾਂ ਨੂੰ, ਤੇ ਸਾਈਕਲਾਂ ਨੂੰ, ਤੇ ਬੱਘੀਆਂ ਫਿਟਨਾਂ ਨੂੰ, ਗੱਡਿਆਂ ਨੂੰ, ਤੱਕਣ ਦਾ ਹੁਕਮ ਨਹੀਂ ਸੀ। (ਖ਼ਾਨਾਬਦੋਸ਼)

2.2.7.7 ਭਾਸ਼ਾ ਸ਼ੈਲੀ

ਹੋਰ ਸਾਹਿੱਤ-ਰੂਪਾਂ ਵਾਂਗ, ਸ੍ਵੈਜੀਵਨੀ ਵਿਚ ਵੀ ਭਾਸ਼ਾ-ਸ਼ੈਲੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਾਹਿੱਤ ਵਿਚ ਸ਼ੈਲੀ ਅਤੇ ਸ਼ਬਦਾਵਲੀ, ਦੋ ਅਜਿਹੀਆਂ ਵਸਤਾਂ ਹਨ, ਜਿਨ੍ਹਾਂ ਦੀ ਉਚਿਤ ਹੋਂਦ ਜਾਂ ਅਣਹੋਂਦ ਕਿਸੇ ਲੇਖਕ ਦੀ ਰਚਨਾ ਦੇ ਮਹੱਤਵ ਨੂੰ ਵਧਾ-ਘਟਾ ਦਿੰਦੀ ਹੈ। ਸ੍ਵੈਜੀਵਨੀ ਵਿਚ ਭਾਸ਼ਾ-ਸ਼ੈਲੀ ਦੇ ਢੁੱਕਵੇਂ ਰੂਪ ਦੀ ਪ੍ਰਾਪਤੀ ਲਈ ਲੇਖਕ ਨੂੰ ਆਪਣੇ ਅੰਦਰਲੇ ਨਾਲ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਉਸ ਨੂੰ ਉਚਿਤ ਸ਼ਬਦਾਂ ਦੀ ਤਲਾਸ਼ ਕਰਨੀ ਪੈਂਦੀ ਹੈ, ਜਿਨ੍ਹਾਂ ਦੁਆਰਾ ਉਹ ਆਪਣੀ ਗੱਲ ਸਹੀ ਅਤੇ ਸੁਲਝੇ ਢੰਗ ਨਾਲ ਪੇਸ਼ ਕਰ ਸਕੇ। ਇਹ ਭਾਸ਼ਾ ਜਨ-ਸਾਧਾਰਣ ਦੇ ਪੱਧਰ ਦੀ ਹੁੰਦੀ ਹੋਈ ਵੀ ਭਾਵਾਂ ਨੂੰ ਸੂਖ਼ਮ ਢੰਗ ਨਾ ਪੇਸ਼ ਕਰਨ ਦੇ ਸਮਰੱਥ ਹੁੰਦੀ ਹੈ। ਇਸ ਵਿਚ ਮੂਲ ਸਥਿਤੀ ਜਾਂ ਅਵਸਥਾ ਦਾ ਸਹੀ ਬਿੰਬ ਅਤੇ ਚਿਤਰ ਪੇਸ਼ ਕਰਨ ਦੀ ਯੋਗਤਾ ਤੋਂ ਬਿਨਾਂ ਨਿਸ਼ਕਪਟ ਢੰਗ ਨਾਲ ਸੱਚੀ ਗੱਲ ਕਰਨ ਜਾਂ ਵਿਚਾਰ ਪੇਸ਼ ਕਰਨ ਦੀ ਸਮਰੱਥਾ ਹੁੰਦੀ ਹੈ। ਇਹੋ ਜਿਹੀ ਕਲਾਮਈ ਸ਼ੈਲੀ ਅਤੇ ਸ਼ਬਦਾਵਲੀ ਦੇ ਪ੍ਰਮਾਣ ਵਜੋਂ ਕਰਤਾਰ ਸਿੰਘ ਦੁੱਗਲ ਦੀ ਸ੍ਵੈਜੀਵਨੀ ਦੇ ਕੁਝ ਅੰਸ਼ ਦੇਖੋ:

> ਮੈਂ ਜੁਆਨ ਹੋ ਗਿਆ ਸਾਂ। ਜੁਆਨ-ਜਹਾਨ। ਭਰਪੂਰ ਜਵਾਨੀ ਮੇਰੇ 'ਤੇ ਲੱਥ ਆਈ ਸੀ। ਮੇਰੇ ਅੰਗ-ਅੰਗ ਵਿਚੋਂ ਜਿਵੇਂ ਲੋਅ ਉਮ੍ਹਲ ਰਹੀ ਹੋਵੇ। ਇਕ ਖ਼ੁਸ਼ਬ ਜਿਹੀ ਮੈਨੂੰ ਆਪਣੇ ਆਪ ਵਿਚੋਂ ਆਉਂਦੀ ਹੈ,ਅੱਠੇ ਪਹਿਰ ਕੋਈ ਖ਼ੁਮਾਰ ਜਿਹਾ ਜਿਵੇਂ ਚੜ੍ਹਿਆ ਹੋਵੇ। ਮੇਰੇ ਹੋਠਾਂ 'ਤੇ ਗੀਤ ਮਚਲਦੇ ਰਹਿੰਦੇ। ਮੈਨੂੰ ਲੱਗਦਾ, ਮੈਂ ਜ਼ਬਾਨ ਖੋਲ੍ਹੀ ਤੇ ਨਗ਼ਮੇ ਫੁੱਟ ਨਿਕਲਣਗੇ। ਤੁਰ ਰਿਹਾ ਮੇਰਾ ਮਨ ਕਾਹਲਾ ਪੈਣ ਲੱਗਦਾ, ਮੇਰਾ ਜੀਅ ਉੱਡ-ਪੁੱਡ ਜਾਣ ਨੂੰ ਕਰਦਾ। ਕਿਸ ਪਹਿ ਖੋਲਉ ਗੰਠੜੀ)

2.2.7.8 ਸ਼ਿਲਪ :

ਸ਼ਿਲਪ ਦੀ ਦ੍ਰਿਸ਼ਟੀ ਤੋਂ ਸ੍ਵੈਜੀਵਨੀ ਦੀਆਂ ਦੋ ਸ਼੍ਰੇਣੀਆਂ ਮੰਨੀਆਂ ਗਈਆਂ ਹਨ। (ਹਿੰਦੀ ਸਾਹਿਤਯ ਕੋਸ਼) ਪਹਿਲਾ ਵਰਗ ਅਲੰਕ੍ਰਿਤ ਸ੍ਵੈਜੀਵਨੀਆਂ ਦਾ ਹੈ, ਜੋ ਸਾਹਿੱਤਕਾਰਾਂ ਦੁਆਰਾ ਲਿਖੀਆਂ ਜਾਂਦੀਆਂ ਹਨ ਅਤੇ ਦੂਸਰਾ ਵਰਗ ਹੋਰ ਲੋਕਾਂ ਵਲੋਂ ਲਿਖੀਆਂ ਗਈਆਂ ਅਨਾਲੰਕ੍ਰਿਤ ਸ੍ਵੈਜੀਵਨੀਆਂ ਦਾ ਮੰਨਿਆਂ ਗਿਆ ਹੈ। ਸਾਹਿੱਤਕਾਰਾਂ ਨੂੰ ਲਿਖਣ ਦਾ ਅਭਿਆਸ ਹੁੰਦਾ ਹੈ। ਉਨ੍ਹਾਂ ਦੇ ਵਰਣਨ ਵਿਚ ਸ਼ੈਲੀ ਦੀ ਦ੍ਰਿਸ਼ਟੀ ਤੋਂ ਇਕ ਵਿਸ਼ੇਸ਼ ਸੁਹਜ ਹੁੰਦਾ ਹੈ। ਸਮੁੱਚਾ ਵਿਵਰਣ ਬੜਾ ਰੋਚਕ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਅਨਾਲੰਕ੍ਰਿਤ ਸ੍ਵੈਜੀਵਨੀਆਂ ਵਿਚ ਵਿਵਰਣ ਤਾਂ ਹੁੰਦਾ ਹੈ ਪਰ ਸਾਹਿਤਿਕ ਸੁਹਜ ਦੇ ਦਰਸ਼ਨ ਨਹੀਂ ਹੁੰਦੇ। ਉਨ੍ਹਾਂ ਦੇ ਕਥਨ ਵਿਚ ਸ਼ਕਤੀ ਨਹੀਂ ਹੁੰਦੀ। ਸਾਰੀ ਸਾਮੱਗਰੀ ਸਾਧਾਰਣ ਜਿਹੇ ਢੰਗ ਨਾਲ ਪੇਸ਼ ਕੀਤੀ ਹੁੰਦੀ ਹੈ। ਕੇਵਲ ਉੱਥੇ, ਜਿੱਥੇ ਲੇਖਕ ਨੇ ਕੋਈ ਨਵੀਂ ਜਾਂ ਰੋਚਕ ਜਾਣਕਾਰੀ ਦਿੱਤੀ ਹੈ, ਸੁਹਜ-ਸਿਰਜਣਾ ਜ਼ਰੂਰ ਹੋ ਜਾਂਦੀ ਹੈ। ਇਹ ਵਰਗ-ਵੰਡ ਸ਼ਿਲਪ ਜਾਂ ਲਿਖਣ-ਕਲਾ ਉੱਤੇ ਆਧਾਰਿਤ ਹੈ ਅਤੇ ਇਹ ਜੀਵਨੀ-ਸਾਹਿੱਤ ਉਤੇ ਵੀ ਲਾਗੂ ਕੀਤੀ ਜਾ ਸਕਦੀ ਹੈ।

2.2.8 ਨਿਸ਼ਕਰਸ਼ :

ਜੀਵਨੀ ਅਤੇ ਸ੍ਵੈਜੀਵਨੀ, ਆਧੁਨਿਕ ਸਾਹਿੱਤ ਦੇ ਅਤਿਅੰਤ ਲੋਕਪ੍ਰਿਯ ਰੂਪਾਕਾਰ ਹਨ। ਇਹ ਸਾਹਿੱਤ ਅਤੇ

ਸਮਾਜ ਦੇ ਅੰਤਰ ਸੰਬੰਧਾਂ ਨੂੰ ਪੱਕਾ ਅਤੇ ਪੁਸ਼ਟ ਕਰਨ ਵਾਲੇ ਰੂਪ ਹਨ। ਜਿਥੇ ਇਨ੍ਹਾਂ ਨੂੰ ਪੜ੍ਹ ਕੇ ਸੁਹਜ-ਸੁਆਦ ਦੀ ਪ੍ਰਾਪਤੀ ਹੁੰਦੀ ਹੈ, ਉਥੇ ਇਹ ਪਾਠਕ ਦੀ ਗਿਆਨ-ਭੁੱਖ ਨੂੰ ਤ੍ਰਿਪਤ ਕਰਨ ਦਾ ਵੀ ਇਕ ਪ੍ਰਮਾਣਿਕ ਵਸੀਲਾ ਬਣਦੇ ਹਨ। ਇਨ੍ਹਾਂ ਦੁਆਰਾ ਲਿਖਤੀ ਇਤਿਹਾਸ ਵਿਚ ਰਹਿ ਗਏ ਬਹੁਤ ਸਾਰੇ ਖੱਪੇ ਵੀ ਪੂਰੇ ਜਾਂਦੇ ਹਨ ਕਿਉਂਕਿ ਹਰ ਵਿਅਕਤੀ ਇਤਿਹਾਸਕ ਰੌਅ ਦੀ ਗਤੀਸ਼ੀਲਤਾ ਵਿਚ ਕੁਝ-ਨਾ-ਕੁਝ ਯੋਗਦਾਨ ਜ਼ਰੂਰ ਪਾਉਂਦਾ ਹੈ। ਆਧੁਨਿਕ ਯੁਗ ਵਿਚ ਸਾਹਿੱਤ ਦੇ ਇਨ੍ਹਾਂ ਰੂਪਾਂ ਦਾ ਮਹੱਤਵ ਨਿਰਵਿਵਾਦ ਹੈ।

ਉਪਰੋਕਤ ਪਾਠ-ਸਮੱਗਰੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:

1. ਪੰਜਾਬੀ ਵਿਚ ਜੀਵਨੀ ਅਤੇ ਸ੍ਵੈਜੀਵਨੀ ਸਾਹਿੱਤ ਦੀ ਪਰੰਪਰਾ ਉਤੇ ਵਿਸ਼ਲੇਸ਼ਣਾਤਮਕ ਨੋਟ ਲਿਖੋ।
2. ਜੀਵਨੀ ਦੇ ਸਰੂਪ ਅਤੇ ਤੱਤਾਂ ਬਾਰੇ ਵਿਚਾਰ ਕਰੋ।
3. ਸ੍ਵੈਜੀਵਨੀ ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤਾਂ ਬਾਰੇ ਲਿਖੋ। (ਅਪਰੈਲ 2012,2013,2014)
4. ਜੀਵਨੀ ਅਤੇ ਸਵੈਜੀਵਨੀ ਦੀ ਪਰਿਭਾਸ਼ਾ ਕਰਦੇ ਹੋਏ ਦੋਵਾਂ ਦੇ ਅੰਤਰ ਨੂੰ ਸਪਸ਼ਟ ਕਰੋ। (ਅਪਰੈਲ 2000)
5. ਜੀਵਨੀ ਦੀ ਪਰਿਭਾਸ਼ਾ ਦੱਸਦੇ ਹੋਏ ਉਸ ਦੀ ਪ੍ਰਕਿਰਤੀ ਅਤੇ ਤੱਤਾਂ ਬਾਰੇ ਜਾਣਕਾਰੀ ਦਿਓ। (ਅਪਰੈਲ 2003)

ਸਹਾਇਕ ਪੁਸਤਕਾਵਲੀ

- ਜੀਤ ਸਿੰਘ ਸੀਤਲ, ਪੰਜਾਬੀ ਵਾਰਤਕ ਤੇ ਵਾਰਤਕ ਸ਼ੈਲੀ, ਪੰ.ਸ.ਯੂ. ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1980
- ਧਰਮ ਚੰਦ ਵਾਤਿਸ਼, ਸ੍ਵੈਜੀਵਨੀ ਸ਼ਾਸਤਰ, ਪੁਨੀਤ ਪਬਲਿਸ਼ਰਜ਼, ਮਲੇਰਕੋਟਲਾ, 1999
- ਧਰਮ ਪਾਲ ਸਿੰਗਲ, ਪੰਜਾਬੀ ਸ੍ਵੈਜੀਵਨੀ : ਸਰੂਪ, ਸਿੱਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987
- ਰਾਜਬੀਰ ਕੌਰ : ਪੁਰਾਤਨ ਤੇ ਨਵੀਨ ਪੰਜਾਬੀ ਵਾਰਤਕ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2009

ਪਾਠ ਨੰਬਰ : 2.3 ਡਾ. ਬਲਜੀਤ ਕੌਰ ਬਲੀ

'ਮੇਰਾ ਪਾਕਿਸਤਾਨੀ ਸਫਰਨਾਮਾ' ਦੀ ਸਮੱਸਿਆ

ਬਲਰਾਜ ਸਾਹਨੀ ਦੁਆਰਾ ਰਚਿਤ 'ਮੇਰਾ ਪਾਕਿਸਤਾਨੀ ਸਫਰਨਾਮਾ' ਇਕ ਮਹੱਤਵਪੂਰਨ ਰਚਨਾ ਹੈ। ਇਹ ਇਕ ਅਜਿਹੀ ਗੱਦ ਰਚਨਾ ਹੈ ਜਿਸ ਦਾ ਇਤਿਹਾਸ ਵਿਚ ਵੀ ਉਨ੍ਹਾਂ ਹੀ ਮਹੱਤਵ ਹੈ ਜਿੰਨਾ ਇਕ ਸਫਰਨਾਮਾ ਸਾਹਿਤ ਵਿਚ ਇਹ ਰਚਨਾ ਪਾਕਿਸਤਾਨ ਦੇਸ਼ ਨਾਲ ਸਬੰਧਿਤ ਹੈ ਲੇਖਕ ਭਾਰਤ ਪਾਕਿਸਤਾਨ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਦਾ ਜੰਮਪਲ ਹੋਣ ਕਰਕੇ ਉਸਨੂੰ ਆਪਣੀ ਜਨਮ ਭੂਮੀ ਨੂੰ ਦੇਖਣ ਦੀ ਖਿੱਚ ਹੁੰਦੀ ਹੈ। ਆਪਣੀ ਜਨਮ ਭੂਮੀ ਦੇ ਦੇਸ਼ ਦੀ ਸੁੰਦਰਤਾ ਦੇ ਬਾਲ ਮਨ ਤੇ ਪ੍ਰਭਾਵ ਉਸਨੂੰ ਖਿਚਦੇ ਰਹਿੰਦੇ ਹਨ ਇਸ ਕਰਕੇ ਉਹ ਪਾਕਿਸਤਾਨ ਦੀ ਯਾਤਰਾ ਕਰਨ ਦਾ ਫੈਸਲਾ ਲੈਂਦਾ ਹੈ। ਇਸ ਸਬੰਧ ਵਿਚ ਉਹ ਨੌਂ ਅਕਤੂਬਰ ਉਨੀ ਸੌ ਬਾਹਠ ਨੂੰ ਇਸ ਯਾਤਰਾ ਨੂੰ ਅਮਲੀ ਰੂਪ ਦਿੰਦਾ ਹੈ।

ਲੇਖਕ ਲਈ ਸੈਰ ਦਾ ਸੁਪਨਾ ਇਕ ਗੱਲ ਹੈ ਪਰੰਤੂ ਪਾਕਿਸਤਾਨ ਦੀ ਸੈਰ ਦਾ ਸੁਪਨਾ ਦੂਜੀ ਵੱਡੀ ਗੱਲ ਹੈ ਕਿਉਂਕਿ ਇਸ ਸਬੰਧ ਵਿਚ ਲੇਖਕ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਸਮੱਸਿਆਵਾਂ ਰਾਜਨੀਤਿਕ ਆਰਥਿਕ ਪਹਿਲੂਆ ਤੋਂ ਵਿਚਾਰਨ ਯੋਗ ਹਨ। ਲੇਖਕ ਨੇ ਆਪਣੇ ਸਫਰ ਦੁਰਾਨ ਇਨ੍ਹਾਂ ਸਮੱਸਿਆਵਾਂ ਨੂੰ ਇਕ ਲੇਖਕ ਵਾਲੀ ਪੂਰੀ ਇਮਾਨਦਾਰੀ ਨਾਲ ਪੇਸ਼ ਕੀਤਾ ਹੈ।

ਯਾਤਰਾ ਤੇ ਚੱਲਣ ਸਮੇਂ ਲੇਖਕ ਜਜ਼ਬਾਤੀ ਤੇ ਸੈਰ ਲਈ ਉਤਾਵਲਾ ਹੈ ਕਿਉਂਕਿ ਉਸਦੇ ਮਨ ਵਿਚ ਆਪਣੇ ਦੇਸ਼ ਨੂੰ ਆਪਣੇ ਪਿੰਡ ਨੂੰ ਤੇ ਉਨ੍ਹਾਂ ਥਾਵਾਂ ਨੂੰ ਦੇਖਣ ਦੀ ਉਤਸਕਤਾ ਹੁੰਦੀ ਹੈ। ਪਰੰਤੂ, ਬਲਰਾਜ ਸਾਹਨੀ ਦੀ ਮਾਂ ਇਸ
ਸੈਰ ਦੇ ਯਥਾਰਥਕ ਪਹਿਲੂ ਨੂੰ ਸਮਝਦੀ ਹੈ ਜਿਸ ਕਰਕੇ ਉਸਦੇ ਮਨ ਵਿਚ ਭੈਅ ਹੈ ਇਸ ਲਈ ਉਹ ਆਪਣੇ ਪੁੱਤਰ ਨੂੰ ਆਖਦੀ ਹੈ:-

> ''ਹੁਣ ਕਿਹੜੇ ਪਾਸੇ ਦੀ ਦੋਸਤੀ ਤੇ ਕਿਹੜਾ ਘਰ ਵਾਰ ਸਾਡਾ ਹੁਣ ਕੇ ਲੱਗਾ ਰਹਿ ਗਿਆ ਉਨ੍ਹਾਂ ਥਾਵਾਂ ਨਾਲ'' (ਪੰਨਾ:9)

ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਵਿਚ ਆਪਣੀ ਜੁਆਨੀ ਮਾਣਕੇ ਆਈ ਇਕ ਬਜ਼ੁਰਗ ਇਸਤਰੀ ਦੇ ਉਕਤ ਵਾਕ ਯਾਤਰਾ ਦੇ ਅਸਲ ਪੱਖ ਨੂੰ ਪ੍ਰਸਤੁਤ ਕਰਦੇ ਹਨ। ਜਦੋਂ ਕਿ ਬਲਰਾਜ ਸਾਹਨੀ ਨਿਰੋਲ ਜਜ਼ਬਾਤੀ ਆਧਾਰ ਨੂੰ ਲੈ ਕੇ ਆਪਣੇ ਵਤਨ ਨੂੰ ਮੁੜ ਵੇਖਣ ਦਾ ਸੁਪਨਾ ਵੇਖਦਾ ਹੈ। ਉਨੀ ਸੌ ਸੰਤਾਲੀ ਦੀ ਵੰਡ ਨਾਲ ਰਾਵਲਪਿੰਡੀ ਸ਼ਹਿਰ ਇਕ ਹੋਰ ਦੇਸ਼ ਪਾਕਿਸਤਾਨ ਦਾ ਹਿੱਸਾ ਬਣ ਚੁੱਕਾ ਹੈ। ਇਸ ਲਈ ਉਥੋਂ ਦੀ ਹਰ ਚੀਜ਼ ਬੇਗਾਨੀ ਜਾਂ ਪਰਾਈ ਹੋ ਚੁੱਕੀ ਹੈ ਜਿਸ ਕਰਕੇ ਬਲਰਾਜ ਸਾਹਨੀ ਦੀ ਮਾਂ ਪੁੱਤਰ ਦੀ ਇਸ ਯਾਤਰਾ ਨੂੰ ਸਲਾਹੁੰਦੀ ਨਹੀਂ ਬਲਕਿ ਉਸਦੇ ਮਨ ਵਿਚ ਅਨੇਕਾਂ ਖੌਫ ਨੇ। ਇਸਦਾ ਪ੍ਰਮੁੱਖ ਕਾਰਨ ਇਹ ਹੈ ਕਿ ਭਾਰਤ ਪਾਕਿਸਤਾਨ ਸਬੰਧ ਹਰ ਮਿਤਰਤਾ ਪ੍ਰੇਮੀ ਲਈ ਇਕ ਚੁਣੌਤੀ ਰਹੇ ਹਨ ਜਿਸ ਦਾ ਕਾਰਨ ਇਹ ਹੈ ਕਿ ਪੰਜਾਬੀ ਲੋਕ ਵਾਹਗਾ ਪਾਰ ਦੇ ਪੰਜਾਬੀਆਂ ਨਾਲ ਭਾਵਾਤਮਕ ਸਾਂਝ ਰੱਖਦੇ ਹਨ ਪਰ ਰਾਜਨੀਤਕ ਆਰਥਕ ਪਹਿਲੂ ਇਸ ਗੱਲ ਦੀ ਆਗਿਆ ਨਹੀਂ ਦਿੰਦੇ ਕਿ ਇਹ ਸਾਂਝ ਰੱਖੀ ਜਾਵੇ। ਇਹੀ ਕਾਰਨ ਸੀ ਕਿ ਰਚਨਾ ਦੇ ਆਰੰਭ ਵਿਚ ਜਦੋਂ ਬਲਰਾਜ ਸਾਹਨੀ ਆਪਣੇ ਘਰੋਂ ਤੁਰਦਾ ਹੈ ਤਾਂ ਉਸਦੀ ਮਾਂ ਦਾ ਚਿਹਰਾ ਵੱਟਿਆ ਹੋਇਆ ਸੀ ਉਹ ਲਿਖਦਾ ਹੈ:-

> ''ਤੁਰ ਤਾਂ ਪਿਆ ਘਰੋਂ ਮਾਤਾ ਜੀ ਦਾ ਚਿਹਰਾ ਵੱਟਿਆ ਹੋਇਆ ਸੀ। ਮੇਰਾ ਸੁਆਦ ਅੱਧਾ ਰਹਿ ਗਿਆ। ਮੈਨੂੰ ਪਤਾ ਸੀ ਕਿ ਮੇਰੇ ਮੁੜਨ ਦੀ ਘੜੀ ਤੀਕ ਉਹਨਾਂ ਨੂੰ ਮੇਰੀ ਸੁਖ ਸਾਂਦ ਦੀ ਚਿੰਤਾ ਲੱਗੀ ਰਹੇਗੀ।'' (ਪੰਨਾ 9-10)

ਲੇਖਕ ਨੇ ਦਿੱਲੀ ਸਟੇਸ਼ਨ ਤੋਂ ਚੱਲਣ ਸਮੇਂ ਭਾਰਤੀ ਰੇਲਵੇ ਬਾਰੇ ਜ਼ਿਕਰ ਕਰਦਿਆ ਨਿੱਕੀਆਂ ਨਿੱਕੀਆਂ ਸਮੱਸਿਆਵਾਂ ਨੂੰ ਚਿਤਰਿਆ ਹੈ ਜਿਹੜੀਆਂ ਆਮ ਵਿਅਕਤੀਆਂ ਨੂੰ ਪ੍ਰੇਸ਼ਾਨ ਕਰਦੀਆਂ ਹਨ। ਉਸਨੂੰ ਆਪਣੇ ਯਾਤਰੀਆਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਦੂਜੇ ਦੇਸ਼ ਪਹੁੰਚਣ ਤੇ ਉਥੋਂ ਦੀ ਗੁਪਤ ਪੁਲੀਸ ਕਿਸ ਤਰ੍ਹਾਂ ਯਾਤਰੀਆਂ ਦਾ ਪਿੱਛਾ ਕਰਦੀ ਹੈ। ਅੰਮ੍ਰਿਤਸਰ ਪੁੱਜ ਕੇ ਸਿੱਕੇ ਬਦਲਣ ਵਾਲੇ ਪਾਤਰ ਨੂੰ ਪੇਸ਼ ਕਰਦਿਆਂ ਲੇਖਕ ਭਾਰਤੀ ਸਮਾਜਕ ਬਣਤਰ ਦੇ ਵਿਸ਼ੇ ਵੱਲ ਵੀ ਸੰਕੇਤ ਕਰਦਾ ਹੈ। ਲੇਖਕ ਦਾ ਇਹ ਕਥਨ ਵਿਚਾਰਨਯੋਗ ਹੈ ਕਿ ਸਰਮਾਏਦਾਰੀ ਨਿਜ਼ਾਮ ਵਿਚ ਹਰ ਆਦਮੀ ਦਾ ਅੰਦਰਲਾ ਬੇਈਮਾਨ ਹੋ ਜਾਂਦਾ ਹੈ ਉਹ ਮਜ਼ਬੂਰੀ ਜਾਂ ਲਾਲਚਵੱਸ ਹੀ ਕੰਮ ਕਰਕੇ ਦਿੰਦਾ ਹੈ। ਇਉਂ ਲੇਖਕ ਇਕ ਪਾਸੇ ਸਫਰ ਦਾ ਅਨੰਦ ਮਾਣਦਾ ਹੈ ਦੂਜੇ ਪਾਸੇ ਰਸਤੇ ਵਿਚ ਜਿੰਨੀਆਂ ਵੀ ਔਕੜਾਂ ਆਉਂਦੀਆਂ ਹਨ ਉਨ੍ਹਾਂ ਦਾ ਨਿਰੀਖਣ ਕਰਦਾ ਹੈ।

ਬਲਰਾਜ ਸਾਹਨੀ ਨੂੰ ਲਹੌਰ ਸ਼ਹਿਰ ਦੇ ਇਕ ਸਤਿਕਾਰਤ ਨਾਮਵਰ ਡਾਕਟਰ ਨਾਜ਼ੀਮ ਅਹਿਮਦ ਨੇ ਪਾਕਿਸਤਾਨ ਦੀ ਸੈ਼ਰ ਦਾ ਸੱਦਾ ਦਿਤਾ ਹੋਇਆ ਹੈ ਜਿਸ ਲਈ ਉਹ ਅੰਮ੍ਰਿਤਸਰ ਤੋਂ ਪੰਜ ਦਰਜਨ ਕੇਲੇ ਖਰੀਦ ਕੇ ਲੈ ਜਾਂਦਾ ਹੈ। ਇਸਦੇ ਨਾਲ ਹੀ ਲੇਖਕ ਕਸਟਮ ਆਦਿ ਦੇ ਵਿਭਾਗਾਂ ਦੀ ਸੰਖੇਪ ਜਾਣਕਾਰੀ ਦਿੰਦਾ ਹੈ ਕਿ ਕਿਸ ਤਰ੍ਹਾਂ ਲੋਕ ਹੱਥ ਪੈਰ ਜੋੜ ਕੇ ਆਪਣਾ ਕੰਮ ਕਰਵਾਉਂਦੇ ਹਨ। ਇਸੇ ਤਰ੍ਹਾਂ ਸਰਹੱਦ ਪਾਰ ਕਰਦਿਆਂ ਹੀ ਭਾਰਤੀ ਅਫਸਰਾਂ ਦੀ ਇਹ ਥਾਂ ਪਾਕਿਸਤਾਨੀ ਅਫਸਰ ਲੈ ਲੈਂਦੇ ਹਨ ਪਰੰਤੂ ਲੇਖਕ ਉਨ੍ਹਾਂ ਵੱਲੋਂ ਬੋਲੀ ਜਾਣ ਵਾਲੀ ਪੰਜਾਬੀ ਦੀ ਤਾਰੀਫ ਕਰਦਾ ਹੈ। ਵਾਹਗਾ ਪਾਕਿਸਤਾਨ ਦਾ ਪਹਿਲਾ ਸਟੇਸ਼ਨ ਹੈ ਜਿਥੇ ਪਾਕਿਸਤਾਨੀ ਅਫਸਰ ਲੇਖਕ ਦਾ ਪਾਸਪੋਰਟ ਵੇਖਦਾ ਹੈ।

ਲਾਹੌਰ ਪੁੱਜਣ ਉੱਤੇ ਲੇਖਕ ਦੀਆਂ ਵਿਦਿਆਰਥੀ ਜੀਵਨ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਲੇਖਕ ਦੇ ਬਿਆਨ ਤੋਂ ਪਤਾ ਲੱਗਦਾਹੈ ਕਿ ਜਿਥੇ ਪਹਿਲਾਂ ਲਹੌਰ ਵਿਦਿਆ ਦਾ ਕੇਂਦਰ ਸੀ ਉਥੇ ਉਦਯੋਗਿਕ ਵਿਕਾਸ ਦਾ ਕੇਂਦਰ-ਬਿੰਦੂ ਬਣਦਾ ਜਾ ਰਿਹਾ ਹੈ। ਲੇਖਕ ਦੇ ਇਸ ਵਰਣਨ ਤੋਂ ਲੇਖਕ ਦੇ ਚਿੰਤਨ ਦਾ ਪਤਾ ਲਗਦਾ ਹੈ ਉਹ ਆਪਣੀ ਵਿਅੰਗਾਤਮਕ ਤੇ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਇਹ ਦੱਸਣ ਦਾ ਯਤਨ ਕਰਦਾ ਹੈ ਕੇਵਲ ਵੀਹਵੀ ਸਦੀ ਦੇ ਪਦਾਰਥਕ ਵਿਕਾਸ ਦੀ ਹਾਮੀ ਭਰਨੀ ਹੈ ਜਾਂ ਪਹਾੜ, ਹਰੀ ਭਰੀ ਜ਼ਮੀਨ ਅਤੇ ਵੰਨ ਸੁਵੰਨੇ ਫੁੱਲ ਸਾਡੇ ਚਿੰਤਨ ਅਤੇ ਰੋਜ਼ਾਨਾ ਜ਼ਿੰਦਗੀ ਦੇ ਅੰਗ ਬਣ ਸਕਦੇ ਹਨ? ਇਸ ਸਬੰਧ ਵਿਚ ਲੇਖਕ ਦੇ ਬ੍ਰਿਤਾਂਤ ਨੂੰ ਵਾਚਿਆ ਜਾ ਸਕਦਾ ਹੈਃ-

> ''......ਲਹੌਰ ਵੱਡਾ ਕੇਂਦਰੀ ਸ਼ਹਿਰ ਹੋਣ ਕਰਕੇ ਨਵੇਂ ਫੈਸ਼ਨ ਦੀ ਸਭਿਅਤਾ ਦੇ ਰੰਗ ਵਿਚ ਰੰਗਿਆ ਜਾ ਚੁੱਕਾ ਸੀ। ਏਥੇ ਪੈਸੇ ਦੇ ਰਸੂਖ ਦੇ ਅਦਰਸ਼ਾ ਨੇ ਪੁਰਾਣੇ ਢੰਗ ਦੀਆਂ ਵਜ਼ੇਦਾਰੀਆਂ ਸਭ ਖਤਮ ਕਰ ਦਿਤੀਆਂ ਸਨ। ਹਰਾ ਕੇ, ਮਾਰ ਕੇ, ਅੱਗੇ ਵਧਣ ਲਈ ਸਭ ਤਰ੍ਹਾਂ ਦੇ ਹੀਲੇ, ਮੰਦੇ ਤੇ ਚੰਗੇ, ਜਾਇਜ਼ ਪ੍ਰਵਾਨ ਕੀਤੇ ਜਾ ਚੁੱਕੇ ਸਨ। ਮਹੌਲ ਵਿਚ ਹਦ ਦਰਜੇ ਦਾ ਕੋਰਾਪਨ ਆ ਚੁੱਕਿਆ ਸੀ....ਫਿਰਕੂ ਖਿਚੋਤਾਣ ਇਤਨੀ ਤੇਜੀ ਨਾਲ ਵਧ ਰਹੀ ਸੀ ਭਵਿੱਖ ਦੀਆਂ ਭਿਆਨਕ ਹੋਣੀਆਂ ਦਾ ਆਕਾਰ ਸਾਫ ਦਿਖਾਈ ਦੇ ਜਾਂਦਾ ਸੀ।'' (ਪੰਨਾ19)

ਉਕਤ ਕਥਨ ਰਾਹੀਂ ਲੇਖਕ ਇਸ ਗੱਲ ਵੱਲ ਧਿਅਨ ਦਵਾ ਰਿਹਾ ਹੈ ਕਿ ਅਸੀਂ ਸਭਿਆਚਾਰ ਤੇ ਸਭਿਅਕ ਜੀਵਨ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਨਾ ਛੱਡੀਏ। ਲੇਖਕ ਡਾ. ਅਹਿਮਦ ਦੀ ਸਾਰੀ ਰਹਿਣੀ ਬਹਿਣੀ ਤੋਂ ਪ੍ਰਭਾਵਿਤ ਹੈ। ਲੇਖਕ ਲਹੌਰ ਦੀਆਂ ਸਾਰੀਆਂ ਯਾਦਾਂ ਨੂੰ ਵਰਤਮਾਨ ਸਥਿਤੀ ਨਾਲ ਜੋੜਦਾ ਹੈ। ਇਸ ਵਿਵਰਨ ਰਾਹੀਂ ਪਾਠਕ ਦੇ ਸਾਹਮਣੇ ਭੂਤ, ਵਰਤਮਾਨ ਅਤੇ ਭਵਿੱਖ ਦੀ ਇਕ ਸਿਲਸਿਲੇਵਾਰ ਤਸਵੀਰ ਸਾਹਮਣੇ ਆ ਜਾਂਦੀ ਹੈ।

ਲੇਖਕ ਨੇ ਇਸ ਰਚਨਾ ਰਾਹੀਂ ਵਧੇਰੇ ਕਰਕੇ ਧਰਮ ਤੇ ਫਿਰਕਾਪ੍ਰਸਤੀ ਦੇ ਵਿਸ਼ੇ ਨੂੰ ਜ਼ੋਰਦਾਰ ਰੂਪ ਵਿਚ ਆਲੋਚਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ। ਲੇਖਕ ਭਾਰਤ ਪਾਕਿ ਵੰਡ ਦੇ ਆਧਾਰ ਵਿਚ ਪਏ ਬੁਨਿਆਦੀ ਨੁਕਤੇ ਧਰਮ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਇਹ ਦੱਸਣਾ ਚਾਹੁੰਦਾ ਹੈ ਕਿ ਦੇਸ਼ ਦੀ ਧਰਮ ਉਤੇ ਆਧਾਰਤ ਵੰਡ ਜਾਇਜ਼ ਨਹੀਂ ਹੁੰਦੀ। ਇਸਦਾ ਕਾਰਨ ਇਹ ਹੈ ਕਿ ਲੇਖਕ ਜਿਥੇ ਵੀ ਆਪਣੀ ਯਾਤਰਾ ਦੁਰਾਨ ਜਾਂਦਾ ਹੈ ਅਚੇਤ ਰੂਪ ਵਿਚ ਇਹ ਗੱਲ ਉਸਦਾ ਪਿੱਛਾ ਕਰਦੀ ਰਹਿੰਦੀ ਹੈ।

ਇਸ ਸਮੇਂ ਲੇਖਕ ਭਾਰਤੀ ਧਰਮ ਨਿਰਪੱਖ ਨੀਤੀ ਨੂੰ ਵੀ ਵਿਚਾਰਦਾ ਹੈ ਤੇ ਭਾਰਤੀ ਵਿਕਾਸ ਨੂੰ ਪਾਕਿਸਤਾਨ ਵਿਚ ਹੋਏ ਵਿਕਾਸ ਨਾਲ ਵੀ ਟਕਰਾ ਕੇ ਵੇਖਦਾ ਹੈ। ਗਣਰਾਜ ਦੀਆਂ ਅਵਸਥਾਵਾਂ ਬਾਰੇ ਵੀ ਸੋਚਦਾ ਹੈ:

> ''ਕਦੇ ਮੈਂ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਮੁਸਲਮਾਨ ਜਨਤਾ ਕਿਵੇਂ ਰਹਿੰਦੀ ਹੈ? ਉਸਦੇ ਦ੍ਰਿਸ਼ਟੀਕੋਣ ਕੀ ਹਨ?'' (ਪੰਨਾ 30)

ਇਥੇ ਮੂਲ ਸਮੱਸਿਆ ਦਾ ਇਕ ਧਿਆਨਯੋਗ ਪਹਿਲੂ ਇਹ ਹੈ ਕਿ ਜਨਤਾ ਵਿਚ ਧਰਮ ਇਕ ਅਜਿਹੀ ਇਕਾਈ ਹੋਵੇ ਜਿਹੜੀ ਸਭ ਨੂੰ ਮਿਲਾਉਂਦੀ ਹੋਵੇ ਇਸ ਦ੍ਰਿਸ਼ਟੀ ਤੋਂ ਇਸ ਪੁਸਤਕ ਦੀ ਬਹੁਤ ਮਹੱਤਤਾ ਹੈ। ਇਹ ਭਾਰਤ ਪਾਕਿ ਦੋਸਤੀ ਦੇ ਪੁਲ ਦੇ ਤੌਰ ਤੇ ਕੰਮ ਕਰ ਸਕਦੀ ਹੈ।

ਬਲਰਾਜ ਸਾਹਨੀ ਬਾਰਾਂ ਅਕਤੂਬਰ ਨੂੰ ਡਾ.ਅਹਿਮਦ ਦੀ ਕਾਰ ਵਿਚ ਝੰਗ ਪੁੱਜਦਾ ਹੈ। ਲਾਇਲਪੁਰ ਤੋਂ ਇਕੱਲਾ ਆਪਣੇ ਸਫਰ ਤੇ ਤੁਰ ਪੈਂਦਾ। ਇਸ ਸਫਰ ਦੁਰਾਨ ਉਹ ਪਾਕਿਸਤਾਨੀ ਆਵਾਜਾਈ ਦੇ ਮੁੱਖ ਸਾਧਨ ਬੱਸਾਂ ਦਾ ਜ਼ਿਕਰ ਕਰਦਾ ਹੈ। ਬੱਸਾਂ ਵਿਚ ਸਫਰ ਕਰ ਰਹੇ ਬਹੁ ਗਿਣਤੀ ਕਿਸਾਨਾ ਦੀ ਹਾਲਤ ਬਾਰੇ ਦੱਸਦਾ ਹੈ। ਉਨ੍ਹਾਂ ਦੇ ਪਹਿਰਾਵੇ ਬਾਰੇ ਵੀ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਬਿਨਾ ਕੁੱਲੇ ਸ਼ਮਲੇ ਵਾਲੀ ਪੱਗ, ਵਾਸਕਟ ਦੀ ਥਾ ਕਮੀਜ਼ ਅਤੇ ਚਾਦਰ ਨਾਲ ਕੰਮ ਸਾਰਦੇ ਸਨ। ਲੇਖਕ ਨੂੰ ਹੀਰ ਦਾ ਮਕਬਰਾ ਦੇਖਣ ਦੀ ਖਿੱਚ ਉਸ ਨੂੰ ਝੰਗ ਵਿਚ ਲੈ ਕੇ ਆਈ ਹੈ। ਇਥੇ ਹੀ ਲੇਖਕ ਅੰਜੁਮ ਤੱਕੀ (ਗੌਰਮਿਟ ਕਾਲਜ ਦਾ ਪ੍ਰੋਫੈਸਰ) ਅਤੇ ਸ਼ੇਰ ਅਫਜ਼ਲਜਾਫ਼ਰੀ ਦਾ ਵੀ ਜ਼ਿਕਰ ਕੀਤਾ ਹੈ। ਪ੍ਰੋ. ਤੱਕੀ ਭਾਰਤ ਦੀ ਵੰਡ ਸਮੇਂ ਭਾਰਤ ਤੋਂ ਪਾਕਿਸਤਾਨ ਦਾ ਬਾਸ਼ਿੰਦਾ ਬਣ ਗਿਆ ਸੀ। ਪਰੰਤੂ ਝੰਗ ਉਸ ਨੂੰ ਵੀ ਬਲਰਾਜ ਸਾਹਨੀ ਵਾਂਗ ਇਉਂ ਲਗਦਾ ਸੀ ਜਿਵੇਂ ਝੰਗ ਨਾਲ ਉਸਦਾ ਬਹੁਤ ਚਿਰ ਤੋਂ ਸਬੰਧ ਹੋਵੇ। ਇਸ ਤੋਂ ਮਨੁੱਖ ਦੀ ਬੁਨਿਆਦੀ ਪ੍ਰਕ੍ਰਿਤੀ ਦਾ ਪਤਾ ਲਗਦਾ ਹੈ ਕਿ ਉਹ ਸਮੇਂ ਨਾਲ ਆਪਣੇ ਆਪਨੂੰ ਢਾਲ ਲੈਂਦਾ ਹੈ।

ਬਲਰਾਜ ਸਾਹਨੀ ਨੇ ਆਪਣੇ ਸਫਰ ਦੌਰਾਨ ਹਿੰਦੀ ਫਿਲਮਾਂ ਦੇ ਵਿਸ਼ੇ ਨੂੰ ਵੀ ਛੋਹਿਆ ਹੈ। ਪਾਕਿਸਤਾਨ ਦੇ ਨੌਜੁਆਨ ਵਰਗ ਵਿਚ ਭਾਰਤੀ ਹਿੰਦੀ ਫਿਲਮਾਂ ਦੇਖਣ ਦੀ ਲਗਨ ਹੈ। ਭਾਵੇਂ ਬਲਰਾਜ ਸਾਹਨੀ ਦੀਆਂ ਫਿਲਮਾਂ 'ਹਮਲੋਗ' ਤੇ 'ਪ੍ਰਦੇਸੀ' ਪਾਕਿਸਤਾਨ ਵਿਚ ਚਲ ਚੁੱਕੀਆਂ ਹਨ। ਪਰੰਤੂ ਲੇਖਕ ਇਸ ਗੱਲ ਵੱਲ ਵੀ ਧਿਆਨ ਦਵਾਉਂਦਾ ਹੈ ਕਿ ਇਸ ਵੰਡ ਨੇ ਮਨੁੱਖ ਦੀ ਬੁਨਿਆਦੀ ਪ੍ਰਵਿਰਤੀ ਤੇ ਵੀ ਅਸਰ ਕੀਤਾ ਹੈ। ਇਸਦੇ ਨਾਲ ਹੀ ਲੇਖਕ ਨੇ ਪਾਕਿਸਤਾਨੀ ਪੱਤਰਕਾਰੀ ਬਾਰੇ ਵੀ ਸੂਚਨਾ ਦਿਤੀ ਹੈ ਕਿ ਪਾਕਿਸਤਾਨੀ ਅਖਬਾਰਾਂ ਵਿਚ ਬਿਕਰਮੀ ਸੰਮਤ ਹੀ ਛਪਦੇ ਹਨ। ਇਥੇ ਲੇਖਕ ਨੇ ਬਿਲਾਨ ਪੱਤਰਕਾਰ ਤੋਂ ਛੁੱਟ ਅਜੁੰਮ ਤੱਕੀ, ਜਫ਼ਰ ਅਲੀ, ਸ਼ੇਰੀ ਸਾਹਿਬ ਅਨਸਾਰੀ, ਹਬੀਬ, ਸ਼ੇਖ ਅਫਜ਼ੁਲ ਮੰਡਲੀ ਦਾ ਆਨੰਦ ਮਾਣਦਾ ਹੈ। ਝੰਗ ਦੀ ਬੋਲੀ, ਲੋਕ ਗੀਤਾਂ, ਅਤੇ ਲੋਕ ਨਾਚਾਂ ਨੂੰ ਵੀ ਮਾਣਦਾ ਹੈ ਉਸਦੀ ਤਾਰੀਫ ਕਰਦਾ ਹੈ। ਇਸਤੋਂ ਬਾਅਦ ਲੇਖਕ ਸਰਗੋਧੇ ਪਹੁੰਚਦਾ ਹੈ।

ਸਰਗੋਧੇ ਬਾਰੇ ਲੇਖਕ ਨੇ ਦੱਸਿਆ ਹੈ ਕਿ ਇਹ ਚੰਡੀਗੜ੍ਹ ਸ਼ਹਿਰ ਵਾਂਗ ਕਈ ਸੈਕਟਰਾਂ ਵਿਚ ਵੰਡਿਆ ਹੋਇਆ ਹੈ। ਇਥੇ ਲੇਖਕ ਨੇ ਇਸ ਗੱਲ ਵੱਲ ਵੀ ਧਿਆਨ ਦਵਾਇਆ ਹੈ ਕਿ ਪਾਕਿਸਤਾਨ ਵਿਚ ਦੋ ਤਰ੍ਹਾਂ ਦੇ ਹਿੰਦੂ ਰਹਿੰਦੇ ਹਨ। ਇਕ ਉਹ ਹਿੰਦੂ ਜਿਹੜੇ ਹਿੰਦੂ ਤੋਂ ਮੁਸਲਮਾਨ ਹੋ ਗਏ ਦੂਜੇ ਉਹ ਜਿਨ੍ਹਾਂ ਨੇ ਆਪਣਾ ਹਿੰਦੂ ਧਰਮ ਨਹੀਂ ਛੱਡਿਆ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਧਰਮ ਦੀ ਬਦਲੀ ਇੱਛਾ ਉਤੇ ਨਿਰਭਰ ਕਰਦੀ ਹੈ ਧੱਕੇ ਉੱਤੇ ਨਹੀਂ। ਇਉਂ ਲੇਖਕ ਆਪਣੇ ਸਫਰ ਦੁਰਾਨ ਬਹੁਤ ਸਾਰੀਆਂ ਨਿੱਕੀਆਂ ਪਰ ਵੱਡੀਆਂ ਗੱਲਾਂ ਨੂੰ ਆਪਣੀ ਆਲੋਚਨਾਤਮਕ ਦ੍ਰਿਸ਼ਟੀ ਨਾਲ ਪੇਸ਼ ਕਰਦਾ ਚਲਿਆ ਜਾਂਦਾ ਹੈ। ਉਸਨੂੰ ਇਸ ਸ਼ਹਿਰ ਦੀ ਭੂਗੋਲਿਕ ਸਥਿਤੀ ਚੰਗੀ ਤਰ੍ਹਾਂ ਯਾਦ ਹੁੰਦੀ ਹੈ। ਉਹ ਮੌਜੂਦਾ ਸਥਿਤੀ ਬਾਰੇ ਵੀ ਬਿਆਨ ਕਰਦਾ ਹੈ ਕਿ ਪੁਰਾਣੀਆਂ ਇਮਾਰਤਾਂ ਨੂੰ ਗਿਰਾਇਆ ਜਾ ਰਿਹਾ ਹੈ। ਇਸਦੇ ਨਾਲ ਹੀ ਉਹ ਆਪਣੀ ਪੁਰਾਣੀ ਯਾਦ ਨੂੰ ਤਾਜ਼ਾ ਕਰਦਾ ਹੋਇਆ ਵਿਵਰਨ ਪੇਸ਼ ਕਰਦਾ ਹੈ:

> ''ਸਾਡੀ ਗਲੀ ਦੀ ਨੁੱਕਰ ਉੱਤੇ ਇਕ ਖੂਹ ਹੁੰਦਾ ਸੀ। ਉਸਦੇ ਐਨ ਸਾਹਮਣੇ ਮੇਰੇ ਚਾਚਾ ਜੀ ਦਾ ਘਰ ਸੀ। ਮੋਕਲੇ ਜਿਹੇ ਗਲੀਆਂ ਦੇ ਮੇਲ ਉਪਰ ਸਾਰਾ ਦਿਨ ਜਨਾਨੀਆਂ ਚਰਖੇ ਡਾਹਕੇ ਘੂਕਰ ਮਚਾਈ ਰੱਖਦੀਆਂ ਸਨ।ਮੇਰੇ ਚਾਚਾ ਜੀ ਦੇ ਘਰ ਦਾ ਦਰਵਾਜ਼ਾ

ਪੁਰਾਣੇ ਢੰਗ ਦਾ ਸੀ, ਲੱਕੜੀ ਉੱਪਰ ਚੋਬਕਾਰੀ ਦਾ ਕੰਮ ਸੀ। ਬੜੀਆਂ ਮੁਸ਼ਕਲਾਂ ਨਾਲ ਖੂਹ ਤਾਂ ਲੱਭ ਪਿਆ ਪਰ ਆਸ ਪਾਸ ਨਾ ਕੋਈ ਗਲੀ ਨਾ ਮਕਾਨ ਇੰਜ ਜਾਪਿਆ ਜਿਵੇਂ ਹੁਣੇ ਹੁਣੇ ''ਕੋਈ ਹਵਾਈ ਹਮਲਾ ਹੋਇਆ ਅਤੇ ਹਰ ਪਾਸੇ ਮਲਵੇ ਦੇ ਢੇਰ ਲੱਗ ਗਏ ਹਨ। ਕੋਈ ਵਿਰਲੀ ਇਮਾਰਤ ਸਾਬਿਤ ਖੜੀ ਸੀ।'' (ਪੰਨਾ 121)

ਲੇਖਕ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਚੌਧਰੀ ਗੁਲਾਮ ਮੁਹੰਮਦ ਜੋ ਹਿੰਦੂ ਤੋਂ ਮੁਸਲਮਾਨ ਬਣਿਆ ਹੈ ਅਸਲ ਵਿਚ ਉਨ੍ਹਾਂ ਦੀ ਆਪਣੀ ਹਵੇਲੀ ਦੀ ਥਾਂ ਵਿਚ ਬਣਿਆ ਹੋਇਆ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਵੰਡ ਸਮੇਂ ਜਿਵੇਂ ਭਾਰਤੀ ਪੰਜਾਬ ਵਿਚ ਲੋਕਾਂ ਨੇ ਵਿਹਲੇ ਪਏ ਘਰਾਂ ਤੇ ਕਬਜ਼ੇ ਕੀਤੇ ਹਨ ਉਸੇ ਤਰ੍ਹਾਂ ਪਾਕਿਸਤਾਨ ਵਿਚ ਵੀ ਕੀਤੇ ਹਨ ਕਿਉਂਕਿ ਇਨਸਾਨੀ ਸੁਭਾਅ ਹਰ ਥਾਂ ਇਕੋ ਜਿਹਾ ਹੁੰਦਾ ਹੈ।

ਬਲਰਾਜ ਸਾਹਨੀ ਨੇ ਸਰਗੋਧੇ ਤੋਂ ਮੂਸੇ ਜਾਂਦਿਆਂ ਪਾਠਕਾਂ ਨਾਲ ਆਪਣਾ ਤਜ਼ਰਬਾ ਸਾਂਝਾ ਕਰਦਿਆ ਲਿਖਿਆ ਹੈ ਕਿ ਪਲੇਟ ਫਾਰਮ ਬਦਲਿਆ ਪਰ ਜ਼ਿੰਦਗੀ ਉਸੇ ਤਰ੍ਹਾਂ ਚੱਲ ਰਹੀ ਹੈ। ਬਹੁਤੇ ਲੋਕੀ ਧਾਰਮਿਕ ਹਨ। ਵੱਡੇ ਛੋਟੇ ਕਰਮਚਾਰੀ ਇਕ ਥਾਂ ਇਬਾਦਤ ਕਰਦੇ ਹਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਧਰਮ ਇਕ ਪਾਸੇ ਭਾਈਚਾਰਕ ਅਤੇ ਸਮਾਜਿਕ ਪੱਖ ਉਤੇ ਬਲ ਦਿੰਦਾ ਹੈ। ਲੇਖਕ ਦੀ ਦ੍ਰਿਸ਼ਟੀ ਵਿਚ ਪਾਕਿਸਤਾਨ ਨਿਜ਼ਾਮ ਦਾ ਇਹ ਪਹਿਲੂ ਵਧੇਰੀ ਗੰਭੀਰਤਾ ਲਈ ਪ੍ਰੇਰਦਾ ਹੈ ਕਿ ਧਰਮ ਦਾ ਸਹੀ ਕਿਰਦਾਰ ਸਾਨੂੰ ਵਿਖਾਵੇ ਵਾਲੇ ਜੀਵਨ ਤੋਂ ਮੋੜ ਕੇ ਸਮਾਜਕ ਬਰਾਬਰੀ ਵੱਲ ਅਗਰਸਰ ਕਰਦਾ ਹੈ। ਇਸ ਸਬੰਧ ਵਿਚ ਲੇਖਕ ਆਪਣੇ ਵਿਦਿਆਰਥੀ ਜੀਵਨ ਦੀਆਂ ਗੱਲਾਂ ਕਰਦਿਆਂ ਸਰ ਸਿਕੰਦਰ ਹਿਯਾਤ ਖਾਨ ਦੀ ਮਿਸਾਲ ਦਿੰਦਾ ਹੈ ਕਿ ਕਿਵੇਂ ਉਹ ਕੋਠੀ ਦੇ ਲਾਅਨ ਵਿਚ ਦਰੀ ਵਿਛਾ ਕੇ ਅਮੀਰ ਗਰੀਬ ਨੂੰ ਇਕੱਠਿਆ ਮਿਲਿਆ ਕਰਦੇ ਸਨ। ਇਸ ਸਬੰਧ ਵਿਚ ਲੇਖਕ ਆਪਣਾ ਨਿਸ਼ਕਰਸ਼ ਦਿੰਦਾ ਹੈ ਕਿ ''ਬਿਹਤਰ ਗੱਲ ਇਹ ਹੈ ਕਿ ਇਨਸਾਨ ਮਜ਼ਬ ਦੀ ਦੌੜ ਆਪਣੀ ਜ਼ਮੀਰ ਅਤੇ ਆਪਣੇ ਭਗਵਾਨ ਤੱਕ ਹੀ ਸੀਮਤ ਰੱਖੇ ਜੇ ਇੰਜ ਕਰਨ ਵਿਚ ਉਹ ਕਾਮਯਾਬ ਹੈ ਤਾਂ ਸਾਰੀ ਮਨੁੱਖਤਾ ਲਈ ਉਸਦੇ ਦਿਲ ਵਿਚ ਪ੍ਰੇਮ ਤੇ ਸਨਮਾਨ ਪੈਦਾ ਹੋਵੇਗਾ''। (ਪੰਨਾ 143)

ਰਾਵਲਪਿੰਡੀ ਪਹੁੰਚ ਕੇ ਲੇਖਕ ਨੂੰ ਵਚਿੱਤਰ ਅਨੁਭਵ ਹੁੰਦਾ ਹੈ ਜਦੋਂ ਉਸਨੂੰ ਆਪਣੇ ਸ਼ਹਿਰ ਪਹੁੰਚ ਕੇ ਹੋਟਲ ਵਿਚ ਰਹਿਣਾ ਪੈਂਦਾ ਹੈ। ਇਥੇ ਲੇਖਕ ਨੇ ਬੜੀ ਬਾਰੀਕ ਬੀਨੀ ਨਲ ਮਨੁੱਖੀ ਰਿਸ਼ਤਿਆਂ ਦੇ ਅੰਤਰ ਨੂੰ ਸਮਝਾਇਆ ਬੜੀ ਸਾਵਧਾਨੀ ਨਾਲ ਚਿਤਰਿਆ ਹੈ। ਜਿਹੜਾ ਵਿਆਕਤੀ ਡਾ.ਅਹਿਮਦ ਨਜ਼ੀਰ ਦੇ ਕਹਿਣ ਤੇ ਬਲਰਾਜ ਸਾਹਨੀ ਨੂੰ ਲਿਜਾ ਰਿਹਾ ਹੈ ਉਹ ਟੈਕਸੀ ਡਰਾਈਵਰ ਉਸ ਨਾਲ ਪਿਆਰ ਦਾ ਰਿਸ਼ਤਾ ਕਾਇਮ ਕਰ ਲੈਂਦਾ ਹੈ। ਇਹ ਖੁਰਸ਼ੀਦ ਨਾਂ ਦਾ ਵਿਆਕਤੀ ਗਰੀਬ ਕਾਮਾ ਸ਼੍ਰੇਣੀ ਨਾਲ ਸਬੰਧ ਰੱਖਦਾ ਹੈ। ਇਸਦੇ ਉਲਟ ਜਿਸ ਜਮਾਤ ਪਾਸ ਪੈਸਾ ਹੈ ਉਹ ਅਸਲੀਅਤ ਅਤੇ ਮਨੁੱਖੀ ਰਿਸ਼ਤਿਆਂ ਦੀ ਭਾਵੁਕਤਾ ਤੋਂ ਕੋਹਾਂ ਦੂਰ ਚਲੀ ਜਾਂਦੀ ਹੈ। ਰਾਵਲਪਿੰਡੀ ਪੁਜਦਿਆ ਹੀ ਲੇਖਕ ਨੇ ਇਸ ਗੱਲ ਵੱਲ ਸੰਕੇਤ ਕੀਤਾ ਹੈ। ਹੋਟਲ ਵਿਚ ਰਹਿੰਦਿਆ ਲੇਖਕ ਆਪਣੇ ਮਕਾਨ ਛਾਛੀ ਮਹੱਲੇ ਬਾਰੇ ਸੋਚਦਾ ਹੈ ਸਾਰੀ ਝਾਕੀ ਉਸਦੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ।

ਰਾਵਲਪਿੰਡੀ ਪਹੁੰਚਕੇ ਤੇ ਖੁਰਸ਼ੀਦ ਟੈਕਸੀ ਵਾਲੇ ਨੂੰ ਮਿਲਕੇ ਲੇਖਕ ਨੂੰ ਰਾਹਤ ਮਿਲਦੀ ਹੈ। ਸਕਿਊਰਟੀ ਦਫਤਰ ਵਿਚ ਆਪਣਾ ਪਾਸਪੋਰਟ ਤੇ ਕਾਗਜ਼ ਦਿਖਾਉਣ ਪਿੱਛੋਂ ਲੇਖਕ ਸੈਰ ਲਈ ਨਿਕਲ ਪੈਂਦਾ ਹੈ। ਸੁਹਾਂ ਵੱਲ ਜਾ ਕੇ ਉਸਨੂੰ ਬਹੁਤ ਅਨੰਦ ਆਉਂਦਾ ਹੈ। ਲੇਖਕ ਆਪਣੇ ਪੁਰਾਣੇ ਘਰ ਜਾਂਦਾ ਹੈ। ਉਸ ਵਿਚਲੇ ਲੋਕਾਂ ਦੀ ਤਾਰੀਫ ਕਰਦਾ ਹੈ। ਘਰਦੀਆਂ ਜਨਾਨੀਆਂ ਉਸਤੋਂ ਪਰਦਾ ਨਾ ਕਰਦਿਆਂ ਉਸਨੂੰ ਚੰਗੀਆਂ ਲਗਦੀਆਂ ਹਨ। ਉਸਨੂੰ ਮਿਲਕੇ ਪਤਾ ਲਗਦਾ ਹੈ ਕਿ ਉਥੋਂ ਦੇ ਵਸਨੀਕਾਂ ਵਿਚ ਵੀ ਮੇਲ ਮਿਲਾਪ ਲਈ ਕਿੰਨੀ ਤਾਂਘ ਹੈ। ਕਿੰਨੀ ਅਪਣੱਤ ਦੀ ਭਾਵਨਾ ਹੈ। ਲੇਖਕ ਨੂੰ ਇਸ ਗੱਲ ਦੀ ਖੁਸ਼ੀ ਹੁੰਦੀ ਹੈ ਕਿ ਉਨ੍ਹਾਂ ਦਾ ਫਰਨੀਚਰ ਵੀ ਉਸੇ ਤਰ੍ਹਾਂ ਪਿਆ ਹੋਇਆ ਹੈ। ਇਥੇ ਉਸਨੂੰ ਆਪਣਾ ਪੁਰਾਣਾ ਦੋਸਤ ਮੁਖਤਾਰ ਵੀ ਮਿਲਦਾ ਹੈ।

ਇਸਦੇ ਨਾਲ ਹੀ ਲੇਖਕ ਨੇ ਰਿਸ਼ਵਤਖੋਰੀ ਦੀ ਸਮੱਸਿਆ ਨੂੰ ਆਪਣੇ ਆਲੋਚਨਾ ਅਧੀਨ ਰਚਨਾ ਵਿਚ ਛੇੜਿਆ ਹੈ। ਲੇਖਕ ਦੱਸਦਾ ਹੈ ਕਿ ਭਾਰਤ ਵਾਂਗ ਪਾਕਿਸਤਾਨ ਵਿਚ ਵੀ ਪੈਸੇ ਨਾਲ

ਹਰ ਕੰਮ ਕਰਵਾਇਆ ਜਾ ਸਕਦਾ ਹੈ। ਇਉਂ ਲੇਖਕ ਨੇ ਭ੍ਰਿਸ਼ਟਾਚਾਰ ਦੇ ਵਧ ਰਹੇ ਬੋਲਬਾਲੇ ਨੂੰ ਕੌਮਾਂਤਰੀ ਪੱਧਰ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਲੇਖਕ ਫੇਰ ਦੋਸਤੀ ਦੇ ਪੁਲ ਨੂੰ ਕਾਇਮ ਕਰਦਿਆਂ ਲਿਖਦਾ ਹੈ ਕਿ ਇਸ ਸ਼ਹਿਰ ਵਿਚ ਮਲਿਕ, ਅਫਜ਼ਲ, ਪ੍ਰਵੇਜ਼ ਨੇ ਉਸਨੂੰ ਮਾਣ ਦਿੱਤਾ ਹੈ ਪਿਆਰ ਕੀਤਾ ਹੈ। ਇਥੇ ਲੇਖਕ ਲੋਕ ਗੀਤਾਂ ਦਾ ਅਨੰਦ ਵੀ ਮਾਣਦਾ ਹੈ। ਲੇਖਕ ਉਹ ਥਾਂ ਵੀ ਵੇਖਦਾ ਹੈ ਜਿਥੇ ਨਵੀਂ ਰਾਜਧਾਨੀ ਬਣਾਈ ਜਾਣੀ ਹੈ। ਇਸ ਸਬੰਧ ਵਿਚ ਉਹ ਮਰੀ ਅਤੇ ਸ਼ਿਵਾਲਿਕ, ਨਵੀਂ ਰਾਜਧਾਨੀ ਦਾ ਜਗਾਹ ਦਾ ਭਾਰਤ ਦੇ ਚੰਡੀਗੜ੍ਹ ਨਾਲ ਟਾਕਰਾ ਕਰਦਾ ਹੈ। ਲੇਖਕ ਇਸ ਗੱਲ ਦੀ ਸੂਚਨਾ ਦਿੰਦਾ ਹੈ ਕਿ ਉਸਦਾ ਇਕ ਪੁਰਾਣਾ ਮਿੱਤਰ ਅਸਲਿਮ ਮਲਿਕ ਉਸਨੂੰ ਟੈਕਸਿਲਾ ਘੁਮਾ ਲਿਆਇਆ। ਕੋਹਮਰੀ ਨਾਲ ਪਿਆਰ ਅਤੇ ਇਸ ਦੀਆਂ ਯਾਦਾਂ ਪ੍ਰਤੀ ਲੇਖਕ ਆਦਰ ਪ੍ਰਗਟਾਉਂਦਾ ਹੈ।

ਲੇਖਕ ਲਹੌਰ ਪਹੁੰਚਦਿਆਂ ਹੀ ਆਪਣੇ ਮਿੱਤਰ ਡਾ. ਨਜੀਰ ਦੇ ਹਵਾਲੇ ਹੋ ਜਾਂਦਾ ਹੈ। ਲੇਖਕ ਲਹੌਰ ਦੇ ਹਵਾਈ ਅੱਡੇ ਬਾਰੇ ਵੀ ਆਪਣਾ ਪ੍ਰਤੀਕਰਮ ਪੇਸ਼ ਕਰਦਾ ਹੈ ਕਿ ਉਹ ਬਾਹਰੋਂ ਕਿਸ ਤਰ੍ਹਾਂ ਦਾ ਅੰਦਰੋਂ ਕਿਸ ਪ੍ਰਕਾਰ ਦਾ ਲਗਦਾ ਹੈ। ਇਥੇ ਉਸਨੂੰ ਪ੍ਰਸਿੱਧ ਕਵੀ ਅਹਿਮਦ ਰਾਹੀ ਮਿਲਦੇ ਹਨ। ਲੇਖਕ ਉਸਦੇ ਦਰਦ ਨੂੰ ਮਹਿਸੂਸ ਕਰਦਾ ਹੈ ਕਿਉਂਕਿ ਅਹਿਮਦ ਰਾਹੀ ਵੀ ਆਪਣੀ ਧਰਤੀ ਅੰਮ੍ਰਿਤਸਰ ਨਾਲੋਂ ਟੁਟਿਆ ਹੋਇਆ ਹੈ। ਪਹਿਲਾਂ ਲੇਖਕ ਨੂੰ ਆਪਣਾ ਦਰਦ ਵੱਡਾ ਲੱਗਦਾ ਹੈ ਉਹ ਪੁਰਾਣੀਆਂ ਯਾਦਾਂ ਨਾਲ ਭਾਵਕ ਹੋ ਉਠਦਾ ਹੈ, ਪਰੰਤੂ ਜਦੋਂ ਉਸਨੂੰ ਇਸ ਗੱਲ ਦਾ ਅਨੁਭਵ ਹੁੰਦਾ ਹੈ ਕਿ ਜਿਹੜੇ ਲੋਕ ਭਾਰਤ ਵਿਚੋਂ ਇਧਰ ਆ ਕੇ ਵਸੇ ਹਨ ਉਨ੍ਹਾਂ ਦਾ ਦਰਦ ਕਿਸੇ ਤਰ੍ਹਾਂ ਘੱਟ ਨਹੀਂ ਤਾਂ ਉਹ ਅਹਿਮਦ ਰਾਹੀ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਉਹ ਲਿਖਦਾ ਹੈ, ''ਮੈਂ ਰਾਹੀਂ ਦੇ ਦਰਦ ਕਰਕੇ ਬੜਾ ਬੇਹਾਲ ਹੋਇਆ ਮੈਨੂੰ ਸ਼ਰਮ ਆਉਣ ਲੱਗ ਪਈ ਕਿ ਸਾਰੇ ਦਾ ਸਾਰਾ ਅੰਮ੍ਰਿਤਸਰ ਉਹਦੇ ਹਵਾਲੇ ਕਰ ਦੇਣ ਦੀ ਤੌਫੀਕ ਮੈਨੂੰ ਕਿਉਂ ਨਹੀਂ।'' (ਪੰਨਾ 177)

ਰਾਜਨੀਤਿਕ ਤੌਰ ਤੇ ਭਾਵੇਂ ਇਸ ਗੱਲ ਦਾ ਕੋਈ ਮਹੱਤਵ ਨਾ ਹੋਵੇ ਪ੍ਰੰਤੂ ਮਨੁੱਖੀ ਭਾਵਨਾ ਦੀ ਪੱਧਰ ਤੇ ਲੇਖਕ ਦਾ ਇਹ ਅਨੁਭਵ ਮਨੁੱਖੀ ਰਿਸ਼ਤਿਆਂ ਨੂੰ ਮਨੁੱਖੀ ਭਾਵਨਾਵਾਂ ਨਾਲ ਜੋੜਦਾ ਹੈ।

ਲੇਖਕ ਨੇ ਕੰਮਾਂ ਕਿਤਿਆਂ ਅਤੇ ਦੁਕਾਨਾਂ ਮੱਲਣ ਆਦਿ ਦੀ ਸਮੱਸਿਆ ਦਾ ਵੀ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਜੋ ਕੁਝ ਹਿੰਦੂ ਕਰਦਾ ਛੱਡ ਗਏ ਸਨ, ਉਹ ਤਿਵੇਂ ਦਾ ਤਿਵੇਂ ਹੀ ਚੱਲ ਰਿਹਾ ਹੈ। ਭਾਵ ਜਿੱਥੇ ਕੱਪੜੇ ਦੀ ਦੁਕਾਨ ਸੀ ਉਥੇ ਹੁਣ ਕੋਈ ਮੁਸਲਮਾਨ ਕੱਪੜਾ ਵੇਚਦਾ ਹੈ। ਇਸੇ ਤਰ੍ਹਾਂ ਹੀ ਬਾਕੀ ਦੇ ਕੰਮਾਂ ਦਾ ਹਾਲ ਹੈ। ਉਦਯੋਗਿਕ ਤੌਰ ਤੇ ਇਸ ਸ਼ਹਿਰ ਨੇ ਕੋਈ ਖਾਸ ਤਰੱਕੀ ਨਹੀਂ ਕੀਤੀ। ਫਿਲਮੀ ਕੌਸਲ ਅਤੇ ਇਸ ਨਾਲ ਹੋਏ ਸੰਪਰਕ ਨੂੰ ਵੀ ਬਲਰਾਜ ਸਾਹਨੀ ਪੇਸ਼ ਕਰਦਾ ਹੈ। ਉਹ ਦਸਦਾ ਹੈ ਕਿ ਸੱਯਦ ਇਮਤਿਆਜ਼ ਅਲੀ ਤਾਜ਼ ਦੀ ਕ੍ਰਿਪਾ ਨਾਲ ਉਸਨੂੰ ਨੂਰਜਹਾਂ, ਨੀਨਾ ਪੀਰ ਅਹਿਮਦ ਨੂੰ ਮਿਲਣ ਦਾ ਅਵਸਰ ਮਿਲਿਆ। ਕਈ ਨਵੇਂ ਫਿਲਮ ਸਟੂਡੀਓ ਵੀ ਹੋਂਦ ਵਿੱਚ ਆ ਰਹੇ ਹਨ। ਆਪਣੇ ਕਿਤੇ ਦੀ ਆਲੋਚਨਾ ਕਰਦਿਆਂ ਲੇਖਕ ਲਿਖਦਾ ਹੈ ਕਿ ਆਪਣੇ ਵਤਨ ਵਿੱਚ ਬੰਦਾ ਆਪਣੀ ਇਸ ਪਛਾਣ ਤੋਂ ਤੰਗ ਆ ਜਾਂਦਾ ਹੈ। ਚੰਗੀ ਤਰ੍ਹਾਂ ਘੁੰਮ ਫਿਰ ਨਹੀਂ ਸਕਦਾ, ਪਰੰਤੂ ਬਾਹਰ ਜਾ ਕੇ ਉਸਨੂੰ ਚੰਗਾ ਲਗਦਾ ਹੈ। ਲੇਖਕ ਨੇ ਪਾਕਿਸਤਾਨੀ ਫਿਲਮਾਂ 'ਔਲਾਦ', 'ਸੁਸਰਾਲ' ਵੀ ਇਸ ਸਫਰ ਦੁਰਾਨ ਵੇਖੀਆਂ। ਲੇਖਕ ਪਾਕਿਸਤਾਨੀ ਫਿਲਮਾਂ ਦੀ ਗਿਣਤੀ ਬਾਰੇ ਵੀ ਜ਼ਿਕਰ ਕਰਦਾ ਹੈ। ਲੇਖਕ ਫਿਲਮਾਂ ਦੇ ਉਦਯੋਗ ਬਾਰੇ ਵੀ ਪੂਰੀ ਜਾਣਕਾਰੀ ਦਿੰਦਾ ਹੈ।

ਇਸ ਸਫਰਨਾਮੇ ਵਿੱਚ ਲੇਖਕ ਨੇ ਆਪਣੇ ਬਾਹਰਲੇ ਅਤੇ ਅੰਦਰ ਦੇ ਮਨ ਦੇ ਸੰਘਰਸ਼ ਨੂੰ ਬਾਖੂਬੀ ਚਿਤਰਿਆ ਹੈ। ਇਸ ਦਾ ਵਰਣਨ ਕਰਦਿਆਂ ਲੇਖਕ ਵਧੇਰੇ ਕਰਕੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਕੰਮ ਲੈਂਦਾ ਹੈ। ਇਸ ਯੁੱਗ ਦੀਆਂ ਇਹ ਲੋੜਾਂ ਹਨ ਕਿ ਭਾਵੇਂ ਅਸੀਂ ਕੋਈ ਚੀਜ਼ ਦਿਲੋਂ ਨਾ ਵੀ ਮਹਿਸੂਸ ਕਰੀਏ, ਪਰੰਤੂ ਤਾਂ ਵੀ ਸਾਨੂੰ ਇਸ ਸਬੰਧੀ ਹਾਵ ਭਾਵ ਚਿਹਰੇ ਉਤੇ ਲਿਆਉਣੇ ਪੈਂਦੇ ਹਨ। ਜਿਸਦਾ ਦੂਜਾ ਨਾਂ ਅਦਾਕਾਰੀ ਹੈ। ਲਹੌਰ ਤੋਂ ਤੁਰਨ ਲੱਗਿਆਂ ਲੇਖਕ ਲਹੌਰ ਅਤੇ ਅੰਮ੍ਰਿਤਸਰ ਦੇ ਅੰਤਰ ਬਾਰੇ ਸੋਚਦਾ ਹੈ। ਉਹ ਗੱਡੀ, ਡਰਾਈਵਰ ਤੇ ਫਾਇਰਮੈਨ ਬਾਰੇ ਸੋਚਦਾ ਹੈ ਜਿਹੜੇ ਮੁਸਾਫਰਾਂ ਨੂੰ ਲਿਆਉਂਦੇ ਅਤੇ ਵਾਪਿਸ ਲੈ ਜਾਂਦੇ ਹਨ। ਇਸ ਸੰਦਰਭ ਵਿਚ ਲੇਖਕ ਦੀ ਆਪਣੀ ਜ਼ਮੀਰ ਨਾਲ ਹੋਈ ਬਹਿਸ ਵਿਚਾਰਨਯੋਗ ਹੈ। ਲੇਖਕ ਜਦੋਂ ਵਾਪਿਸ ਭਾਰਤ ਮੁੜਦਾ ਹੈ ਤਾਂ ਗੱਡੀ ਤੁਰਨ ਵੇਲੇ ਉਸਨੂੰ

ਮਹਿਸੂਸ ਹੁੰਦਾ ਹੈ ਕਿ, ''ਮੈਂ ਕੱਲ-ਮੁਕੱਲਾ ਰਹਿ ਗਿਆ। ਜ਼ਮੀਰ ਨੇ ਮੈਨੂੰ ਗਵਾਹਾਂ ਵਾਲੇ ਕਟਹਿਰੇ ਵਿਚ ਖੜ੍ਹਾ ਕਰ ਦਿਤਾ ਇਉਂ ਲੇਖਕ ਆਪਣੀ ਜ਼ਮੀਰ ਨਾਲ ਜਿਹੜੇ ਸੁਆਲ ਜੁਆਬ ਕਰਦਾ ਹੈ ਉਸ ਰਾਹੀਂ ਆਪਣੀ ਯਾਤਰਾ ਦੇ ਤਜ਼ਰਬਿਆਂ ਰਾਹੀਂ ਜੋ ਨਿਸ਼ਕਰਸ਼ ਕੱਢਦਾ ਹੈ ਉਹ ਬਹੁਤ ਸਾਰੇ ਪ੍ਰਸ਼ਨ ਵੀ ਪੈਦਾ ਕਰਦਾ ਹੈ:

1. ਬਲਰਾਜ ਸਾਹਨੀ ਵਾਪਿਸ ਆ ਕੇ ਖੁਸ਼ੀ ਅਨੁਭਵ ਕਰਦਾ ਹੈ ਕਿਉਂਕਿ ਉਹ ਵਾਪਿਸ ਆਪਣੇ ਘਰ ਆ ਗਿਆ। ਉਸਦਾ ਘਰ ਬੰਬਈ ਨਹੀਂ ਬਲਕਿ ਪਾਕਿਸਤਾਨ ਤੋਂ ਪਰਤਣ ਪਿਛੋਂ ਇੰਡੀਆ ਹੋ ਗਿਆ ਹੈ। ਕਿਉਂ?
2. ਬਲਰਾਜ ਸਾਹਨੀ ਨੂੰ ਰਾਵਲਪਿੰਡੀ ਅਤੇ ਭੇਰਾ ਦੇਖਕੇ ਤਸੱਲੀ ਹੁੰਦੀ ਹੈ ਪਰ ਉਸਨੂੰ ਉਨ੍ਹਾਂ ਥਾਵਾਂ ਨੂੰ ਛੱਡ ਜਾਣ ਦਾ ਅਫਸੋਸ ਨਹੀਂ। ਵਾਪਸੀ ਵੇਲੇ ਉਸਨੂੰ ਢੇਰ ਸਾਰਾ ਸੰਤੋਖ ਮਿਲਦਾ ਹੈ ਕਿਉਂਕਿ ਉਹ ਇਹ ਮਹਿਸੂਸ ਕਰਦਾ ਹੈ ਕਿ ਉਹ ਇੰਡੀਆ ਵਿਚ ਹੀ ਜੰਮਿਆ ਸੀ ਤੇ ਹੁਣ ਵੀ ਇੰਡੀਆ ਵਿਚ ਰਹਿ ਰਿਹਾ ਹੈ ਉਹ ਇੰਡੀਅਨ ਹੀ ਮਰੇਗਾ। ਇਸ ਤੋਂ ਲੇਖਕ ਦੀ ਕੀ ਮੁਰਾਦ ਹੈ।
3. ਇਕ ਪਾਸੇ ਲੇਖਕ ਕੌਮੀ ਅਤੇ ਮਜ਼ਬੀ ਜਨੂੰਨ ਦੇ ਵਿਰੁੱਧ ਭੁਗਤਦਾ ਹੈ ਦੂਜੇ ਪਾਸੇ ਕਹਿੰਦਾ ਹੈ ਕਿ ਮੁਲਕ ਲਈ ਮਰ ਮਿਟਣ ਨੂੰ ਜ਼ਰੂਰੀ ਆਖਦਾ ਹੈ। ਜਿਨ੍ਹਾਂ ਲੋਕਾਂ ਨੇ ਸਾਮਰਾਜ ਨਾਲ ਲੜਕੇ ਆਜ਼ਾਦੀ ਹਾਸਲ ਕੀਤੀ ਉਨ੍ਹਾਂ ਨੇ ਦੇਸ਼ ਵਿੱਚ ਹਕੂਮਤ ਬਣਾਈ, ਜਿਹੜੀਆਂ ਪਾਲਸੀਆਂ ਉਸਨੇ ਦੇਸ਼ ਅੱਗੇ ਰੱਖੀਆਂ ਉਹ ਇਕ ਜਾਤ ਜਾਂ ਇਕ ਧਰਮ ਲਈ ਨਹੀਂ ਬਲਕਿ ਸਾਰੀ ਮਨੁੱਖਤਾ ਲਈ ਸਾਂਝੀਆਂ ਸਨ। ਇਹ ਕਿਥੋਂ ਤਕ ਸੰਭਵ ਹੈ?
4. ਸਨਅਤ ਵਿਚ ਉਨਤੀ ਹੋਈ ਹੈ, ਮਜ਼ਦੂਰਾਂ ਕਿਸਾਨਾਂ ਨੂੰ ਸਹੂਲਤਾਂ ਮਿਲੀਆਂ ਹਨ। ਲੋਕ ਪੱਖੀ ਅਧਿਕਾਰ ਮਿਲੇ ਹਨ ਮਨੁੱਖ ਨੂੰ ਸਿਰ ਉਚਾ ਕਰਕੇ ਤੁਰਨ ਦੀ ਸਮਰੱਥਾ ਮਿਲੀ ਹੈ। ਇਸ ਪੱਖੋਂ ਲੁਧਿਆਣੇ ਦਾ ਸਨਅਤੀ ਵਿਕਾਸ ਦੇਖਿਆ ਜਾ ਸਕਦਾ ਹੈ। ਇਹ ਕਹਿਕੇ ਲੇਖਕ ਕੀ ਦੱਸਣਾ ਚਾਹੁੰਦਾ ਹੈ?
5. ਦੇਸ਼ ਦੇ ਲੋਕਾਂ ਨੂੰ ਨਵੀਂ ਚੇਤਨਾ ਮਿਲੀ ਹੈ। ਛੋਟੇ ਛੋਟੇ ਮਜ਼ਬਾਂ ਅਤੇ ਜਾਤ-ਪਾਤ ਤੋਂ ਉਪਰ ਉਠਕੇ ਦੇਸ਼ ਵਿਆਪੀ ਏਕਤਾ ਕਾਇਮ ਕਰਨ ਦਾ ਰਾਹ ਦਸਿਆ ਹੈ। ਮਜ਼ਦੂਰਾਂ ਨੂੰ ਆਪਣੀ ਜਥੇਬੰਦੀ ਮਜ਼ਬੂਤ ਕਰਨ ਦੀ ਖੁੱਲ੍ਹ ਮਿਲੀ ਹੈ। ਸਿੱਖ ਫਾਇਰਮੈਨ ਇਕ ਮਜ਼ਦੂਰ ਹੈ ਚੰਗੇਰੇ ਜੀਵਨ ਦੀ ਆਸ ਨੇ ਉਸਦੇ ਮੂੰਹ ਉਤੇ ਖੇੜਾ ਲਿਆਂਦਾ ਸੀ ਇਸੇ ਗੱਲ ਨੂੰ ਮਹਿਸੂਸ ਕਰਦਿਆਂ ਲੇਖਕ ਵੀ ਵਾਪਸੀ ਤੇ ਖੁਸ਼ੀ ਮਹਿਸੂਸ ਕਰਦਾ ਹੈ। ਮੌਜੂਦਾ ਸਥਿਤੀ ਵਿਚ ਉਸਦੀ ਇਹ ਖੁਸ਼ੀ ਕਿਥੇ ਕੁ ਤੱਕ ਸੰਭਵ ਹੈ।

ਇਉਂ ਲੇਖਕ ਦਾ ਆਪਣੇ ਆਪ ਨਾਲ ਕੀਤਾ ਸੰਵਾਦ ਜਿਥੇ ਭਾਰਤੀ ਵਿਧਾਨਕ ਪ੍ਰਣਾਲੀ ਦਾ ਵਿਸਲੇਸ਼ਣ ਕਰਦਾ ਹੈ ਉਥੇ ਮਨ ਹੀ ਮਨ ਪਾਠਕਾਂ ਲਈ ਅਜਿਹੇ ਪ੍ਰਸ਼ਨ ਵੀ ਪੈਦਾ ਕਰਦਾ ਹੈ ਜਿਹੜੇ ਸੋਚਣ ਵਿਚਾਰਨ ਵਾਲੇ ਹਨ।

ਇਸ ਪ੍ਰਕਾਰ ਬਲਰਾਜ ਸਾਹਨੀ ਨੇ ਵਿਸੇ ਪੱਖ ਤੋਂ ਜਿੱਥੇ ਮੇਰਾ 'ਪਾਕਿਸਤਾਨੀ ਸਫਰਨਾਮਾ' ਵਿਚ ਆਪਣੀ ਸ਼ਖਸ਼ੀਅਤ ਦੇ ਭਾਵਾਤਮਕ ਪੱਖ ਨੂੰ ਉਜਾਗਰ ਕੀਤਾ ਹੈ, ਉਥੇ ਪਾਕਿਸਤਾਨ ਵਿੱਚ ਰਹਿੰਦੇ ਵਸਨੀਕਾਂ ਦੀਆਂ ਜ਼ਿੰਦਗੀਆਂ ਨੂੰ ਕਈ ਕੋਣਾਂ ਤੋਂ ਵਿਚਾਰਿਆ ਹੈ, ਉਸਦੇ ਬ੍ਰਿਤਾਂਤ ਵਿਚ ਉਸਦੀ ਵਿਚਾਰਧਾਰਾ ਦੇ ਬਹੁਤ ਸਾਰੇ ਸਿਧਾਂਤਕ ਪਹਿਲੂਆਂ ਨੂੰ ਵਿਚਾਰਿਆ ਗਿਆ ਹੈ। ਇਉਂ ਲੇਖਕ ਦੀ ਭਾਵਾਤਮਕ ਪੱਧਰ ਨੂੰ ਮੁੱਖ ਰੱਖ ਕੇ ਕੀਤਿਆਂ ਸੈਰ ਕੇਵਲ ਸੈਰ ਨਹੀਂ ਰਹਿੰਦੀ ਬਲਕਿ ਇਸ ਰਚਨਾ ਦੀ ਮੁੱਖ ਸਮੱਸਿਆ ਸਾਂਸਕ੍ਰਿਤਕ ਸਭਿਆਚਾਰਕ ਹੋ ਨਿਬੜਦੀ ਹੈ ਜਿਸਨੂੰ ਉਨੀ ਸੌ ਸੰਤਾਲੀ ਦੀ ਵੰਡ ਨੇ ਬਹੁਤ ਢਾਹ ਲਾਈ ਹੈ।

ਲੇਖਕ ਦੀਆਂ ਉਸ ਸੈਰ ਦੁਰਾਨ ਵੇਖੀਆਂ ਭਾਲੀਆਂ ਵਸਤਾਂ ਨੂੰ ਭੂਤ ਦੇ ਸੰਦਰਭ ਵਿਚ ਰਖਕੇ ਵਰਤਮਾਨ ਦੀ ਟਿੱਪਣੀ ਕਰਨੀ ਲੇਖਕ ਦੀ ਬੁੱਧੀ ਅਤੇ ਗੰਭੀਰਤਾ ਦੀ ਨਿਸ਼ਾਨਦੇਹੀ ਕਰਦੀ ਹੈ। ਅੰਤ ਵਿੱਚ ਇਸ ਸਫਰਨਾਮੇ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਰਚਨਾ ਦੋਹਾਂ ਮੁਲਕਾਂ ਵਿਚਕਾਰ ਸਹਿਜੇ ਹੀ ਇਕ ਪੁਲ ਦਾ ਕੰਮ ਕਰੇਗੀ।

ਪਾਠ ਨੰਬਰ : 2.4 - ਡਾ. ਬਲਜੀਤ ਕੌਰ ਬਲੀ

ਸਫਰਨਾਮੇ ਦੀ ਪਰਿਭਾਸਾ ਤੇ 'ਮੇਰਾ ਪਾਕਿਸਤਾਨੀ ਸਫਰਨਾਮਾ'

ਸਫਰਨਾਮਾ ਵਾਰਤਕ ਦੀ ਇਕ ਅਜਿਹੀ ਵੰਨਗੀ ਹੈ ਜਿਸ ਵਿਚ ਕਿਸੇ ਵਿਅਕਤੀ ਦੁਆਰਾ ਕੀਤੀ ਗਈ ਸੈਰ ਦੇ ਸਮਾਚਾਰਾਂ ਨੂੰ ਬਿਆਨ ਕੀਤਾ ਜਾਂਦਾ ਹੈ। ਇਸ ਵਿਚਲੇ ਬ੍ਰਿਤਾਂਤ ਵਿਚ ਲੇਖਕ ਆਪ ਇਕ ਨਾਇਕ ਵਜੋਂ ਪੇਸ਼ ਹੁੰਦਾ ਹੈ। ਜਿਸ ਵਿਚ ਕਿਸੇ ਸਥਾਨ ਜਾਂ ਦੇਸ਼ ਦੀ ਯਾਤਰਾ ਵਿਚਲੇ ਅਨੁਭਵਾਂ ਪ੍ਰਤਿਕ੍ਰਮਾਂ ਜਾਂ ਪ੍ਰਭਾਵਾਂ ਨੂੰ ਬੜੇ ਰੌਚਕ ਢੰਗ ਨਾਲ ਪੇਸ਼ ਕਰਦਾ ਹੈ। ਇਸ ਲਈ ਸਫਰਨਾਮਾ ਸ਼ਿਲਪ ਪੱਖੋਂ ਕਈ ਪਾਸਿਆਂ ਵੱਲ ਫੈਲਦਾ ਹੈ। ਇਸ ਵਿਚ ਪਹਿਲੀ ਗੱਲ ਇਹ ਮਹੱਤਵਪੂਰਨ ਹੈ ਕਿ ਸਰੀਰਕ ਜਾਂ ਵਾਸਤਵਿਕ ਤੌਰ ਤੇ ਕਿਸੇ ਭੂਗੋਲਿਕ ਇਕਾਈ ਦੀ ਸੈਰ ਜਾਂ ਯਾਤਰਾ ਕਰਨਾ ਹੈ। ਦੂਜੀ ਮਹੱਤਵਪੂਰਨ ਗੱਲ ਲੇਖਕ ਦੇ ਮਾਨਸਿਕ ਆਪੇ ਨਾਲ ਜੁੜੀ ਹੁੰਦੀ ਹੈ ਜਿਸ ਵਿਚ ਉਸ ਯਾਤਰਾ ਦੇ ਉਸਦੇ ਮਨ ਤੇ ਪਏ ਪ੍ਰਭਾਵਾਂ ਨੂੰ ਸਾਹਿਤਕ ਤੇ ਆਲੋਚਨਾਤਮਕ ਢੰਗ ਨਾਲ ਬਿਆਨ ਕੀਤਾ ਹੁੰਦਾ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਲੇਖਕ ਆਪਣੇ ਯਾਤਰਾ ਵਿਚਲੇ ਅਨੁਭਵ ਨੂੰ ਸ਼ਬਦਾਂ ਦੇ ਰੂਪ ਵਿਚ ਢਾਲਦਾ ਹੈ। ਇਸ ਲਈ ਸਫਰਨਾਮੇ ਲਈ ਪਹਿਲੀ ਮਹੱਤਵਪੂਰਨ ਉਸਦੀ ਵਾਸਤਵਿਕਤਾ ਹੈ ਦੂਜੀ ਗੱਲ ਉਸਦਾ ਸਾਹਿਤਕ ਹੋਣਾ ਹੈ। ਲੇਖਕ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਕਰਦੇ ਸਮੇਂ ਉਸ ਵਿਚ ਕਥਾ ਰਸ ਅਤੇ ਪਾਠਕਾਂ ਦੇ ਸੁਹਜ ਸੁਆਦ ਦਾ ਵੀ ਧਿਆਨ ਰੱਖਦਾ ਹੈ।

ਇਸਦੇ ਨਾਲ ਹੀ ਸਫਰਨਾਮੇ ਬਾਰੇ ਇਕ ਗੱਲ ਹੋਰ ਵੀ ਮਹੱਤਵਪੂਰਨ ਹੁੰਦੀ ਹੈ ਕਿ ਲੇਖਕ ਆਪਣੀ ਯਾਤਰਾ ਦੌਰਾਨ ਇੱਕਠੀ ਕੀਤੀ ਸਮੱਗਰੀ, ਸੂਚਨਾਵਾਂ, ਪ੍ਰਤਿਕਰਮਾਂ ਅਤੇ ਅਨੁਭਵਾਂ ਨੂੰ ਹੂ-ਬ-ਹੂ ਰੂਪ ਵਿਚ ਪੇਸ਼ ਨਾ ਕਰੇ। ਇਸ ਪੱਖ ਤੋਂ ਸਫਰਨਾਮਾ ਇਤਿਹਾਸ ਨਾਲੋਂ ਵੱਖਰਾ ਹੁੰਦਾ ਹੈ। ਇਤਿਹਾਸ ਵਿਚ ਘਟਨਾਵਾਂ, ਤਾਰੀਖਾਂ ਤੇ ਵਿਅਕਤੀਆਂ ਦਾ ਅਸਲ ਰੂਪ ਵਿਚ ਹੀ ਪ੍ਰਸੱਤੁਤੀਕਰਨ ਹੁੰਦਾ ਹੈ। ਬਿਆਨ ਕਰਤਾ ਦਾ ਵਿਅਕਤੀਤੱਵ ਪਿਛੇ ਰਹਿ ਜਾਂਦਾ ਹੈ ਘਟਨਾ ਸ਼ਿਲਪ ਸਾਰੇ ਬਿਰਤਾਂਤ ਉਤੇ ਛਾ ਜਾਂਦਾ ਹੈ ਇਸ ਕਰਕੇ ਇਤਿਹਾਸ ਬਹੁਤ ਵਾਰੀ ਪੜ੍ਹਨ ਵਾਲਿਆਂ ਨੂੰ ਦਿਲਚਸਪ ਨਹੀਂ ਲੱਗਦਾ। ਇਸਦੇ ਉਲਟ ਸਫਰਨਾਮਾ ਇਤਿਹਾਸਕ ਘਟਨਾਵਾਂ ਨੂੰ ਪ੍ਰਤੀਕਰਮ ਰੂਪ ਵਿਚ ਪੇਸ਼ ਕਰਦਾ ਹੈ। ਇਸਦਾ ਭਾਵ ਇਹ ਹੈ ਕਿ ਸਫਰਨਾਮਾ ਲੇਖਕ ਜਦੋਂ ਕਿਸੇ ਸਥਾਨ ਤੇ ਵਾਪਰੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੈ ਤਾਂ ਉਸ ਬਾਰੇ ਆਪਣੀ ਵੀ ਆਲੋਚਨਾਤਮਕ ਟਿੱਪਣੀ ਪੇਸ਼ ਕਰਦਾ ਹੈ ਇਉਂ ਘਟਨਾਵਾਂ ਨਾਲ ਸਾਹਿਤਕ ਤੇ ਵਾਧੂ ਵੇਰਵੇ ਜੁੜ ਜਾਂਦੇ ਹਨ ਜਿਹੜੇ ਇਤਿਹਾਸ ਵਿਚ ਨਹੀਂ ਹੁੰਦੇ। ਇਸ ਪੱਖੋਂ ਲੇਖਕ ਪਾਠਕ ਨਾਲ ਇਕ ਅਜਿਹੀ ਸਾਂਝ ਸਿਰਜ ਲੈਂਦਾ ਹੈ ਜਿਹੜੀ ਉਸਦੇ ਆਪੇ ਨੂੰ ਟੁੰਬਦੀ ਹੈ। ਲੇਖਕ ਜਿਸ ਪੱਖ ਨੂੰ ਸੁਆਦ ਨਾਲ ਬਿਆਨ ਕਰਦਾ ਹੈ ਉਸ ਵਿਚ ਕਲਪਣਾ ਦਾ ਅੰਸ਼ ਵੀ ਭਰ ਦਿੰਦਾ ਹੈ ਜਿਸ ਕਰਕੇ ਲਿਖਤ ਰਚਨਾ ਜਾਪਣ ਲੱਗ ਪੈਂਦੀ ਹੈ। ਸਫਰਨਾਮੇ ਵਿਚ ਸਾਹਿਤਕਤਾ, ਮੌਲਿਕਤਾ ਤੇ ਕਲਪਣਾ ਦੇ ਅੰਸ਼ ਕਰਕੇ ਹੀ ਉਸ ਵਿਚ ਪਾਠਕ ਦੀ ਦਿਲਚਸਪੀ ਹੁੰਦੀ ਹੈ ਤੇ ਇਸੇ ਕਰਕੇ ਸਫਰਨਾਮਾ ਇਤਿਹਾਸ ਜਾਂ ਭੂਗੋਲਿਕ ਜਾਣਕਾਰੀ ਨਹੀਂ ਹੁੰਦੀ ਬਲਕਿ ਸਾਹਿੱਤਕ ਰਚਨਾ ਹੋ ਨਿਬੜਦੀ ਹੈ।

ਲੇਖਕ ਘਟਨਾਵਾਂ ਨੂੰ ਇੱਕਠਾ ਕਰਕੇ ਉਸ ਵਿਚ ਬਿਆਨ ਦਾ ਇਕ ਲੰਮਾ ਸਿਲਸਿਲਾ ਪ੍ਰਸਤੁੱਤ ਕਰਦਾ ਹੈ। ਇਸ ਵਿਚ ਕਈ ਘਟਨਾਵਾਂ ਨੂੰ ਇੱਕਠਾ ਕਰਕੇ ਹੀ ਤਾਣਾ ਪੇਟਾ ਬੁਣਿਆ ਜਾਂਦਾ ਹੈ। ਘਟਨਾਵਾਂ ਨੂੰ ਇਕੱਤਰ ਤੇ ਸਿਲਸਿਲੇਵਾਰ ਕਰਨ, ਜਾਣਕਾਰੀ ਪ੍ਰਾਪਤ ਕਰਨ ਤੇ ਉਨ੍ਹਾਂ ਬਾਰੇ ਪ੍ਰਤੀਕਰਮ ਪ੍ਰਗਟਾ ਕੇ ਲੇਖਕ ਆਪਣੀ ਲਿਖਤ ਨੂੰ ਆਪਣੇ ਆਦਰਸ਼ ਵੱਲ ਵਧਾਉਂਦਾ ਹੈ ਜਿਸਤੋਂ ਲੇਖਕ ਦੇ ਦ੍ਰਿਸ਼ਟੀਕੋਣ ਦਾ ਪਤਾ ਲੱਗਦਾ ਹੈ। ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਲੇਖਕ ਆਪਣੀ ਯਾਤਰਾ

ਦੀ ਸਮੱਗਰੀ ਦਾ ਉਲੇਖ ਕਿਸ ਸ਼ੈਲੀ ਵਿਚ ਕਰਦਾ ਹੈ। ਔਕੜਾਂ, ਪ੍ਰਾਪਤੀਆਂ, ਅਪ੍ਰਾਪਤੀਆਂ ਜ਼ਿੰਦਗੀ ਦਾ ਅੰਗ ਹੁੰਦੀਆਂ ਹਨ ਇਹ ਜ਼ਿੰਦਗੀ ਸਫਰਨਾਮੇ ਵਿਚੋਂ ਝਲਕਣੀ ਚਾਹੀਦੀ ਹੈ। ਇਸ ਵਿਚ ਕਿਸੇ ਸਥਾਨ ਜਾਂ ਦੇਸ਼ ਦੀ ਇਤਿਹਾਸਕ-ਭੂਗੋਲਿਕ ਸਥਿਤੀ ਦਾ ਹੀ ਜ਼ਿਕਰ ਨਹੀਂ ਹੋਣਾ ਚਾਹੀਦਾ ਬਲਕਿ ਉਥੋਂ ਤੇ ਲੋਕਾਂ ਦੀ ਰਹਿਣੀ-ਬਹਿਣੀ, ਉਨ੍ਹਾਂ ਦਾ ਵਤੀਰਾ, ਰਵਾਇਤਾਂ ਅਤੇ ਕੌਮੀ ਸਦਾਚਾਰ ਦੇ ਸੰਕਲਪ ਬਾਰੇ ਵੀ ਵਿਆਖਿਆ ਹੋਣੀ ਚਾਹੀਦੀ ਹੈ। ਪਰੰਤੂ ਕਈ ਵਾਰੀ ਯਾਤਰਾ ਕਰਨ ਵਾਲੇ ਨੂੰ ਵਿਦੇਸ਼ਾ ਵਿਚ ਜਾ ਕੇ ਏਨੀ ਖੁੱਲ੍ਹ ਨਹੀਂ ਮਿਲਦੀ ਜਿੰਨੀ ਆਪਣੇ ਦੇਸ਼ ਵਿੱਚ ਹੁੰਦੀ ਹੈ ਗੁਪਤ ਵਿਭਾਗ ਦੀ ਨਿਗਰਾਨੀ ਕਰਕੇ ਕਈ ਵਾਰੀ ਯਾਤਰੀ ਨਿਰਾਸ਼ ਹੋ ਜਾਂਦਾ ਹੈ ਅਜਿਹੇ ਤਜ਼ਰਬੇ ਦਾ ਬਿਆਨ ਵੀ ਸਫਰਨਾਮੇ ਵਿਚ ਹੋਣਾ ਚਾਹੀਦਾ ਹੈ।

ਮਨੁੱਖ ਦਾ ਬੁਨਿਆਦੀ ਸੁਭਾ ਹੈ ਕਿ ਉਹ ਵੱਖ ਵੱਖ ਥਾਵਾਂ ਨੂੰ ਦੇਖਣਾ ਤੇ ਵੱਖ ਵੱਖ ਰੰਗਾਂ ਨੂੰ ਮਾਨਣਾ ਚਾਹੁੰਦਾ ਹੈ। ਉਸ ਵਿਚ ਨਵੇਂ ਨਵੇਂ ਵਿਅਕਤੀਆਂ ਨੂੰ ਮਿਲਣ ਦੀ ਇਛਾ ਹੁੰਦੀ ਹੈ। ਨਵੀਆਂ ਥਾਵਾਂ ਨੂੰ ਦੇਖਣ ਦੀ ਭੁੱਖ ਹੁੰਦੀ ਹੈ ਸਾਹਿਤ ਦੇ ਬਾਕੀ ਰੂਪਾਂ ਨਾਵਲ, ਨਾਟਕ, ਕਹਾਣੀ ਅਤੇ ਕਵਿਤਾ ਦੀ ਤਰ੍ਹਾਂ ਸਫਰਨਾਮਾ ਵੀ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਸ ਵਿਚ ਮਨੁੱਖ ਦੀਆਂ ਉਕਤ ਭਾਵਨਾਵਾਂ ਵਧੇਰੇ ਸੰਤੁਸ਼ਟ ਹੁੰਦੀਆਂ ਹਨ। ਲੇਖਕ ਜਦੋਂ ਅਮਰੀਕਾ ਜਾਂ ਰੂਸ ਸਬੰਧੀ ਕੀਤੀ ਗਈ ਯਾਤਰਾ ਨੂੰ ਲਿਖਦਾ ਹੈ ਤਾਂ ਪਾਠਕਾਂ ਦੇ ਮਨਾਂ ਵਿਚ ਵੀ ਇਹ ਉਮੰਗ ਉਠਦੀ ਹੈ ਕਿ ਉਹ ਵੀ ਉਥੇ ਜਾਣ ਉਨ੍ਹਾਂ ਥਾਵਾਂ ਨੂੰ ਵੇਖਣ ਅਤੇ ਉਹੀ ਅਨੰਦ ਪ੍ਰਾਪਤ ਕਰ ਸਕਣ। ਇਸ ਤਰ੍ਹਾਂ ਸਫਰਨਾਮਾ ਸਾਹਿਤ ਦੀ ਅਜਿਹੀ ਵੰਨਗੀ ਹੈ ਜਿਹੜੀ ਸਾਨੂੰ ਕੁਝ ਕਰਨ ਦੀ ਚਾਹ ਪੈਦਾ ਕਰਦੀ ਹੈ ਜ਼ਿੰਦਗੀ ਨਾਲ ਜੋੜਦੀ ਹੈ ਸਾਡੇ ਵਿਚ ਨਵੀਂ ਪ੍ਰੇਰਣਾ ਸ਼ਕਤੀ ਪੈਦਾ ਕਰਦੀ ਹੈ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਇਨਸਾਨੀ ਖੂਨ ਵਿਚ ਬਹੁਤ ਸਾਰੀਆਂ ਸ਼ਕਤੀਆਂ ਲੁਕੀਆਂ ਹੁੰਦੀਆਂ ਹਨ ਜਿਨ੍ਹਾਂ ਬਾਰੇ ਉਸਨੂੰ ਗਿਆਨ ਨਹੀਂ ਹੁੰਦਾ ਪਰੰਤੂ ਸਫਰਨਾਮਾ ਉਨ੍ਹਾਂ ਸ਼ਕਤੀਆਂ ਨੂੰ ਠੀਕ ਢੰਗ ਨਾਲ ਪ੍ਰਫੁਲਤ ਕਰਦਾ ਹੋਇਆ ਮਨੁੱਖ ਵਿਚ ਉਤਸ਼ਾਹ ਭਰਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਫਰਨਾਮਾ ਇਕ ਹਰਮਨ ਪਿਆਰੀ ਵਿਧਾ ਹੈ।

ਉਪਰੋਕਤ ਵਿਚਾਰ ਦੀ ਰੌਸ਼ਨੀ ਵਿਚ ਕਿਹਾ ਜਾ ਸਕਦਾ ਹੈ ਕਿ ਸਫਰਨਾਮਾ ਕਿਸੇ ਥਾਂ ਦੀ ਯਾਤਰਾ ਜਾਂ ਸੈਰ ਦਾ ਲੇਖਾ ਜੋਖਾ ਕਰਨਾ ਹੈ ਬਿਰਤਾਂਤ ਦੀ ਜੁਗਤ ਨਾਲ ਲੇਖਕ ਆਲੋਚਨਾ ਦੀ ਰੂਹ ਭਰਦਾ ਹੈ ਸਫਰਨਾਮੇ ਦੀ ਤਕਨੀਕ ਇਸ ਗੱਲ ਦੀ ਮੰਗ ਕਰਦੀ ਹੈ ਕਿ ਇਸ ਵਿਚ ਕਿਸੇ ਦੇਸ਼ ਦੇ ਜੀਵਨ ਦੀ ਸੰਤੁਲਿਤ ਅਤੇ ਭਰਪੂਰ ਅਵਸਥਾ ਦਾ ਨਿਰੂਪਣ ਕੀਤਾ ਜਾਏ ਕਿਉਂਕਿ ਸਫਰਨਾਮਾ ਲੇਖਕ ਇਕ ਸੈਲਾਨੀ ਹੀ ਨਹੀਂ ਹੁੰਦਾ ਬਲਕਿ ਇਕ ਸੁਚੇਤ ਵਿਅਕਤੀ ਅਤੇ ਸਾਹਿਤਕਾਰ ਵੀ ਹੁੰਦਾ ਹੈ। ਸਫਰਨਾਮਾ ਵਧੇਰੇ ਕਰਕੇ ਪ੍ਰਭਾਵਵਾਦੀ ਆਲੋਚਨਾ ਦੇ ਵਧੇਰੇ ਨੇੜੇ ਹੁੰਦਾ ਹੈ ਜਿਸ ਕਰਕੇ ਇਸ ਵਿਚ ਵਿਅਕਤੀ ਦੀ ਪਸੰਦ ਨਾ ਪਸੰਦ ਤੇ ਉਸ ਦੀ ਜੀਵਨ ਦ੍ਰਿਸ਼ਟੀ ਵਧੇਰੇ ਪ੍ਰਬਲ ਹੁੰਦੀ ਹੈ।

ਉਕਤ ਵਿਸ਼ਲੇਸ਼ਣ ਦੇ ਆਧਾਰ ਤੇ ਬਲਰਾਜ ਸਾਹਨੀ 'ਮੇਰਾ ਪਾਕਿਸਤਾਨੀ ਸਫਰਨਾਮਾ' ਦੀ ਚਰਚਾ ਕਰਨੀ ਯੋਗ ਹੋਵੇਗੀ। ਪਹਿਲੀ ਮਹੱਤਵਪੂਰਨ ਗੱਲ ਵਿਅਕਤੀ ਵਿਸ਼ੇਸ਼ ਵਾਲੀ ਹੈ। ਇਸ ਸਫਰਨਾਮੇ ਵਿਚ ਬਲਰਾਜ ਸਾਹਨੀ ਵਿਅਕਤੀ ਵਿਸ਼ੇਸ਼ ਹੈ ਜਿਸ ਦੁਆਲੇ ਇਸ ਪੁਸਤਕ ਦਾ ਸਾਰਾ ਬਿਰਤਾਂਤ ਘੁੰਮਦਾ ਹੈ। ਇਸ ਪੱਖ ਤੋਂ ਉਹ ਰਚਨਾ ਦਾ ਨਾਇਕ ਹੈ। ਇਸ ਪੱਖੋਂ ਇਹ ਗੱਲ ਨਹੀਂ ਆਖੀ ਜਾ ਸਕਦੀ ਕਿ ਲੇਖਕ ਆਪਣੀ ਲਿਖਤ ਦਾ ਨਾਇਕ ਨਹੀਂ। ਸਫਰਨਾਮੇ ਦੀ ਤਕਨੀਕ ਇਸ ਗੱਲ ਦੀ ਮੰਗ ਕਰਦੀ ਹੈ ਕਿ ਲੇਖਕ ਆਪਣੀ ਯਾਤਰਾ ਦੇ ਬਿਆਨ ਨੂੰ ਵਿਅਕਤੀਗਤ ਪੱਧਰ ਉਤੇ ਪ੍ਰਾਪਤ ਕੀਤੇ ਅਨੁਭਵਾਂ ਦੇ ਪ੍ਰਤੀਕਰਮ ਵਜੋਂ ਪੇਸ਼ ਕਰੇ। ਇਸ ਲਈ ਲੇਖਕ ਦਾ ਨਾਇਕ ਦੇ ਅਸਤਿਤਵ ਵਿਚ ਢਾਲਣਾ ਸੁਭਾਵਕ ਹੋ ਜਾਂਦਾ ਹੈ ਇਸ ਪੁਸਤਕ ਵਿਚ ਨਾਇਕ ਦਾ ਅਸਤਿਤਵ ਰਚਨਾ ਦੇ ਆਰੰਭ ਤੋਂ ਲੈ ਕੇ ਅੰਤਲੇ ਪੰਨੇ ਤੱਕ ਪਸਰਿਆ ਹੋਇਆ ਹੈ। ਇਸ ਪੱਖ ਤੋਂ ਯਾਤਰਾ ਸਾਹਿਤ ਦੀ ਜਿਥੇ ਇਹ ਪ੍ਰਾਪਤੀ ਹੈ ਉਥੇ ਅਪ੍ਰਾਪਤੀ ਵੀ। ਇਸਦਾ ਭਾਵ ਇਹ ਹੈ ਕਿ ਲੇਖਕ ਆਪਣੀ ਸਖਸ਼ੀਅਤ ਦੀਆਂ ਕਈ ਵਿਸ਼ੇਸ਼ਤਾਵਾਂ ਬਾਰੇ ਵਧੇਰੇ ਚੇਤੰਨ ਹੁੰਦਾ ਹੈ ਜਿਸ ਕਰਕੇ ਉਸਦਾ ਉਹ ਪੱਖ ਸੁਭਾਵਕ ਤੌਰ ਤੇ ਰਚਨਾ

ਵਿਚ ਆ ਜਾਂਦਾ ਹੈ ਜਿਵੇਂ ਵਿਚਾਰ ਅਧੀਨ ਪੁਸਤਕ ਵਿਚ ਲੇਖਕ ਦਾ ਵਿਅਕਤੀਤਵ ਉਘੜਿਆ ਹੀ ਨਹੀਂ ਬਲਕਿ ਛਾਇਆ ਹੋਇਆ ਹੈ। ਉਸਦੀ ਫਿਲਮ ਅਦਾਕਾਰੀ ਇਨ੍ਹਾਂ ਗੱਲਾਂ ਵਿਚੋਂ ਇਕ ਹੈ।

ਇਸ ਪੱਖ ਤੋਂ ਬਲਰਾਜ ਸਾਹਨੀ ਦੀ ਸਖਸ਼ੀਅਤ ਦੇ ਤਿੰਨ ਪੱਖ ਉਘੜਕੇ ਸਾਹਮਣੇ ਆਉਂਦੇ ਹਨ। ਉਸਦੀ ਸਖਸ਼ੀਅਤ ਦਾ ਪਹਿਲਾ ਰੰਗ ਉਸਦੇ ਇਕ ਸੈਲਾਨੀ ਜਾਂ ਯਾਤਰੀ ਦੇ ਤੌਰ ਤੇ ਆਪਣੇ ਘਰੋਂ ਬੰਬਈ ਤੋਂ ਪਾਕਿਸਤਾਨ ਦੀ ਯਾਤਰਾ ਲਈ ਚੱਲਣਾ ਇਹ ਸਫਰ ਪਾਕਿਸਤਾਨ ਦੇ ਚੋਣਵੇਂ ਸ਼ਹਿਰਾਂ ਤੱਕ ਪਸਰਿਆ ਹੋਇਆ ਹੈ। ਉਸਦੀ ਸਖਸ਼ੀਅਤ ਦਾ ਦੂਜਾ ਰੰਗ ਜਾਂ ਸਫਰਨਾਮੇ ਦੀ ਵਿਸ਼ੇਸ਼ਤਾ ਉਸਦੀ ਸਾਹਿਤਕਤਾ ਹੈ। ਬਲਰਾਜ ਸਾਹਨੀ ਵਿਸ਼ੇਸ਼ ਤੌਰ ਤੇ ਸਾਹਿਤ ਪ੍ਰੇਮੀ ਹੈ। ਉਸਨੂੰ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੰਜਾਬੀਅਤ ਦੀ ਢੁੱਕਵੀਂ ਮਿਸਾਲ ਹੈ। ਉਸਦੀ ਰਚਨਾ ਵਿਚ ਉਸਦਾ ਸਾਹਿਤਕ ਪੱਖ ਵਿਸ਼ੇਸ਼ ਰੂਪ ਵਿਚ ਉਘੜਦਾ ਹੈ। ਇਸ ਰਚਨਾ ਵਿਚ ਸਾਹਿਤਕ ਪੱਖ ਵਧੇਰੇ ਭਾਰੂ ਹੈ। ਸਤਿਯੰ, ਸਿਵੰ, ਸੰਦਰਯੰ ਇਸ ਪੱਖ ਤੋਂ ਇਹ ਰਚਨਾ ਮਹੱਤਵਪੂਰਨ ਹੈ ਲੇਖਕ ਦੀ ਮੌਲਿਕਤਾ, ਸਾਹਿਤਕਤਾ, ਕਾਲਪਨਿਕਤਾ ਤੇ ਅਲੋਚਨਾਤਮਿਕਤਾ ਰਲਕੇ ਇਸਨੂੰ ਇਕ ਮਹੱਤਵਪੂਰਨ ਸਫਰਨਾਮਾ ਬਣਾਉਂਦੀਆਂ ਹਨ। ਉਸਦੀ ਸਖਸ਼ੀਅਤ ਦਾ ਤੀਜਾ ਪੱਖ ਉਸਦਾ ਫਿਲਮੀ ਅਦਾਕਾਰ ਹੋਣਾ ਹੈ। ਇਸ ਪੱਖ ਤੋਂ ਲੇਖਕ ਭਲੀ-ਪ੍ਰਕਾਰ ਚੇਤੰਨ ਹੈ। ਇਸ ਪੱਖ ਨੂੰ ਉਹ ਆਪਣੀ ਰਚਨਾ ਵਿਚ ਬਹੁਤ ਥਾਂਈਂ ਪਰੋਖ ਅਪਰੋਖ ਰੂਪ ਵਿਚ ਉਘਾੜਦਾ ਹੈ। ਸਖਸ਼ੀਅਤ ਦੇ ਪ੍ਰਭਾਵ ਜਾਂ ਵਿਅਕਤੀਗਤ ਛਾਪ ਦੇ ਪੱਖੋਂ ਕਈ ਵਾਰੀ ਉਸਦਾ ਇਹ ਪੱਖ ਭਾਰੂ ਹੋ ਜਾਣ ਕਰਕੇ ਰੜਕਦਾ ਵੀ ਹੈ ਕਈ ਵਾਰੀ ਤਾਂ ਇਉਂ ਜਾਪਣ ਲੱਗ ਪੈਂਦਾ ਹੈ ਕਿ ਲੇਖਕ ਦਾ ਸਾਹਿਤਕ ਆਪਾ ਪਿਛੇ ਰਹਿ ਜਾਂਦਾ ਹੈ ਤੇ ਉਸਦਾ ਅਭਿਨੇਤਾ ਪੱਖ ਭਾਰੂ ਹੋ ਜਾਂਦਾ ਹੈ। ਇਸ ਲਈ ਹਜੂਮ ਵਿਚ ਉਹ ਆਪਣੇ ਆਪ ਨੂੰ ਵੱਖਰਾ ਮਹਿਸੂਸ ਕਰਦਾ ਹੈ। ਉਸਨੂੰ ਇਉਂ ਲਗਦਾ ਹੈ ਜਿਵੇਂ ਸਾਰੀਆਂ ਹੀ ਅੱਖਾਂ ਉਸਨੂੰ ਦੇਖ ਰਹੀਆਂ ਹਨ। ਇਸ ਆਪੇ ਪ੍ਰਤੀ ਲੇਖਕ ਰਚਨਾ ਦੇ ਆਰੰਭਕ ਪੰਨਿਆਂ ਤੋਂ ਹੀ ਸੁਚੇਤ ਭਾਸਦਾ ਹੈ ਉਹ ਇਹ ਗੱਲ ਲਿਖਦਾ ਹੈ ਕਿ ਪਾਕਿਸਤਾਨ ਪਹੁੰਚ ਕੇ ਉਸਨੂੰ ਆਜ਼ਾਦੀ ਮਿਲੀ ਜਿਹੜੀ ਭਾਰਤ ਵਿਚ ਇਕ ਫਿਲਮੀ ਅਦਾਕਾਰ ਹੋਣ ਦੇ ਨਾਤੇ ਉਸਨੂੰ ਨਹੀਂ ਸੀ ਮਿਲ ਸਕਦੀ। ਇਸ ਤਰ੍ਹਾਂ ਦੇ ਅਹਿਸਾਸ ਨੂੰ ਉਹ ਪਾਠਕਾਂ ਨਾਲਾ ਸਾਂਝੇ ਕਰਦਾ ਹੋਇਆ ਲਿਖਦਾ ਹੈ।

> ''ਇਸ ਰੌਲੇ ਗੌਲੇ ਵਿਚ ਨਿਰਸੰਕੋਚ ਰਲ ਜਾਣ ਦਾ ਉਹ ਸੁਆਦ ਨਸੀਬ ਹੋਇਆ, ਜਿਹੜਾ ਫਿਲਮੀ ਆਦਮੀ ਨੂੰ ਹਿੰਦੁਸਤਾਨ ਵਿਚ ਨਸੀਬ ਨਹੀਂ ਹੋ ਸਕਦਾ।'' (ਪੰਨਾ 47)

ਪਾਕਿਸਤਾਨ ਵਿਚ ਲੇਖਕ ਜਿਥੇ ਜਾਂਦਾ ਹੈ ਉਥੇ ਲੋਕੀ ਉਸਦੀ ਸਖਸ਼ੀਅਤ ਦੇ ਫਿਲਮੀ ਅਦਾਕਾਰੀ ਵਾਲੇ ਅੰਗ ਨੂੰ ਵਧੇਰੇ ਪਛਾਣਦੇ ਹਨ। ਅਖਬਾਰਾਂ ਵਿਚ ਉਸਦੀ ਚਰਚਾ ਇਸੇ ਕਰਕੇ ਹੁੰਦੀ ਹੈ ਉਹ ਇਸ ਗੱਲ ਤੋਂ ਸੁਚੇਤ ਵੀ ਹੈ ਇਹ ਸਗੋਂ ਅਪ੍ਰਾਪਤੀ ਨਹੀਂ ਬਲਕਿ ਉਸਦੀ ਪ੍ਰਾਪਤੀ ਹੈ। ਫਿਲਮੀ ਦੁਨੀਆਂ ਦਾ ਬਲਰਾਜ ਇਕ ਪ੍ਰਭਾਵਸ਼ਾਲੀ ਪਾਤਰ ਸੀ। ਉਸਦੀ ਲੋਕ ਪ੍ਰਿਯਤਾ ਵਿਚ ਉਸਦੀ ਅਦਾਕਾਰੀ ਦਾ ਅੰਸ਼ ਹੀ ਨਹੀਂ ਬਲਕਿ ਉਸ ਵਿਚਲੀ ਸਾਹਿਤਕਤਾ ਵੀ ਹੈ। ਇਸ ਕਰਕੇ ਲੇਖਕ ਨੂੰ ਪਾਕਿਸਤਾਨ ਵਿਚ ਚਲਦੇ ਫਿਰਦੇ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਪ੍ਰਛਾਵਾਂ ਉਸਦਾ ਪਿਛਾ ਕਰ ਰਿਹਾ ਹੋਵੇ। ਜਿਵੇਂ ਉਹ ਆਪ ਹੀ ਆਪਣੇ ਬਾਰੇ ਟਿਪਣੀ ਦਿੰਦਾ ਹੈ।

> ''ਮੇਰੀਆਂ ਦੋ ਫਿਲਮਾਂ ਪਾਕਿਸਤਾਨ ਵਿਚ ਚਲ ਚੁਕੀਆਂ ਹਨ ਇਕ 'ਹਮਲੋਕ' ਤੇ ਦੂਜੀ 'ਪਰਦੇਸੀ'। 'ਹਮਲੋਕ' ਤਾਂ ਬੰਦਸ਼ ਲੱਗਣ ਤੋਂ ਪਹਿਲਾਂ ਹੀ ਗਈ ਹੋਈ ਹੈ, ਅਤੇ 'ਪਰਦੇਸੀ' ਸਾਂਝੀ ਹਿੰਦੀ-ਰੂਸੀ ਫਿਲਮ ਹੋਣ ਕਾਰਨ ਰਾਸ਼ਟਰੀ ਕਨੂੰਨ ਅਨੁਸਾਰ ਬੰਦਸ਼ ਤੋਂ ਆਜ਼ਾਦ ਹੈ ਮੇਰੇ ਆਉਣ ਤੋਂ ਕੁੱਝ ਦਿਨ ਪਹਿਲਾਂ ਝੰਗ ਦੇ ਲੋਕ ਥੋਰੇ ਉਸਨੂੰ ਤੀਜੀ ਵਾਰ ਵੇਖ ਚੁੱਕੇ ਸਨ। ਸ਼ਾਇਦ ਏਸੇ ਕਾਰਨ ਮੇਰਾ ਥੋਹੜਾ ਬਹੁਤਾ ਚਰਚਾ ਛਿੜ ਗਿਆ ਸੀ। ਸਾਡੇ ਪਿਛੇ ਪਿਛੇ ਇਕ ਨਿੱਕੀ ਜਿਹੀ ਜੁੰਡਲੀ ਵੀ ਕੋਤਵਾਲੀ ਪੁੱਜ ਗਈ। ਉਸਦੇ ਆਉਣ ਨਾਲ ਸਾਡਾ ਵਕਾਰ ਕੁਝ ਵਧ ਗਿਆ।''(69-70)

ਇਸ ਪ੍ਰਕਾਰ ਦਾ ਅਹਿਸਾਸ ਲੇਖਕ ਨੂੰ ਹੀਰ ਦੀ ਕਬਰ ਦੇਖਣ ਜਾਣ ਵੇਲੇ ਝੰਗ ਵਿਖੇ ਹੁੰਦਾ ਹੈ। ਇਸ ਰਚਨਾ ਰਾਹੀਂ ਇਸ ਗੱਲ ਦਾ ਪ੍ਰਭਾਵ ਪੈਂਦਾ ਹੈ ਕਿ ਲੇਖਕ ਦੇ ਦਿਲ ਵਿਚ ਵਤਨ ਦਾ

ਪਿਆਰ ਹੈ। ਸਮੁੱਚੇ ਤੌਰ ਤੇ ਕਿਹਾ ਜਾਂਦਾ ਹੈ ਕਿ ਉਪਰੋਕਤ ਸਫਰਨਾਮੇ ਵਿਚ ਲੇਖਕ ਦੀ ਸਖਸ਼ੀਅਤ ਦੇ ਤਿੰਨੇ ਅੰਗ ਉਘੜਕੇ ਸਾਹਮਣੇ ਆਉਂਦੇ ਹਨ।

ਸਫਰਨਾਮੇ ਦਾ ਪ੍ਰੇਰਣਾ ਸ੍ਰੋਤ ਇਕ ਅਜਿਹਾ ਸ਼ਹਿਰ ਹੈ ਜਿਸ ਨਾਲ ਲੇਖਕ ਦੀ ਭਾਵਨਾਤਮਕ ਸਾਂਝ ਹੈ। 1947 ਦੀ ਵੰਡ ਕਾਰਨ ਪਾਕਿਸਤਾਨ ਵਿਚ ਚਲੇ ਗਏ ਸ਼ਹਿਰ ਰਾਵਲਪਿੰਡੀ ਦੀ ਖਿੱਚ ਬਲਰਾਜ ਸਾਹਨੀ ਦੀ ਯਾਤਰਾ ਲਈ ਹਲੂਣਦੀ ਹੈ ਜਿਸ ਕਰਕੇ ਉਸਦਾ ਸੈਲਾਨੀ ਆਪਾ ਜਾਗਦਾ ਹੈ। ਇਸ ਸਫਰਨਾਮੇ ਦੌਰਾਨ ਲੇਖਕ ਨੂੰ ਜਿਹੜੀਆਂ ਵੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਉਨ੍ਹਾਂ ਨੂੰ ਉਹ ਦਸਕੇ ਛੱਡ ਦਿੰਦਾ ਹੈ ਉਸਨੂੰ ਇਸ ਗੱਲ ਦਾ ਵਧੇਰੇ ਸਕੂਨ ਹੈ ਕਿ ਉਹ ਆਪਣੇ ਦੇਸ਼ ਮੁੜ ਰਿਹਾ। ਆਪਣੀ ਮਿੱਟੀ ਦੇ ਪਿਆਰ ਵਿਚ ਲਬਰੇਜ਼ ਉਹ ਆਪਣੀ ਯਾਤਰਾ ਨੂੰ ਭਾਵਾਤਮਕ ਪੱਧਰ ਤੇ ਮਾਣਦਾ ਹੈ ਇਸ ਕਰਕੇ ਹਰ ਵਿਅਕਤੀ ਉਸਨੂੰ ਆਪਣਾ ਲਗਦਾ ਹੈ। ਦੇਖਿਆ ਦੇਖਿਆ ਲਗਦਾ ਹੈ। ਕਈ ਵਾਰੀ ਉਸਨੂੰ ਮਜ਼ਬੂਰੀ ਵਾਲਾ ਨਿੱਘ ਤੇ ਦਿਖਾਵਾ ਵੀ ਲਗਦਾ ਹੈ ਪਰੰਤੂ ਲੇਖਕ ਉਸਨੂੰ ਵੀ ਉਸਾਰੂ ਦ੍ਰਿਸ਼ਟੀ ਤੋਂ ਵੇਖਦਾ ਹੈ। ਇਸ ਦੀ ਮਿਸਾਲ ਉਹ ਸੱਜਣ ਹੈ ਜਿਹੜਾ ਨਜ਼ੀਰ ਅਹਿਮਦ ਦੇ ਕਹਿਣ ਉਤੇ ਲੈਣ ਆਉਂਦਾ ਹੈ ਤੇ ਲੇਖਕ ਨੂੰ ਹੋਟਲ ਵਿਚ ਠਹਿਰਾਉਂਦਾ ਹੈ। ਸਵੇਰੇ ਆਉਣ ਦਾ ਇਕਰਾਰ ਵੀ ਕਰਦਾ ਹੈ ਪਰੰਤੂ ਮੁੜਕੇ ਨਹੀਂ ਆਉਂਦਾ।

ਇਸ ਸਫਰਨਾਮੇ ਵਿਚ ਭੂਗੋਲਿਕ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਬਲਰਾਜ ਸਾਹਨੀ ਇਕ ਅਜਿਹਾ ਯਾਤਰੀ ਹੈ ਜਿਹੜਾ ਆਪਣੇ ਆਲੇ ਦੁਆਲੇ ਨੂੰ ਬੜੀ ਨੀਝ ਨਾਲ ਵੇਖਦਾ ਹੈ ਇਨਾਂ ਹੀ ਨਹੀਂ ਉਸਨੂੰ ਪਿਛੇ ਰਹਿ ਗਏ ਰਿਸ਼ਤੇਦਾਰਾਂ ਆਪਣੇ ਮਕਾਨ ਅਦਿ ਦਾ ਵੀ ਪੂਰਾ ਪਤਾ ਸੀ। ਪੁਰਾਣੀ ਧਰਤੀ ਉਤੇ ਖੜ੍ਹੀਆਂ ਨਵੀਆਂ ਇਮਾਰਤਾਂ ਵੀ ਉਸਨੂੰ ਭੁਲੇਖਾ ਨਹੀਂ ਪਾ ਸਕਦੀਆਂ ਇਸ ਲਈ ਤੰਗ ਭੀੜੀ ਗਲੀ ਵਿਚ ਉਹ ਮੁਸਲਮਾਨ ਬਣ ਚੁੱਕੇ ਰਿਸ਼ਤੇਦਾਰਾਂ ਨੂੰ ਜਦੋਂ ਧਰਤੀ ਉਤੇ ਕਬਜ਼ਾ ਕਰਦੇ ਵੇਖਦਾ ਹੈ ਤਾਂ ਆਪਣੇ ਸੁਭਾਵਕ ਪ੍ਰਤੀਕਰਮ ਪਾਠਕਾਂ ਨਾਲ ਸਾਂਝੇ ਕਰਦਾ ਹੋਇਆ ਲਿਖਦਾ:

> ''ਪਰ ਉਨ੍ਹਾਂ ਦੀ ਇਸ ਬੇਅਰਥ ਜਿਹੀ ਖਾਮੋਸ਼ੀ ਤੋਂ ਮੈਨੂੰ ਸ਼ੱਕ ਹੋਣ ਲੱਗ ਪਿਆ ਜਿਸ ਮਕਾਨ ਵਿਚ ਮੈਂ ਬੈਠਾ ਹੋਇਆ ਹਾਂ ਇਹੋ ਸਾਡਾ ਮਕਾਨ ਹੈ, ਚੌਧਰੀ ਸਾਹਿਬ ਨੇ ਢੁਆਕੇ ਆਪਣੀ ਜ਼ਮੀਨ ਨਾਲ ਰਲਾ ਲਿਆ ਹੈ– ਮੂਹਰਲੇ ਟਿੱਬੇ ਨੂੰ ਵੇਖ ਵੇਖ ਕੇ ਮੇਰਾ ਸ਼ੱਕ ਹੋਰ ਵੀ ਪੱਕਾ ਹੋਈ ਜਾ ਰਿਹਾ ਸੀ। ਪਰ ਮੈਨੂੰ ਇੰਜ ਹੋ ਜਾਣ ਦਾ ਰੰਜ ਕੋਈ ਨਹੀਂ ਮਹਿਸੂਸ ਹੋ ਰਿਹਾ। ਸਗੋਂ ਬੜੀ ਤਸੱਲੀ ਸੀ ਕਿ ਖਾਨਦਾਨੀ ਚੀਜ਼ ਆਪਣੇ ਹੀ ਵੀਰਦੇ ਕੰਮ ਆ ਗਈ।''(122)

ਇਸੇ ਤਰ੍ਹਾਂ ਲਹੌਰ ਵਿਚ ਬਿਤਾਏ ਵਿਦਿਆਰਥੀ ਦਿਨ ਲੇਖਕ ਦੀਆਂ ਅੱਖਾਂ ਸਾਹਮਣੇ ਆ ਜਾਂਦੇ ਹਨ। ਰਾਵੀ ਦੀ ਸੈਰ, ਜਾਮਾ ਮਸਜਿਦ, ਮਿੰਟੋ ਗੋਲ ਬਾਗ (ਹੁਣ ਮੁਹੰਮਦ ਇਕਬਾਲ ਪਾਰਕ) ਉਸਦੀ ਸਭਿਆਚਾਰਕ ਦਿਮਾਗੀ ਡਾਇਰੀ ਵਿਚੋਂ ਬਾਹਰ ਨਿਕਲਦੇ ਹਨ। ਬੀਤ ਚੁੱਕੇ ਦਿਨ ਅਤੇ ਹੁਣ ਦੀ ਸਥਿਤੀ ਲੇਖਕ ਦੀ ਕਲਪਣਾ ਦੁਆਰਾ ਜਾਗ੍ਰਤ ਹੁੰਦੀ ਹੈ। ਅਜਿਹੀ ਇਕ ਸਥਿਤੀ ਦੀ ਮਿਸਾਲ ਲਹੌਰ ਸ਼ਹਿਰ ਨਾਲ ਸੰਬੰਧਤ ਹੈ:

> ''ਇਹ ਤਾਂ ਮੇਰਾ ਆਪਣਾ ਹੋਸਟਲ ਹੈ। ਖੈਰ ਹੋਸਟਲ ਵੀ ਤਾਂ ਹੁਣ ਮੇਰੇ ਵਾਂਗ ਥੱਕਿਆ ਥੱਕਿਆ ਪੁਰਾਣਾ ਹੋ ਗਿਆ ਹੈ। ਸਮੇਂ ਨੇ ਇਹਨੂੰ ਮੇਰੇ ਵਾਂਗ ਅਧਖੜ ਕਰ ਛੱਡਿਆ ਹੈ। ਅਫਸੋਸ ਦੀ ਥਾਂ ਤਸਕੀਨ ਹੋਈ ਵੇਖਕੇ।'' (ਪੰਨਾ 31)

ਸਫਰਨਾਮੇ ਦਾ ਸ਼ਿਲਪ ਵਿਧਾਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਸ ਵਿਚ ਸਾਹਿਤਕਤਾ ਦਾ ਅੰਸ਼ ਵਧੇਰੇ ਹੋਵੇ। ਜਿੰਨ੍ਹਾਂ ਘਟਨਾਵਾਂ ਸਥਿਤੀਆਂ ਜਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਉਸ ਬਿਆਨ ਵਿਚ ਜ਼ਿੰਦਗੀ ਦੀ ਝਲਕ ਹੋਵੇ ਇਹ ਨੀਰਸ ਤੇ ਬੋਝਲ ਨਾ ਜਾਪਣ। ਇਸਤੋਂ ਇਲਾਵਾ ਇਤਿਹਾਸ ਦੀ ਦ੍ਰਿਸ਼ਟੀ ਤੋਂ ਠੀਕ ਹੋਣ, ਪਰੰਤੂ ਸਫਰਨਾਮਾ ਇਤਿਹਾਸ ਨਹੀਂ ਹੁੰਦਾ। ਇਸ ਸੰਬੰਧ ਵਿਚ ਵਿਚਾਰਨ ਵਾਲੀ ਗੱਲ ਇਹ ਹੁੰਦੀ ਹੈ ਕਿ ਛੋਟੀਆਂ ਛੋਟੀਆਂ ਇਤਿਹਾਸਕ ਘਟਨਾਵਾਂ ਨੂੰ ਕਲਪਣਾ ਦੁਆਰਾ ਜਦੋਂ ਪ੍ਰਸਤੁਤ ਕੀਤਾ ਜਾਂਦਾ ਹੈ ਤਾਂ ਇਸ ਸਥਿਤੀ ਵਿਚ ਲੇਖਕ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਉਭਰ ਪੈਂਦੀਆਂ ਹਨ। ਇਸ ਸਬੰਧ ਵਿਚ ਦੇਵਿੰਦਰ ਸਤਿਆਰਥੀ ਦੇ ਸ਼ਬਦ ਵਧੇਰੇ ਵਾਚਣਯੋਗ ਹਨ:

''ਬਲਰਾਜ ਸਾਹਨੀ ਦਾ ਨਾਂ ਯਾਤਰਾ ਸਾਹਿਤ ਵਿਚ ਅਮਰ ਰਹੇਗਾ ਇਸਨੂੰ ਸ਼ਬਦਾਂ ਤੋਂ ਰੰਗਾਂ ਦਾ ਕੰਮ ਲੈਣਾ ਆਉਂਦਾ ਹੈ। ਕਦੀ ਉਹ ਇੰਜ ਲਿਖਦਾ ਹੈ ਜਿਵੇਂ ਬੁੱਤ ਤ੍ਰਾਸ਼ ਬੁੱਤ ਘੜ ਰਿਹਾ ਹੋਵੇ ਤੇ ਕਦੀ ਇੰਜ ਲਗਦਾ ਹੈ ਜਿਵੇਂ ਕੋਈ ਅਦਾਕਾਰ ਰੰਗ ਮੰਚ ਤੇ ਆਪਣੇ ਅਭਿਨਯ ਦੇ ਚਮਤਕਾਰ ਦਿਖਾ ਰਿਹਾ ਹੋਵੇ।'' (ਅੰਤਲਾ ਜਿਲਦ ਪੰਨਾ)

ਆਲੋਚਨਾ ਅਧੀਨ ਪੁਸਤਕ ਦਾ ਅਧਿਐਨ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਲੇਖਕ ਆਪਣੇ ਘਰ ਤੋਂ ਬਾਅਦ ਅਦਬੀ ਲੋਕਾਂ ਕੋਲੋ ਜਾ ਕੇ ਬਹੁਤ ਖੁਸ਼ ਹੁੰਦਾ ਹੈ। ਇਹ ਵੱਖਰੀ ਗੱਲ ਹੈ ਕਿ ਉਸਨੇ ਪਾਕਿਸਤਾਨ ਦੀ ਯਾਤਰਾ ਆਪਣੇ ਪੁਰਾਣੇ ਘਰ ਨੂੰ ਵੇਖਣ ਲਈ ਕੀਤੀ ਹੈ ਪਰੰਤੂ ਉਸਦੀ ਸਖਸ਼ੀਅਤ ਦਾ ਸਾਹਿਤਕ ਅੰਗ ਵਧੇਰੇ ਉਘੜਕੇ ਸਾਹਮਣੇ ਆਉਂਦਾ ਹੈ। ਕਈ ਵਾਰੀ ਲੇਖਕ ਨੇ ਅਜਿਹੀ ਪਰਿਸਥਿਤੀਆਂ ਪ੍ਰਸਤੁਤ ਕੀਤੀਆਂ ਹਨ ਵਿਸ਼ੇਸ਼ ਕਰਕੇ ਮਨੋਵਿਸਲੇਸ਼ਣ ਵਾਲੀਆਂ ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਉਹ ਜ਼ਿੰਦਗੀ ਨੂੰ ਬੜੇ ਸਾਹਿਤਕ ਅੰਦਾਜ਼ ਤੋਂ ਵੇਖਦਾ ਹੈ ਵਿਵਹਾਰਿਕ ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਗੈਰ ਸਾਹਿਤਕ ਵਿਅਕਤੀਆਂ ਨੂੰ ਵਧੇਰੇ ਹੋ ਸਕਦੀ ਹੈ ਪਰ ਜ਼ਿੰਦਗੀ ਨੂੰ ਕਿਸੇ ਵਿਸ਼ੇਸ਼ ਉਸਾਰੂ ਦ੍ਰਿਸ਼ਟੀਕੋਣ ਨਾਲ ਵੇਖਣਾ ਇਹ ਸਹਿਤਕ ਵਿਅਕਤੀਆਂ ਦੇ ਹੀ ਭਾਗਾਂ ਦੀ ਗੱਲ ਹੈ। ਇਹ ਸਫਰਨਾਮਾ ਇਹ ਦਸਦਾ ਹੈ ਕਿ ਲੇਖਕ ਜ਼ਿੰਦਗੀ ਦੀਆਂ ਅਤਿ ਗੰਭੀਰ ਸਮੱਸਿਆਵਾਂ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਵਿਚਾਰਦਾ ਹੈ। ਇਸ ਦੀ ਇਕ ਪ੍ਰਤੀਨਿੱਧ ਮਿਸਾਲ ਹੇਠਾਂ ਦਿਤੀ ਜਾਂਦੀ ਹੈ:

''ਫੇਰ ਮੈਂ ਹਿੰਦੁਸਤਾਨ ਤੇ ਪਾਕਿਸਤਾਨ ਨੂੰ ਇਕੋ ਦੇਸ਼ ਦੇ ਰੂਪ ਵਿਚ ਵੇਖਣ ਲੱਗ ਪਿਆ ਪਰ ਇਸ ਵੰਡ ਨੂੰ ਤਾਂ ਦਿਮਾਗ ਹੀ ਨਹੀਂ ਤਸਲੀਮ ਕਰਦਾ। ਜਿਸ ਵੰਡ ਨੂੰ ਦਿਲ ਤਸਲੀਮ ਨਾ ਕਰੇ ਉਹ ਕਿੰਨੀ ਕੁ ਪੱਕੀ ਹੈ?'' (ਪੰਨਾ 45)

ਇਸ ਤਰ੍ਹਾਂ ਦਿਲਾਂ ਵਾਲੀ ਗੱਲ ਦੀ ਸਾਂਝ ਕੋਈ ਕਲਾਕਾਰ ਹੀ ਪਾ ਸਕਦਾ ਹੈ।

ਸਾਹਿਤਕਤਾ ਦੇ ਪੱਖ ਤੋਂ ਇਸ ਸਫਰਨਾਮੇ ਵਿਚ ਕਥਾ ਰਸ ਦੀ ਪ੍ਰਧਾਨਤਾ ਹੈ। ਲੇਖਕ ਨੇ ਬਹੁਤ ਸਾਰੀਆਂ ਗੱਲਾਂ ਵਿਸ਼ੇਸ਼ ਤੌਰ ਤੇ ਛਾਛੀ ਮੁਹੱਲੇ ਦੀਆਂ ਬੜਾ ਸੁਆਦ ਲਾ ਲਾ ਕੇ ਬਿਆਨ ਕੀਤੀਆਂ ਹਨ ਜਿਸਤੋਂ ਇਹ ਪਤਾ ਲਗਦਾ ਹੈ ਕਿ ਲੇਖਕ ਨੂੰ ਮਨੁਖੀ ਵਤੀਰੇ ਦੀ ਕਾਫੀ ਜਿਆਦਾ ਸਮਝ ਹੈ। ਸਫਰਨਾਮੇ ਦੇ ਆਰੰਭ ਵਿਚ ਲੇਖਕ ਪਾਠਕਾਂ ਦੇ ਸਾਹਮਣੇ ਆਪਣੇ ਮਨ ਦੇ ਇਕ ਪ੍ਰਸ਼ਨ ਨੂੰ ਪ੍ਰਸਤੁਤ ਕਰਨ ਦਾ ਇਹ ਭਾਵ ਹੈ ਕਿ ਉਹ ਪਾਕਿਸਤਾਨ ਦੀ ਯਾਤਰਾ ਵੇਲੇ ਆਪ ਅੰਦਰੋਂ ਇਸ ਤਰ੍ਹਾਂ ਮਹਿਸੂਸ ਕਰਦਾ ਹੈ। ਉਸਦੀ ਮਾਂ ਦੀ ਇਹ ਹਾਲਤ ਹੈ; ਡਰ, ਸਹਿਮ ਅਤੇ ਖਿਲਾਅ ਅਜਿਹੀ ਸਥਿਤੀ ਚਿਤਰੀ ਗਈ ਹੈ ਜੋ ਬੜੀ ਸੁਭਾਵਕ ਜਾਪਦੀ ਹੈ। ਇਉਂ ਜਾਪਦਾ ਹੈ ਜਿਵੇਂ ਲੇਖਕ ਨੇ ਛੋਟੀਆਂ ਛੋਟੀਆਂ ਘਟਨਾਵਾਂ ਨੂੰ ਇਕੱਠਾ ਕਰਕੇ ਭੂਤ, ਵਰਤਮਾਨ ਅਤੇ ਭਵਿੱਖ ਨੂੰ ਇਕੱਠੇ ਕਰ ਦਿਤਾ ਹੈ। ਕਿਸੇ ਵੀ ਸਫਰਨਾਮੇ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਸ ਵਿਚ ਤਿੰਨ ਕਾਲ ਉਭਰਕੇ ਸਾਹਮਣੇ ਆ ਜਾਣ। ਇਹ ਸਥਿਤੀ ਵਿਚੋਂ ਉਹ ਅੰਮ੍ਰਿਤਸਰ ਨੂੰ ਗੁਜਰਦਾ ਹੈ;

''ਇਕ ਉਹ ਅੰਮ੍ਰਿਤਸਰ ਜੋ ਹੁਣ ਹੈ ਤੇ ਇਕ ਜਦੋਂ ਇਥੇ ਅੱਗਾਂ ਲਗਦੀਆਂ ਸਨ, ਭਰਾਵਾਂ ਨੂੰ ਮਾਰਿਆ ਸੀ, ਜਦੋਂ ਇਨਸਾਨੀਅਤ ਦਾ ਖੂਨ ਹੋਇਆ ਸੀ।''

ਇਸੇ ਤਰ੍ਹਾਂ ਭਵਿੱਖ ਬਾਰੇ ਸੋਚਦਾ ਲਿਖਦਾ ਹੈ:

''ਪੰਜਾਬੀਆਂ ਲਈ ਅੰਮ੍ਰਿਤਸਰ ਦੀ ਪਾਵਨ ਧਰਤੀ ਸਾਂਝੇ ਸਭਿਆਚਾਰ ਦਾ ਇਕ ਸੁੰਦਰ ਸੁਪਨਾ ਹੈ।''

ਭਾਸ਼ਾ ਸ਼ੈਲੀ ਦੇ ਪੱਖ ਤੋਂ ਇਸ ਸਫਰਨਾਮੇ ਦੀ ਇਹ ਵਿਲੱਖਣਤਾ ਹੈ ਕਿ ਇਸ ਵਿਚ ਉਚਿੱਤ ਬੋਲੀ ਦਾ ਪ੍ਰਯੋਗ ਅਤੇ ਢੁਕਵੀਂ ਵਾਰਤਾਲਾਪ ਹੋਵੇ। ਲੇਖਕ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਈਸ਼ਵਰ ਚੰਦਰ ਨੰਦਾ ਵਾਂਗ ਗੱਲਬਾਤ ਦਾ ਰਸੀਆ ਹੈ। ਉਸਨੂੰ ਚੰਗੀ ਗੱਲ ਕਹਿਣ ਅਤੇ ਸੁਣਨ ਦਾ ਸ਼ੌਕ ਹੈ ਉਹ ਜਿਸ ਪਾਤਰ ਨੂੰ ਪੇਸ਼ ਕਰਦਾ ਹੈ ਉਸਦੇ ਮੂੰਹੋਂ ਉਸੇ ਪ੍ਰਕਾਰ ਦੀ ਭਾਸ਼ਾ ਬਲਾਉਂਦਾ ਹੈ। ਇਸ ਗੁਣ ਦੇ ਆ ਜਾਣ ਨਾਲ ਲਿਖਤ ਵਿਚ ਸੁਭਾਵਕਤਾ ਦਾ ਅੰਸ਼ ਪ੍ਰਵੇਸ਼ ਕਰ ਜਾਂਦਾ ਹੈ। ਡਾ. ਨਜੀਰ ਅਹਿਮਦ, ਗੌਰਮਿੰਟ ਕਾਲਜ ਲਹੌਰ ਦੇ ਪ੍ਰਿੰਸੀਪਲ ਹਨ। ਉਹ ਲੇਖਕ ਨਾਲ ਗੱਲਬਾਤ ਕਰਦਿਆਂ ਇਕ

ਪਾਸੇ ਪੜ੍ਹੇ ਲਿਖੇ ਵਿਅਕਤੀ ਹੋਣ ਦਾ ਪ੍ਰਭਾਵ ਪਾਉਂਦਾ ਹੈ ਦੂਜੇ ਪਾਸੇ ਇਕ ਪੱਕੇ ਮੁਸਲਮਾਨ ਦਾ ਜਿਸਦੀ ਪਹਿਚਾਣ ਉਸਦੇ ਵਾਰਤਾਲਾਪ ਰਾਹੀਂ ਹੋ ਜਾਂਦੀ ਹੈ:

''........ਕੁਰਾਨ ਸ਼ਰੀਫ ਨੂੰ ਅਵੱਸ਼ ਮੁਕੱਦਸ ਤਸਲੀਮ ਕਰਦਾ ਹਾਂ ਪਰ ਇਸਦਾ ਇਹ ਮਤਲਬ ਨਹੀਂ ਕਿ ਦੂਜੇ ਮਜ਼੍ਹਬਾਂ ਦੀਆਂ ਕਿਤਾਬਾਂ ਦਾ ਮੈਂ ਇਹਤਰਾਮ ਨਹੀਂ ਕਰਦਾ। ਅੱਲਾਹ, ਭਗਵਾਨ ਜਾਂ ਗਾਡ ਨੂੰ ਵੱਖ ਵੱਖ ਮਜ਼੍ਹਬਾਂ ਵਾਲੇ ਲੋਕ ਬੇਸ਼ਕ ਵੱਖ ਵੱਖ ਢੰਗ ਵਿਚ ਪੂਜਦੇ ਹੋਣ ਪਰ ਉਸਦੀ ਆਪਣੀ ਜਾਤ ਨੂੰ ਇਸ ਨਾਲ ਕੋਈ ਫਰਕ ਨਹੀਂ।'' (ਪੰਨਾ: 43)

ਇਸੇ ਪ੍ਰਕਾਰ ਦੀ ਬੋਲੀ ਦੀ ਸੁਭਾਵਕਤਾ ਲੇਖਕ ਅਤੇ ਚੌਧਰੀ ਸਾਹਿਬ ਦੀ ਆਪਸੀ ਗੱਲਬਾਤ ਤੋਂ ਮਹਿਸੂਸ ਹੁੰਦੀ ਹੈ।

ਲੇਖਕ ਨੇ ਆਪਣੀ ਰਚਨਾ ਵਿਚ ਹਾਸਰਸ ਪੈਦਾ ਕਰਕੇ ਆਪਣੀ ਲਿਖਤ ਨੂੰ ਤਾਜ਼ਗੀ ਬਖਸ਼ੀ ਹੈ। ਸਫਰਨਾਮਾ ਮੂਲ ਰੂਪ ਵਿਚ ਇਕ ਬਿਆਨੀਆ ਰਚਨਾ ਹੁੰਦੀ ਹੈ ਜੇ ਇਹ ਬਿਆਨ ਬਿਨਾਂ ਕਿਸੇ ਰਸ ਦੇ ਚਲਦਾ ਜਾਏ ਤਾਂ ਉਕਤਾਉ ਹੋ ਜਾਂਦਾ ਹੈ ਇਸ ਵਿਚ ਰੋਚਕਤਾ ਦੀ ਘਾਟ ਜਾਪਣ ਲੱਗ ਪੈਂਦੀ ਹੈ ਇਸ ਪੱਖ ਤੋਂ ਲੇਖਕ ਵਧੇਰੇ ਸੁਚੇਤ ਹੈ। ਇਸ ਲਈ ਇਸ ਰਚਨਾ ਵਿਚ ਕਈ ਥਾਈਂ ਬਿਆਨ ਵਿਚ ਤਾਜ਼ਗੀ ਲਿਆਉਣ ਵਾਸਤੇ ਹਾਸਰਸ ਪੈਦਾ ਕਰਨ ਦਾ ਯਤਨ ਕੀਤਾ ਗਿਆ ਹੈ ਜਿਵੇਂ

''ਇਕ ਸਵੇਰ ਨਿਊ ਹੋਟਲ ਦੀ ਛੱਤ ਤੋਂ ਬਿਸਤਰਾ ਗੋਲ ਕਰਕੇ ਜਦੋਂ ਹੇਠਾਂ ਆਪਣੇ ਕਿਊਬੀਕਲ ਵਿਚ ਆਇਆ ਤਾਂ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਕੇ ਡਰ ਗਿਆ, ਕਾਲਾ ਚੁਆਤੀ ਹੋਇਆ ਪਿਆ ਸੀ।'' (ਪੰਨਾ 128)

ਇਸੇ ਪ੍ਰਕਾਰ ਤਮਗੇ ਉਪਰ ਉਕਰੀਆਂ ਤਸਵੀਰਾਂ ਬਾਬਤ ਲਿਖਦਾ ਹੈ:

''ਸਾਨੂੰ ਠੀਕ ਪਤਾ ਨਹੀਂ ਸੀ ਇਹ ਜੱਫੀ ਪਾ ਰਹੇ ਸਨ ਜਾਂ ਲੜ ਰਹੇ ਸਨ।''

ਭਾਸ਼ਾ ਦੇ ਪੱਖ ਤੋਂ ਹੋਰ ਉਦਾਹਰਨਾਂ ਦਿਤੀਆਂ ਜਾ ਸਕਦੀਆਂ (ਉਹੀ) ਹਨ।

ਵਿਅੰਗਾਤਮਕ ਤੇ ਆਲੋਚਨਾਤਮਕ ਬਿਰਤੀ : ਬਲਰਾਜ ਸਾਹਨੀ ਦੀ ਆਲੋਚਨਾਤਕ ਤੇ ਵਿਅੰਗਾਤਮਕ ਬਿਰਤੀ ਉਸਦੀ ਰਚਨਾ ਦਾ ਹਾਸਲ ਹੈ। ਉਸ ਅੰਦਰ ਕੇਵਲ ਪਾਕਿਸਤਾਨ ਦੀ ਸੈਰ ਦਾ ਜਜ਼ਬਾ ਹੀ ਕੰਮ ਨਹੀਂ ਕਰ ਰਿਹਾ ਬਲਕਿ ਉਸ ਅੰਦਰ ਕੁਝ ਜਾਨਣ ਅਤੇ ਕੁਝ ਵੰਡਣ ਦੀ ਤਾਂਘ ਵੀ ਕੰਮ ਕਰਦੀ ਹੈ ਇਸ ਲਈ ਆਪਣੇ ਸਫਰਨਾਮੇ ਵਿਚ ਕਈ ਥਾਈਂ ਉਹ ਬਹੁਤ ਡੂੰਘਾਈ ਵਿਚ ਚਲਿਆ ਜਾਦਾ ਹੈ। ਬਰੀਕਬੀਨੀ ਨਾਲ ਚੀਜ਼ਾਂ, ਥਾਵਾਂ ਨੂੰ ਵੇਖਦਾ ਪਰਖਦਾ ਹੈ। ਉਹ ਲਾਹੌਰ ਵਿਖੇ ਗੁਰੂ ਅਰਜਨ ਦੇਵ ਜੀ ਦੀ ਸਮਾਧ ਦੀ ਸਥਿਤੀ ਨੂੰ ਵਿਚਾਰਦਾ ਹੈ। ਆਪਣੇ ਵਿਅੰਗਾਤਮਕ ਅੰਦਾਜ਼ ਵਿਚ ਲੇਖਕ ਪ੍ਰੋ. ਰੁਚੀਰਾਮ ਦੀ ਲਹੌਰ ਸਥਿਤ ਕੋਠੀ ਨੂੰ ਵੇਖ ਕੇ ਲਿਖਦਾ ਹੈ:

''ਅੱਜ ਉਸਦੀ ਕੋਠੀ ਤਾਂ ਵੇਖ ਲਈ ਪਰ ਵੰਡ ਬਾਅਦ ਉਸਨੂੰ ਮਿਲਣ ਦਾ ਅਵਸਰ ਹਾਲਾਂ ਤੱਕ ਨਸੀਬ ਨਹੀਂ ਹੋਇਆ (ਪੰਨਾ:32)

ਵਿਅਕਤੀ ਸੰਪਰਕ ਸਮੇਂ ਉਸਦੀ ਸੁਚੇਤਤਾ ਦਾ ਪਤਾ ਉਦੋਂ ਲਗਦਾ ਹੈ ਜਦੋਂ ਲੇਖਕ ਕਹਿੰਦਾ ਹੈ:

''ਪਾਸਪੋਰਟ ਹੱਥ ਵਿਚ ਫੜਨ, ਖੋਲ੍ਹਣ ਅਤੇ ਵਰਕੇ ਪਰਤਾਣ ਦਾ ਢੰਗ ਮੈਂ ਵੇਖਿਆ ਹੈ, ਹਰ ਮੁਲਕ ਵਿਚ ਪੁਲਸ ਵਾਲਿਆਂ ਦਾ ਹ-ਬ-ਹੂ ਇਕੋ ਜਿਹਾ ਹੁੰਦਾ ਹੈ- ਉਸ ਵੇਲੇ ਪੁਲਸ ਅਫਸਰ ਦੇ ਚਿਹਰੇ ਉਤੇ ਅਜੀਬ ਤਰ੍ਹਾਂ ਦੀ ਭਾਵ ਸੁੰਨਤਾ ਆ ਜਾਂਦੀ ਹੈ, ਜਿਵੇਂ ਮੌਕੇ ਦੀ ਨਜ਼ਾਕਤ ਦੇ ਇਤਿਹਾਸ ਵਜੋਂ ਉਸਨੇ ਆਪਣੇ ਸਖਤ ਜਜ਼ਬਿਆਂ ਨੂੰ ਮਨ ਦੀ ਕਿਸੇ ਵੱਖ ਅਲਮਾਰੀ ਵਿਚ ਬੰਦ ਕਰ ਕੀਤਾ ਹੋਵੇ।'' (ਪੰਨਾ 13)

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਬਲਰਾਜ ਸਾਹਨੀ ਦੇ ਸਫਰਨਾਮੇ 'ਮੇਰਾ ਪਾਕਿਸਤਾਨੀ ਸਫਰਨਾਮਾ' ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਜਿਥੋਂ ਤੱਕ ਲੇਖਕ ਦੀ ਸਖਸ਼ੀਅਤ ਜਾਂ ਵਿਅਕਤੀਗਤ ਸ਼ਾਖ ਦਾ ਸਬੰਧ ਹੈ ਉਸਦੀ ਸਖਸ਼ੀਅਤ ਦੇ ਤਿੰਨ ਪੱਖ ਉਘੜਕੇ ਸਾਹਮਣੇ ਆਉਂਦੇ ਹਨ। ਇਸਦੇ ਨਾਲ ਹੀ ਉਸਦੀ ਇਤਿਹਾਸਕਤਾ, ਭੂਗੋਲਿਕਤਾ, ਅਲੋਚਨਾਤਮਕਾ, ਕਾਲਪਨਿਕਤਾ ਦੇ ਤੱਤ ਵੀ ਨੀਹਿਤ ਰਹਿੰਦੇ ਹਨ ਬਹੁਤ ਸਾਰੇ ਇਲਾਕਿਆ ਦੀਆਂ ਉਸਨੇ ਸਭਿਆਚਾਰਕ ਝਾਕੀਆਂ ਵੀ ਪੇਸ਼ ਕੀਤੀਆਂ ਹਨ ਜਿਹੜੀਆਂ ਪਾਠਕ ਦੀ ਜਾਣਕਾਰੀ ਵਿਚ ਵਾਧਾ ਕਰਦੀਆਂ ਹਨ। ਇਸਦੇ ਨਾਲ ਹੀ ਉਹ

ਆਪਣੇ ਉਦੇਸ਼ ਵਿਚ ਵੀ ਸਫਲ ਹੈ ਉਹ ਘਰ ਬੈਠੇ ਹੀ ਪਾਠਕ ਨੂੰ ਇਕ ਮੌਕਾ ਦਿੰਦਾ ਹੈ ਕਿ ਅਸੀਂ ਪਾਕਿਸਤਾਨ ਨੂੰ ਇਕ ਇਤਿਹਾਸਕ ਸਭਿਆਚਾਰਕ ਇਕਾਈ ਦੇ ਤੌਰ ਤੇ ਵੇਖ ਸਕੀਏ।

ਇਸ ਸਫਰਨਾਮੇ ਵਿਚ ਕਿਧਰੇ ਕਿਧਰੇ ਵਧੇਰੇ ਵਿਸਥਾਰ ਹੈ ਅਤੇ ਆਪਣੇ ਅਭਿਨੇਤਾ ਪੱਖ ਨੂੰ ਵੀ ਜਿਆਦਾ ਪੇਸ਼ ਕੀਤਾ ਗਿਆ ਹੈ ਕਥਾ ਰਸ ਭਾਵੇਂ ਕਥਾਨਕ ਨੂੰ ਪੇਸ਼ ਕਰਨ ਲਈ ਜਰੂਰੀ ਹੁੰਦਾ ਹੈ ਪਰੰਤੂ ਗਦ ਸ਼ੈਲੀ ਵਿਚ ਕਈ ਵਾਰੀ ਇਹ ਅਸੁਭਾਵਕ ਵੀ ਜਾਪਦਾ ਹੈ। ਕੁਲ ਮਿਲਾਕੇ ਇਹ ਸਫਰਨਾਮਾ ਵਾਕਫੀਅਤ ਭਰਪੂਰ ਸਾਹਿਤਕ ਕਲਾ ਕ੍ਰਿਤ ਹੈ।

ਪਾਠ ਨੰਬਰ : 2.5 – ਡਾ. ਬਲਜੀਤ ਕੌਰ ਬਲੀ

ਬਲਰਾਜ ਸਾਹਨੀ ਦੀ ਗੱਦ-ਸ਼ੈਲੀ

ਵਿਅਕਤੀ ਦੇ ਵਿਚਾਰਾਂ ਨੂੰ ਪੇਸ਼ ਕਰਨ ਲਈ ਭਾਸ਼ਾ ਇਕ ਮਾਧਿਅਮ ਹੈ। ਲੇਖਕ ਆਪਣੇ ਵਿਚਾਰਾਂ ਦੀ ਅਭੀਵਿਅਕਤੀ ਲਈ ਵਿਚਾਰਾਂ ਨੂੰ ਇਕ ਤਰਤੀਬ ਦਿੰਦਾ ਹੈ। ਉਸ ਤਰਤੀਬ ਦੇਣ ਲਈ ਉਹ ਜਿਹੜੀ ਜੁਗਤ ਵਰਤਦਾ ਹੈ ਉਹ ਉਸਦੀ ਗਦ-ਸ਼ੈਲੀ ਅਖਵਾਉਂਦੀ ਹੈ 'ਸ਼ੈਲੀ ਹੀ ਮਨੁੱਖ ਹੈ' ਵੀ ਇਸੇ ਲਈ ਕਿਹਾ ਜਾਂਦਾ ਹੈ ਕਿ ਇਸ ਵਿਚ ਲੇਖਕ ਦੀ ਮੌਲਿਕਤਾ ਹੁੰਦੀ ਹੈ। ਲੇਖਕ ਦਾ ਲਿਖਣ ਦਾ ਆਪਣਾ ਇੱਕ ਸਟਾਈਲ ਹੁੰਦਾ ਹੈ ਜਿਹੜੇ ਉਸਨੂੰ ਦੂਜੇ ਲੇਖਕ ਨਾਲੋਂ ਵਖਰਾਉਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ, 'ਗਦ-ਸ਼ੈਲੀ ਇਕ ਅਜਿਹੀ ਜੁਗਤ ਹੈ ਜਿਸ ਦੁਆਰਾ ਲਿਖਤ ਇਕਾਈ ਦਾ ਰੂਪ ਧਾਰਨ ਕਰਦੀ ਹੈ। ਖਿੰਡਰੇ ਹੋਏ ਵਿਚਾਰਾਂ ਨੂੰ ਜਦੋਂ ਗਦ-ਲੇਖਕ ਇਕ ਤਰਤੀਬ ਵਿਚ ਪ੍ਰਸਤੁੱਤ ਕਰਦਾ ਹੈ ਤਾਂ ਇਸ ਕਲਾ ਦੇ ਸੰਯੁਕਤ ਪ੍ਰਭਾਵਾਂ ਨੂੰ ਸ਼ੈਲੀ ਦਾ ਨਾਮ ਦਿਤਾ ਜਾਂਦਾ ਹੈ।'

ਸ਼ੈਲੀ ਕਿਸੇ ਕਲਾਕਾਰ ਦੀ ਕਲਾ ਦਾ ਸ਼ਾਬਦਿਕ ਪ੍ਰਗਟਾਅ ਹੈ ਲੇਖਕ ਦਾ ਲਿਖਣ ਗੁਣ, ਲਿਖਤ ਅੰਦਾਜ਼ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਸ਼ੈਲੀ ਵਿਚੋਂ ਕਿਸੇ ਵੀ ਕਲਾਕਾਰ ਦੀ ਨੁਹਾਰ ਪਛਾਣੀ ਜਾ ਸਕਦੀ ਹੁੰਦੀ ਹੈ। ਉਸਦੀ ਲਿਖਤ ਵਿਚ ਉਸਦੀ ਸਖਸ਼ੀਅਤ ਦਾ ਪ੍ਰਭਾਵ ਨੀਹਿਤ ਹੁੰਦਾ ਹੈ। ਜਦੋਂ ਕਿਸੇ ਗਦ ਲੇਖਕ ਨੂੰ ਉਸਦੀ ਸ਼ੈਲੀ ਦੇ ਪ੍ਰਭਾਵ ਕਰਕੇ ਪਛਾਣਿਆ ਜਾਵੇ ਤਾਂ ਸਮਝੋ ਕਿਸੇ ਉਤਮ ਸ਼ੈਲੀਕਾਰ ਦੀ ਆਮਦ ਹੋਈ ਹੈ।

ਸ਼ੈਲੀ ਦਾ ਸੰਕਲਪ ਵਿਚਾਰ ਵਿਧਾਨ ਅਤੇ ਰੂਪ-ਵਿਧਾਨ ਦੇ ਦੋ ਪ੍ਰਮੁੱਖ ਆਧਾਰਾਂ ਉਤੇ ਟਿਕਿਆਂ ਹੁੰਦਾ ਹੈ। ਵਿਚਾਰ ਵਿਧਾਨ ਵਿਚ ਲੇਖਕ ਦੀ ਵਿਚਾਰਧਾਰਾ, ਉਸਦੇ ਵਿਚਾਰਾਂ ਦੀ ਸਾਰਥਕਤਾ, ਮੌਲਿਕਤਾ ਅਤੇ ਬਲਵਾਨਤਾ ਹੁੰਦੀ ਹੈ। ਰੂਪ ਵਿਧਾਨ ਵਿਚ ਨਿਰੋਲ ਪੱਖ ਸ਼ਾਮਲ ਹੁੰਦਾ ਹੈ ਜਿਸ ਵਿਚ ਲੇਖਕ ਦੀ ਸ਼ਬਦ ਚੋਣ, ਸ਼ਬਦ ਜੜਤ, ਵਾਕ ਬਣਤਰ, ਪੈਰ੍ਹਾ ਵੰਡ ਅਤੇ ਪ੍ਰਤੀਕ ਯੋਜਨਾ ਆਦਿ ਗੱਲਾ ਸ਼ਾਮਲ ਹੁੰਦੀਆਂ ਹਨ। ਇਸਨੂੰ ਸ਼ੈਲੀ ਦੀ ਮਕੈਨਕੀ ਪ੍ਰਕ੍ਰਿਤੀ ਵੀ ਆਖਿਆ ਜਾ ਸਕਦਾ ਹੈ। ਇਸ ਵਿਚ ਸੁਭਾਵਿਕਤਾ ਘੱਟ ਅਤੇ ਅਭਿਆਸ ਦੀ ਵਧੇਰੇ ਜ਼ਰੂਰਤ ਹੁੰਦੀ ਹੈ। ਉਂਜ ਵੀ ਗਦ ਰਚਨਾ ਇਕ ਅਭਿਆਸ ਪ੍ਰਧਾਨ ਸਾਹਿਤ ਰੂਪ ਹੈ ਜਿਸ ਵਿਚ ਆਪ-ਮੁਹਾਰਾਪਣ, ਘੱਟ ਅਤੇ ਸੁਚੇਤ ਮਿਹਨਤ ਅਭਿਆਸ ਦਾ ਅੰਸ਼ ਵਧੇਰੇ ਹੁੰਦਾ ਹੈ। ਇਸੇ ਲਈ ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਗਦ ਵਿਆਕਰਣ ਦੀ ਦ੍ਰਿਸ਼ਟੀ ਤੋਂ ਸ਼ੁੱਧ ਹੋਣੀ ਚਾਹੀਦੀ ਹੈ।

ਉਕਤ ਵਿਚਾਰ ਚਰਚਾ ਦੇ ਆਧਾਰ ਤੇ ਸ਼ੈਲੀ ਦੇ ਸੰਬੰਧ ਵਿਚ ਜੋ ਸ਼ੈਲੀ ਦੇ ਸੰਕਲਪ ਬਾਰੇ ਚਰਚਾ ਕਰੀ ਗਈ ਹੈ ਜਾਂ ਰਾਇ ਪ੍ਰਗਟਾਈ ਗਈ ਹੈ ਉਸਦੇ ਆਧਾਰ ਤੇ ਬਲਰਾਜ ਸਾਹਨੀ ਦੀ ਗੱਲ ਸ਼ੈਲੀ ਬਾਰੇ ਵਿਚਾਰ ਚਰਚਾ ਕਰਾਂਗੇ।

ਬਲਰਾਜ ਸਾਹਨੀ ਦੀ ਗੱਦ ਸ਼ੈਲੀ

ਇਸ ਵਿਚ ਕੋਈ ਸੰਦੇਹ ਨਹੀਂ ਕਿ ਬਲਰਾਜ ਸਾਹਨੀ ਨੇ ਪੰਜਾਬੀ ਸਾਹਿਤ ਨੂੰ ਬਹੁਤ ਥੋਹੜੀਆਂ ਪੁਸਤਕਾਂ ਦਿਤੀਆਂ ਹਨ ਪਰੰਤੂ ਗੱਦ ਸਾਹਿਤ ਵਿਚ ਉਸਦਾ ਆਪਣਾ ਇਕ ਮਹੱਤਵ ਹੈ। ਉਸਦੀ ਗੱਦ-ਸ਼ੈਲੀ ਇਕ ਪ੍ਰਮੁੱਖ ਨੁਕਤੇ ਉਤੇ ਖੜ੍ਹੀ ਹੈ ਇਸ ਲਈ ਕਿਸੇ ਸਾਹਿਤਕਾਰ ਦੀ ਕਲਾ ਦਾ ਮੁਲਾਂਕਣ ਗਿਣਾਤਮਕ ਦ੍ਰਿਸ਼ਟੀ ਤੋਂ ਨਹੀਂ ਬਲਕਿ ਗੁਣਾਤਮਕ ਦ੍ਰਿਸ਼ਟੀ ਤੋਂ ਕਰਿਆ ਜਾਣਾ ਚਾਹੀਦਾ ਹੁੰਦਾ ਹੈ। ਨਿਰਸੰਦੇਹ ਬਲਰਾਜ ਸਾਹਨੀ ਦੀ ਗਦ-ਸ਼ੈਲੀ ਦੇ ਅਜਿਹੇ ਗੁਣ ਹਨ ਜਿਨ੍ਹਾਂ ਕਰਕੇ ਉਸਦਾ ਇਕ ਸਥਾਨ ਬਣ ਗਿਆ ਹੈ। ਪਰੰਤੂ

ਇਸ ਕਥਨ ਨੂੰ ਇਸ ਸੀਮਾ ਤੱਕ ਨਹੀਂ ਵਿਚਾਰਿਆ ਜਾ ਸਕਦਾ ਹੈ ਕਿਉਂਕਿ ਲੇਖਕ ਗਦ ਸ਼ੈਲੀ ਵਿਚ ਐਨਾ ਮਕਬੂਲ ਨਹੀਂ ਹੋ ਸਕਿਆ ਜਿੰਨਾ ਉਹ ਇਕ ਫਿਲਮ ਅਭਿਨੇਤਾ ਦੇ ਤੌਰ ਤੇ ਹੋਇਆ। ਉਸਦੇ ਇਸ ਪੱਖ ਨੇ ਉਸਦੀ ਗਦ ਸ਼ੈਲੀ ਨੂੰ ਇਸ ਕਦਰ ਪ੍ਰਭਾਵਤ ਕੀਤਾ ਕਿ ਉਸਦੀ ਪ੍ਰਸਿੱਧੀ ਜਾਂ ਉਸਦੀ ਵਿਲੱਖਣਤਾ ਇਕ ਅਭਿਨੇਤਾ ਹੋਣ ਵਿਚ ਸੀਮਤ ਹੋ ਗਈ। ਆਮ ਤੌਰ ਤੇ ਬਹੁਤੇ ਵਿਅਕਤੀ ਉਸਨੂੰ ਕੇਵਲ ਇਕ ਅਭਿਨੇਤਾ ਦੇ ਤੌਰ ਤੇ ਹੀ ਜਾਣਦੇ ਜਾਂ ਪਹਿਚਾਣਦੇ ਸਨ। ਇਉਂ ਜਿਥੇ ਉਸਦਾ ਫਿਲਮ ਅਭਿਨੇਤਾ ਹੋਣਾ ਗੱਦ ਸਾਹਿਤ ਵਿਚ ਵੰਨਗੀ ਪੱਖੋਂ ਇਕ ਸ਼ੁਭ ਸ਼ਗਨ ਸਮਝਿਆ ਜਾਣ ਲੱਗਾ ਉਥੇ ਇਹੀ ਪੱਖ ਉਸਦੀ ਗੱਦ ਸ਼ੈਲੀ ਵਿਚ ਉਸ ਲਈ ਇਕ ਬੈਰੀਅਰ ਵਜੋਂ ਕੰਮ ਕਰਦਾ ਰਿਹਾ।

ਸਫਰਨਾਮਾ ਸਾਹਿਤ ਨੂੰ ਬਲਰਾਜ ਸਾਹਨੀ ਨੇ ਦੋ ਰਚਨਾਵਾਂ ਦਿਤੀਆਂ ਹਨ ਪਹਿਲੀ ਰਚਨਾ 'ਮੇਰਾ ਪਾਕਿਸਤਾਨੀ ਸਫਰਨਾਮਾ' ਤੇ ਦੂਜਾ, 'ਮੇਰਾ ਰੂਸੀ ਸਫਰਨਮਾ।' 'ਗੈਰ ਜਜ਼ਬਾਤੀ ਡਾਇਰੀ' ਉਸਦੀ ਇਕ ਹੋਰ ਕ੍ਰਿਤ ਹੈ। ਉਸ ਦੀਆਂ ਪਹਿਲੀਆਂ ਦੋ ਰਚਨਾਵਾਂ ਕ੍ਰਮਵਾਰ ਪਾਕਿਸਤਾਨ ਅਤੇ ਰੂਸ ਨਾਲ ਸਬੰਧ ਰੱਖਦੀਆਂ ਹਨ। ਇਨ੍ਹਾਂ ਦੋਹਾਂ ਦੇਸ਼ਾ ਦੀ ਯਾਤਰਾ ਦੇ ਯਾਤਰਾ ਅਨੁਭਵਾਂ ਨੂੰ ਪਾਠਕ ਨਾਲ ਸਾਂਝੇ ਕਰਦੀਆਂ ਹਨ। 'ਗੈਰ-ਜਜ਼ਬਾਤੀ ਡਾਇਰੀ' ਲੇਖਕ ਦੇ ਆਪਣੇ ਨਾਲ ਵਾਪਰੀਆਂ ਚੋਣਵੀਆਂ ਘਟਨਾਵਾਂ ਦਾ ਇਕੱਠ ਹੈ। ਇਸਦਾ ਬ੍ਰਿਤਾਂਤ ਵੀ ਜਜ਼ਬੇ ਤੋਂ ਮੁਕਤ ਨਹੀਂ ਹੈ। ਲੇਖਕ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸਨੇ ਆਪਣੀ ਰਚਨਾ ਵਿਚ ਸੰਸਮਰਣ, ਡਾਇਰੀ, ਯਾਦਾਂ ਅਤੇ ਕਹਾਣੀ ਅੰਸ਼ਾਂ ਦਾ ਪ੍ਰਯੋਗ ਕੀਤਾ ਹੈ। ਇਸ ਮਾਧਿਅਮ ਰਾਹੀਂ ਉਸਨੇ ਪੰਜਾਬੀ ਪਾਠਕ ਨਾਲ ਆਪਣਾ ਸੰਪਰਕ ਕਾਇਮ ਕਰਿਆ ਹੈ। ਇਸ ਪੱਖ ਤੋਂ ਪੰਜਾਬੀ ਦੇ ਗਦ ਸਾਹਿਤ ਵਿਚ ਵਿਕਾਸ ਹੋਇਆ ਹੈ ਤੇ ਲੇਖਕ ਦੀ ਆਪਣੀ ਇਕ ਵਿਸ਼ੇਸ਼ ਪਹਿਚਾਣ ਬਣੀ।

ਵਿਚਾਰ ਦੀ ਦ੍ਰਿਸ਼ਟੀ ਤੋਂ ਬਲਰਾਜ ਸਾਹਨੀ ਦੀ ਗੱਦ ਸ਼ੈਲੀ ਵਿੱਚ ਪਹਿਲੀ ਗੱਲ ਇਹ ਮਹੱਤਵਪੂਰਨ ਹੈ ਕਿ ਉਹ ਆਪਣੀ ਚੋਣ ਵਿਚ ਬੜਾ ਨਿਵੇਕਲਾ ਅਤੇ ਸੁਚੇਤ ਹੈ। ਉਸਨੇ ਗੱਦ ਵਿਚ ਮੌਲਿਕ ਅਤੇ ਦਿਲਚਸਪ ਵਿਸ਼ਿਆ ਉਤੇ ਹੱਥ ਅਜ਼ਮਾਇਆ ਹੈ। ਇਸ ਦੇ ਪਿਛੇ ਉਸਦੇ ਸੁਚੇਤ ਰੂਪ ਵਿਚ ਇਕ ਕਲਾਕਾਰ ਦੀ ਸੋਚਣ ਸ਼ਕਤੀ ਪ੍ਰਬਲ ਹੁੰਦੀ ਹੈ। ਉਸਨੇ ਯਾਤਰਾ ਸਾਹਿਤ ਅਤੇ ਨਿੱਜੀ ਅਨੁਭਵ ਵਾਲੀਆਂ ਲਿਖਤਾ ਦੁਆਰਾ ਆਪਣੇ ਵਿਚਾਰਾਂ ਦੀ ਅਭੀਵਿਅਕਤੀ ਕੀਤੀ ਹੈ। 'ਮੇਰਾ ਪਾਕਿਸਤਾਨੀ ਸਫਰਨਾਮਾ' ਦੀ ਲਿਖਤ ਵਿਚ ਉਸਨੇ ਪਾਕਿਸਤਾਨ ਦੀ ਯਾਤਰਾ ਦਾ ਵਰਨਣ ਕੀਤਾ ਹੈ। ਇਸ ਦੇਸ਼ ਬਾਰੇ ਲੇਖਕ ਨੇ ਕਈ ਵਿਚਾਰ ਪੇਸ਼ ਕੀਤੇ ਹਨ। ਇਸੇ ਤਰ੍ਹਾਂ 'ਮੇਰਾ ਰੂਸੀ ਸਫਰਨਾਮਾ' ਵਿਚ ਵੀ ਉਸਨੇ ਰੂਸ ਦੇਸ਼ ਦੀ ਬਹੁਪੱਖੀ ਵਡਿਆਈ ਨੂੰ ਅੰਕਿਤ ਕੀਤਾ ਹੈ। ਇਸੇ ਤਰ੍ਹਾਂ ਗੈਰ ਜਜ਼ਬਾਤੀ ਡਾਇਰੀ ਵਿਚ ਆਪਣੇ ਜੀਵਨ ਅਨੁਭਵਾਂ ਨੂੰ ਕਈ ਕਥਾਵਾਂ ਦੁਆਰਾ ਪਾਠਕਾਂ ਨਾਲ ਸਾਂਝਾ ਕੀਤਾ ਹੈ। ਇਨ੍ਹਾਂ ਸਾਰੀਆ ਲਿਖਤਾਂ ਦੇ ਅਧਿਐਨ ਤੋਂ ਇਕ ਗੱਲ ਭਲੀ-ਪ੍ਰਕਾਰ ਉਘੜਕੇ ਸਾਹਮਣੇ ਆਉਂਦੀ ਹੈ ਕਿ ਲੇਖਕ ਆਪਣੀ ਵੱਖਰੀ ਤੇ ਅੱਡਰੀ ਵਿਚਾਰਧਾਰਾ ਨੂੰ ਪੇਸ਼ ਕਰਦਾ ਹੈ। ਮਿਸਾਲ ਕੇ ਤੌਰ ਤੇ ਪਾਕਿਸਤਾਨ ਨੂੰ ਉਹ ਇਕ ਨਿਸ਼ਚਤ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਕਈ ਲੋਕ ਪਾਕਿਸਤਾਨ ਨੂੰ ਇਸ ਦ੍ਰਿਸ਼ਟੀ ਤੋਂ ਨਹੀਂ ਵਿਚਾਰ ਸਕਦੇ। ਆਮ ਲੋਕਾਂ ਲਈ ਇਹ ਦੇਸ਼ ਇਕ ਅਜਿਹੀ ਭੂਗੋਲਿਕ-ਰਾਜਨੀਤਕ ਇਕਾਈ ਹੈ ਜਿਸਤੋਂ ਭਾਰਤ ਨੂੰ ਸਦਾ ਖਤਰਾ ਬਣਿਆ ਰਹੇਗਾ। ਪਰੰਤੂ ਬਲਰਾਜ ਸਾਹਨੀ ਇਸ ਦੇਸ਼ ਨੂੰ ਦੋਸਤੀ ਤੇ ਆਪਸੀ ਸਾਂਝ ਦਾ ਇਕ ਪ੍ਰਮੁੱਖ ਕੇਂਦਰ ਬਿੰਦੂ ਮੰਨਦਾ ਹੈ ਇਸ ਲਈ ਉਹ ਲਿਖਦਾ ਹੈ:

> ''ਮੇਰੀ ਬਦਨਸੀਬੀ ਵੀ ਤਾਂ ਚੁਤਰਫੀ ਹੈ ਨਾ, ਪੰਜਾਬ ਦਾ ਇਕ ਹਿੱਸਾ ਮੈਥੋਂ ਖੁਸ ਗਿਆ ਤੇ ਦੂਜਾ ਦੂਰ ਹੋ ਗਿਆ। ਏਸੇ ਕਰਕੇ ਜਜ਼ਬੇ ਬਹੁਤੇ ਛੇਤੀ ਬਹਿ ਤੁਰਦੇ ਹਨ।'' (ਪੰਨਾ 88)

ਆਮ ਤੌਰ ਤੇ ਬਹੁਤੇ ਵਿਅਕਤੀ ਇਸ ਤਰ੍ਹਾਂ ਦੀ ਤਬਦੀਲੀ ਜਾਂ ਹਿਲਜੁਲ ਨੂੰ ਪਦਾਰਥਵਾਦੀ ਨਿਜ਼ਾਮ ਦਾ ਖਾਸਾ ਸਮਝਦੇ ਹਨ ਤੇ ਆਪਣੀ ਭੌਤਿਕ ਪ੍ਰਾਪਤੀ ਵਿਚ ਰੁੱਝ ਜਾਂਦੇ ਹਨ। ਬਲਰਾਜ ਸਾਹਨੀ ਇਸ ਵਿਪਰੀਤ ਦ੍ਰਿਸ਼ਟੀ ਨੂੰ ਸਾਡੇ ਸਾਹਮਣੇ ਰੱਖਦਾ ਹੈ। ਲੇਖਕ ਅਨੁਸਾਰ ਵਿਅਕਤੀ ਦਾ ਅਤੀਤ ਉਸ ਨਾਲੋਂ ਟੁੱਟਣਾ ਸੰਭਵ ਨਹੀਂ।

ਬਲਰਾਜ ਸਾਹਨੀ ਦੀ ਗੱਦ ਸ਼ੈਲੀ ਦੀ ਦੂਜੀ ਵਿਲੱਖਣਤਾ ਉਸਦੀ ਵਿਚਾਰਧਾਰਾ ਦਾ ਸਪਸ਼ਟ ਹੋਣਾ ਹੈ। ਸਪੱਸ਼ਟਤਾ, ਸਾਦਗੀ, ਵਿਦਵਤਾ ਪ੍ਰਤਿਭਾ ਦੀ ਸੂਚਕ ਹੁੰਦੀ ਹੈ। ਗੁੰਝਲਦਾਰ ਵਿਚਾਰ ਗਦ ਵਿਚ ਸਪਸ਼ਟਤਾ ਦੇ ਲੱਛਣ ਨੂੰ ਮਾਰ ਦਿੰਦੇ ਹਨ। ਆਮ ਤੌਰ ਤੇ ਇਹ ਸਮਝਿਆ ਜਾਂਦਾ ਰਿਹਾ ਹੈ ਕਿ ਜਿੰਨਾ ਕੋਈ ਲੇਖਕ ਵਿਦਵਾਨ ਅਤੇ ਸੂਝਵਾਨ ਹੋਏਗਾ ਉਨੀ ਉਸਦੀ ਲਿਖਤ ਕਠਨ ਹੋਏਗੀ ਪਰੰਤੂ ਸੱਚ ਇਹ ਹੈ ਕਿ ਜਿੰਨਾ ਕੋਈ ਲੇਖਕ ਸੁਚੇਤ ਅਤੇ ਵਿਦਵਾਨ ਹੋਏਗਾ ਉਸਦੀ ਸ਼ੈਲੀ ਵਿਚ ਸਾਦਗੀ ਅਤੇ ਸੰਜਮ ਹੋਏਗਾ। ਇਸ ਪੱਖ ਤੋਂ ਜੇ ਬਲਰਾਜ ਸਾਹਨੀ ਦੀ ਸ਼ੈਲੀ ਬਾਰੇ ਗੱਲ ਕੀਤੀ ਜਾਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਬਲਰਾਜ ਸਾਹਨੀ ਦੀ ਗੱਦ-ਸ਼ੈਲੀ ਵਿਚ ਸਾਦਗੀ ਜਰੂਰ ਹੈ ਪਰੰਤੂ ਸੰਜਮ ਦੀ ਘਾਟ ਹੈ। ਉਹ ਆਪਣੀ ਲਿਖਤ ਵਿਚ ਸਪਸ਼ਟ ਜਰੂਰ ਹੈ ਪਰ ਕਈ ਵਾਰੀ ਜਜ਼ਬਾਤ ਦੇ ਕਾਰਨ ਮੂਲ ਧੁਰੇ ਤੋਂ ਦੂਰ ਚਲਾ ਜਾਂਦਾ ਹੈ।

ਲੇਖਕ ਇਸ ਗੱਲ ਤੋਂ ਸਪਸ਼ਟ ਹੈ ਕਿ ਉਸਨੇ ਪਾਕਿਸਤਾਨ ਦੀ ਸੈਰ ਸਮੇਂ ਉਥੋਂ ਦੇ ਵਸਨੀਕਾਂ ਆਦਿ ਦਾ ਵੇਰਵਾ ਦੇਣਾ ਹੈ ਪਰੰਤੂ ਕਈ ਵਾਰ ਉਹ ਫਾਲਤੂ ਦੇ ਵੇਰਵੇ ਦੇਣ ਲਗ ਪੈਂਦਾ ਹੈ ਜਿਵੇਂ, ''ਗੁਜਰਾਤ ਕਾਠੀਆ ਵਾੜ ਦੇ ਲੋਕ ਕਹਿੰਦੇ ਹਨ ਕਿ ਜਦੋਂ ਕ੍ਰਿਸ਼ਨ ਮਹਾਰਾਜ ਮਥਰਾ ਨਗਰੀ ਛੱਡਕੇ ਦਵਾਰਕਾ ਚਲੇ ਆਏ ਤਾਂ ਹਜ਼ਾਰਾਂ ਗੋਪੀਆਂ ਗੁਆਲ ਉਹਨਾਂ ਦੇ ਅੰਗ ਸੰਗ ਸਨ, ਕਿਉਂਕਿ ਕ੍ਰਿਸ਼ਨ ਬਿਨਾਂ ਸੂਨੇ ਬ੍ਰਿਜ ਵਿਚ ਉਨ੍ਹਾਂ ਲਈ ਰਹਿਣਾ ਅਸਹਿ ਸੀ ਅਤੇ ਇਸੇ ਕਾਰਨ ਅੱਜ ਵੀ ਗੁਜਰਾਤ ਦੇ ਪਿੰਡਾਂ ਦੀਆਂ ਤਕਰੀਬਨ ਸਭਨਾਂ ਆਦਿਵਾਸੀ ਜਾਤੀਆਂ ਦਾ ਪੇਸ਼ਾ ਗੁੱਜਰਾਂ ਵਾਂਗ ਕੇਵਲ ਢੋਰ ਡੰਗਰਾ ਪਾਲਣਾ ਅਤੇ ਦੁੱਧ ਮੱਖਣ ਵੇਚਣਾ ਹੈ।'' (ਪੰਨਾ 94)

ਅਜਿਹੀ ਸਮਗਰੀ ਬ੍ਰਿਤਾਂਤ ਵਿਚ ਵਿਸਤਾਰ ਪੈਦਾ ਕਰਦੀ ਹੈ ਜਿਹੜੀ ਰੁਚੀਕਰ ਨਹੀਂ ਲਗਦੀ। ਇਸੇ ਤਰ੍ਹਾਂ ਲਹੌਰ ਅਤੇ ਝੰਗ ਦਾ ਵਿਸਥਾਰ ਭਰਪੂਰ ਬਿਆਨ ਹੈ। ਇਸਤੋਂ ਇਹ ਸਪਸ਼ਟ ਹੁੰਦਾ ਹੈ ਕਿ ਲੇਖਕ ਨੇ ਸੰਜਮ ਤੋਂ ਕੰਮ ਨਹੀਂ ਲਿਆ ਜਿਹੜਾ ਗੱਦ-ਸ਼ੈਲਕਾਰ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਆਮ ਤੌਰ ਤੇ ਦੇਖਿਆ ਗਿਆ ਹੈ ਕਿ ਲੇਖਕ ਦਾ ਬੌਧਿਕ ਆਪਾ ਭਾਵਾਤਮਕ ਆਪੇ ਵਿਚ ਪਰਿਵਰਤਿਤ ਹੋ ਜਾਂਦਾ ਹੈ ਜਿਸ ਕਰਕੇ ਉਹ ਵਿਸਥਾਰ ਵਿਚ ਚਲਿਆ ਜਾਂਦਾ ਹੈ ਇਸ ਤਰ੍ਹਾਂ ਦੀਆਂ ਮਿਸਾਲਾਂ ਉਸਦੇ ਰੂਸੀ ਸਫਰਨਾਮੇ ਵਿਚ ਵੀ ਵੇਖਣ ਨੂੰ ਮਿਲਦੀਆਂ ਹਨ। ਬਲਰਾਜ ਸਾਹਨੀ ਦੇ ਰੂਸ ਤੋਂ ਚਲਣ ਤੋਂ ਪਹਿਲਾਂ ਜੇ ਉਸ ਵਿਚੋਂ ਗਿਆਨੀ ਗੁਰਦਿਤ ਸਿੰਘ ਨਾਲ ਹੋਈ ਲੰਮੀ ਮਿਲਣੀ ਨੂੰ ਕੱਢ ਲਈਏ ਤਾਂ ਮੂਲ ਬ੍ਰਿਤਾਂਤ ਵਿਚ ਕੋਈ ਫਰਕ ਨਹੀਂ ਪੈਂਦਾ।

ਬਲਰਾਜ ਸਾਹਨੀ ਦੀ ਗੱਦ-ਸ਼ੈਲੀ ਦੀ ਅਗਲੀ ਪ੍ਰਮੁੱਖ ਗੱਲ ਇਹ ਹੈ ਕਿ ਉਸਦੇ ਬਿਰਤਾਂਤ ਸਿਰਜਣ ਵਿਚ ਕਥਾ ਰਸ ਹੈ। ਮੂਲ ਰੂਪ ਵਿਚ ਸਫਰਨਾਮੇ ਦਾ ਸਾਰਾ ਸ਼ਿਲਪ ਬਿਰਤਾਂਤ ਕਥਾ ਰਸ ਉਤੇ ਕੇਂਦ੍ਰਿਤ ਹੁੰਦਾ ਹੈ। ਪਰੰਤੂ ਜੇ ਬ੍ਰਿਤਾਂਤ ਨੂੰ ਕਥਾ ਰਸ ਦੁਆਰਾ ਪ੍ਰਸਤੁਤ ਕੀਤਾ ਜਾਵੇ ਤਾਂ ਗੱਲ ਵਧੇਰੇ ਪ੍ਰਭਾਵਸ਼ਾਲੀ ਤੇ ਸੁਆਦਲੀ ਬਣ ਜਾਂਦੀ ਹੈ। ਲੇਖਕ ਇਸ ਜਗਤ ਤੋਂ ਵਧੇਰੇ ਕੰਮ ਲੈਂਦਾ ਹੈ। ਕਿਸੇ ਦੇਸ਼ ਬਾਰੇ ਕਿਸੇ ਗੱਲ ਨੂੰ ਚੰਗੀ ਤਰ੍ਹਾਂ ਸਮਝਾਉਣ ਲਈ ਤੱਥਾਂ ਨੂੰ ਕਲਪਣਾ ਦੀ ਚਾਸ਼ਨੀ ਵਿਚ ਡਬੋਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਤੱਥਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਨ ਦਾ ਕੰਮ ਕਥਾ ਰਸ ਕਰਦਾ ਹੈ। ਅਜਿਹੇ ਬਿਆਨ ਨੂੰ ਪੜ੍ਹਕੇ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਗੱਲਾਂ ਵਿਚ ਉਨ੍ਹਾਂ ਥਾਵਾਂ ਉਤੇ ਤੁਸੀਂ ਬਲਰਾਜ਼ ਸਾਹਨੀ ਦੇ ਨਾਲ ਸ਼ਾਮਲ ਹੋਵੋ। ਲੇਖਕ ਪਾਠਕ ਨੂੰ ਆਪਣੇ ਨਾਲ ਨਾਲ ਤੋਰ ਲੈਂਦਾ ਹੈ। ਇਸਤੋਂ ਉਸਦੀ ਸਖਸ਼ੀਅਤ ਦਾ ਇਕ ਪੱਖ ਹੋਰ ਵੀ ਉਘੜਕੇ ਸਾਹਮਣੇ ਆਉਂਦਾ ਹੈ ਕਿ ਲੇਖਕ ਦੀ ਇਸ ਜੁਗਤ ਦਾ ਕਾਰਨ ਬਲਰਾਜ ਸਾਹਨੀ ਦਾ ਫਿਲਮੀ ਕਲਾਕਾਰ ਹੋਣਾ ਹੈ ਜਿਸ ਕਰਕੇ ਉਹ ਕਥਾ ਰਸ ਪੈਦਾ ਕਰਨ ਲਈ ਬੜੇ ਚੁਸਤ ਅਤੇ ਨਾਟਕੀ ਵਾਰਤਾਲਾਪਾਂ ਦੀ ਵਰਤੋਂ ਕਰਦਾ ਹੈ। ਜਿਵੇਂ:

''ਜੇ ਉਥੇ ਰਾਤ ਰਹਿਣਾ ਹੈ ਤਾਂ ਪੁਲਿਸ ਸਟੇਸ਼ਨ ਰਿਪੋਰਟ ਕਰਨੀ ਪਏਗੀ, ਵਰਨਾ ਕੋਈ ਲੋੜ ਹੀ ਨਹੀਂ।''

''ਕੋਈ ਬੰਦਸ਼ ਨਹੀਂ।''

''ਮੈਂ ਟੋਪੀ ਪਾਰਕ ਪਾਰ ਕਰ ਸਕਨਾ?''

''ਬੜੀ ਖੁਸ਼ੀ ਨਾਲ।''

''ਸੁਹਾਂ?''

''ਉਹ ਜਰਾ ਦੁਰੇਡੇ ਹੈ।'' ਉਸਨੇ ਹੱਸ ਕੇ ਕਿਹਾ। (ਪੰਨਾ 160)

ਇਸ ਵਾਰਤਾਲਾਪ ਰਾਹੀਂ ਲੇਖਕ ਕਈ ਕੁਝ ਦਸ ਜਾਂਦਾ ਹੈ ਜਿਵੇਂ ਪਾਕਿਸਤਾਨ ਉਤੇ ਯਾਤਰੂਆਂ ਲਈ ਲਾਈਆਂ ਪਾਬੰਦੀਆਂ, ਟੋਪੀ ਪਾਰਕ ਦੀ ਭੂਗੋਲਿਕ ਸਥਿਤੀ, ਸੁਹਾਂ ਦੀ ਖਿੱਚ ਆਦਿ। ਜਿੰਨੀ ਇਹ ਜਾਣਕਾਰੀ ਤੇਜ਼ੀ ਨਾਲ ਦਿਤੀ ਜਾਂਦੀ ਹੈ ਉਨੀ ਇਹ ਸੁਆਦਲੀ ਵੀ ਲਗਦੀ ਹੈ। ਇਸੇ ਤਰ੍ਹਾਂ ਦੇ ਵੇਰਵੇ ਲੇਖਕ ਦੀਆਂ ਦੂਜੀਆਂ ਰਚਨਾਵਾਂ ਵਿਚ ਵੀ ਮਿਲ ਜਾਂਦੇ ਹਨ।

ਗਦ ਸ਼ੈਲੀ ਵਿਚ ਲੇਖਕ ਦੀ ਦ੍ਰਿੜਤਾ ਤੇ ਦਲੇਰੀ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ। ਜੇ ਕਿਸੇ ਗਦ ਸ਼ੈਲੀਕਾਰ ਨੇ ਲੋਕ ਪ੍ਰਿਯਾ ਜਾਂ ਪ੍ਰਭਾਵਸ਼ਾਲੀ ਬਣਨਾ ਹੋਵੇ ਤਾਂ ਉਸ ਵਿਚ ਇਸ ਗੁਣ ਦਾ ਹੋਣਾ ਜਰੂਰੀ ਹੈ। ਉਹੀ ਲੇਖਕ ਦ੍ਰਿੜਤਾ ਜਾ ਦਲੇਰੀ ਨਾਲ ਲਿਖ ਸਕਦਾ ਹੈ ਜਿਹੜਾ ਜ਼ਿੰਦਗੀ ਵਿਚ ਨਿਡਰ ਹੋ ਕੇ ਰਹਿੰਦਾ ਹੈ। ਕਮਜ਼ੋਰ ਲੇਖਕ ਜਦੋਂ ਸਚਾਈ ਲਿਖਣ ਦਾ ਯਤਨ ਕਰਦਾ ਹੈ ਤਾਂ ਉਸ ਵਿਚਲਾ ਡਰ ਉਸਨੂੰ ਜੁਰਅਤ ਨਹੀਂ ਕਰਨ ਦਿੰਦਾ ਇਉਂ ਉਹ ਆਪਣੇ ਆਪ ਨੂੰ ਇਕ ਅਨਿਸਚਿਤ ਅਵਸਥਾ ਵਿਚ ਪਾ ਲੈਂਦਾ ਹੈ ਇਸ ਤਰ੍ਹਾਂ ਦੇ ਲੇਖਕ ਸਚਿਆਈ ਤੋਂ ਦੂਰ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਲਿਖਤ ਵਿਚ ਅਸਲੀਅਤ ਦਾ ਬਿਆਨ ਨਾ ਹੋਣ ਕਰਕੇ ਨੀਵੇਂ ਪੱਧਰ ਦੀ ਰਹਿ ਜਾਂਦੀ ਹੈ ਅਜਿਹੇ ਲੇਖਕ ਕੇਵਲ ਇਕ ਪੱਖ ਨੂੰ ਹੀ ਉਜਾਗਰ ਕਰਦੇ ਹਨ।

ਬਲਰਾਜ ਸਾਹਨੀ ਨੂੰ ਜਿਨ੍ਹਾਂ ਵਿਅਕਤੀਆਂ ਨੇ ਨਜ਼ਦੀਕ ਤੋਂ ਵੇਖਿਆ ਹੈ ਉਹ ਉਸਦੀ ਨਿਰਪੱਖ ਸੋਚਣੀ ਬਾਰੇ ਤੇ ਉਸਦੀ ਬੇਖੌਫ ਸੋਚ ਬਾਰੇ ਭਲੀ-ਪ੍ਰਕਾਰ ਜਾਣਦੇ ਹਨ। ਪਰ ਇਸਦੇ ਨਾਲ ਹੀ ਉਸਦੀ ਰਚਨਾ ਵੀ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਬਲਰਾਜ ਆਪਣੀ ਤਰ੍ਹਾਂ ਦਾ ਬੇਖੌਫ ਜਿਹਾ ਆਪਣੀ ਧੁਨ ਦਾ ਪੱਕਾ ਤੇ ਮਿੱਠ ਬੋਲੜਾ। ਉਸਨੇ ਪਾਕਿਸਤਾਨ ਦੀ ਸੈਰ ਕੇਵਲ ਭਾਵਾਤਮਕ ਤ੍ਰਿਪਤੀ ਲਈ ਕੀਤੀ ਪਰ ਉਸਦੀ ਸਖਸ਼ੀਅਤ ਵਿਚ ਵਸਿਆ ਹੋਇਆ ਆਲੋਚਨਾਤਮਕ ਆਪਾ ਬਹੁਤ ਥਾਈਂ ਪ੍ਰਧਾਨ ਹੋ ਜਾਂਦਾ ਹੈ। ਇਸ ਸਥਿਤੀ ਵਿਚ ਉਹ ਨਿਡਰ ਹੋ ਕੇ ਲਿਖਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਦੀ ਸਮਾਧ ਬਾਰੇ ਲਿਖਦਾ ਹੈ:

> ''ਗੁਰੂ ਅਰਜਨ ਦੇਵ ਜੀ ਦੀ ਸਮਾਧ ਵੀ ਇਥੇ ਨੇੜੇ ਹੀ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਦੀ ਹਿਫਾਜ਼ਤ ਨਹੀਂ ਹੁੰਦੀ। ਬਾਹਰ ਬੰਦੂਕ ਮੋਢੇ ਉਤੇ ਰੱਖਕੇ ਇਕ ਸਿਪਾਹੀ ਜਰੂਰ ਖੜ੍ਹਾ ਹੈ, ਪਰ ਹਾਲਤ ਉਹੀ ਹੈ ਜਿਵੇਂ ਇਕ ਇਤਿਹਾਸਕ ਖੰਡਰਾ ਦੀ। ਅੰਦਰ ਜਾਣ ਲਈ ਬੂਟ ਲਾਹੁਣਾ ਪੈਂਦਾ ਹੈ ਪਰ ਥੋਹੜੇ ਵਿਚ ਹੀ ਜੁਰਾਬਾਂ ਚਿਰਾਂ ਤੋਂ ਨਾ ਸਾਫ ਕੀਤੇ ਫਰਸ਼ ਦੀ ਧੂੜ ਨਾਲ ਲਿਬੜ ਜਾਂਦੀਆਂ ਹਨ। ਪਰ ਅਫਸੋਸ ਇਸ ਗੱਲ ਦਾ ਇਤਨਾ ਨਹੀਂ ਜਿਤਨਾ ਇਹ ਸੋਚਕੇ ਹੁੰਦਾ ਹੈ ਕਿ ਮੇਰੇ ਮੁਸਲਮਾਨ ਸਾਥੀਆਂ ਵਿਚੋਂ ਕਿਸੇ ਨੂੰ ਇਹ ਖਾਬ ਖਿਆਲ ਹੀ ਨਹੀਂ ਸੀ ਕਿ ਇਹ ਯਾਦਗਾਰ ਉਨ੍ਹਾਂ ਦੀ ਮਾਤਬੋਲੀ ਤੇ ਸਾਂਝੀ ਕੌਮੀਅਤ ਦੇ ਜਨਮਦਾਤਾ ਇਕ ਮਹਾਨ ਚਿੰਤਕ ਫਿਲਾਸਫਰ ਦੀ ਅਤੇ ਕਲਾਕਾਰ ਦੀ ਹੈ। ਉਨ੍ਹਾਂ ਨੂੰ ਨਹੀਂ ਪਤਾ ਕਿ ਅੰਮ੍ਰਿਤਸਰ ਦੇ ਮੰਦਰ ਦੀ ਬੁਨਿਆਦ ਉਨ੍ਹਾਂ ਦੇ ਆਪਣੇ ਹਮ ਮਜ਼ਬ ਮੀਆਂ ਮੀਰ ਦੇ ਹੱਥੋਂ ਰਖਵਾਈ ਸੀ।'' (ਪੰਨਾ 178-79)

ਗੱਦ ਸ਼ੈਲੀ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਅਜਿਹਾ ਵਿਸ਼ਲੇਸ਼ਣ ਅਭਿਆਸ ਰੁਚੀ ਨਾਲ ਸੰਬੰਧਤ ਹੈ। ਲੇਖਕ ਨੂੰ ਜਦੋਂ ਕੋਈ ਵਿਚਾਰ ਫੁਟਦਾ ਹੈ ਤਾਂ ਉਹ ਉਸ ਸਬੰਧੀ ਚਿੰਤਨ ਕਰਦਾ ਹੈ। ਕਈ ਬਾਰ ਚੁਣੇ ਗਏ ਵਿਸ਼ੇ ਵਸਤੂ ਬਾਰੇ ਅਧਿਐਨ ਤੋਂ ਕੰਮ ਲੈਂਦਾ ਹੈ ਉਸ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦਾ ਹੈ। ਇਕੱਠੀ ਹੋ ਚੁਕੀ ਸਮੱਗਰੀ ਨੂੰ ਪੇਸ਼ ਕਰਨ ਸਮੇਂ ਉਸਦੀ ਇਕ ਰੂਪ ਰੇਖਾ ਉਲੀਕਦਾ ਹੈ। ਇਹ ਉਹ ਕਲਾ ਹੈ ਜਿਸ ਰਾਹੀਂ ਲੇਖਕ ਆਪਣੇ ਵਿਚਾਰਾਂ ਨੂੰ ਇਕ ਰੂਪ ਵਿੱਚ ਬੰਨ੍ਹਦਾ ਹੈ। ਉਹ ਆਪਣੇ ਪ੍ਰਗਟਾਅ ਢੰਗ ਨੂੰ ਸੁਧਾਰਦਾ ਹੈ। ਸ਼ਬਦਾਂ ਅਤੇ ਵਾਕਾਂ ਨੂੰ ਮਾਂਜਦਾ ਤੇ ਲਿਸ਼ਕਾਉਂਦਾ ਹੈ ਜਿਸ ਨਾਲ ਗੱਲ ਵਧੇਰੇ ਪ੍ਰਭਾਵਸ਼ਾਲੀ ਤੇ ਸਪੱਸ਼ਟ ਹੋ ਸਕੇ। ਰਚਨਾ ਪ੍ਰਭਾਵਸ਼ਾਲੀ ਬਣਾਉਣ ਲਈ ਉਹ ਪ੍ਰਤੀਕ ਯੋਜਨਾ ਅਤੇ ਤਨਜ਼ ਨੂੰ ਵਧੇਰੇ ਸਾਰਥਕ ਬਣਾਉਣ ਦਾ ਯਤਨ ਕਰਦਾ ਹੈ ਬਲਰਾਜ

ਸਾਹਨੀ ਇਸ ਪੱਖੋਂ ਸੁਚੇਤ ਹੈ। ਬਲਰਾਜ ਸਾਹਨੀ ਜਿਸ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਦਾ ਹੈ ਉਸ ਪੀੜ੍ਹੀ ਦੀ ਸ਼ਬਦਾਵਲੀ ਉਤੇ ਉਰਦੂ-ਅੰਗ੍ਰੇਜ਼ੀ ਪ੍ਰਭਾਵ ਪ੍ਰਤੱਖ ਹੈ। ਇਸ ਲਈ ਬਲਰਾਜ ਸਾਹਨੀ ਦੀ ਲਿਖਤ ਉਤੇ ਵੀ ਇਨ੍ਹਾਂ ਬੋਲੀਆਂ ਦਾ ਪ੍ਰਭਾਵ ਸਾਫ ਦਿਖਾਈ ਦਿੰਦਾ ਹੈ ਇਹੀ ਲੇਖਕ ਦੀ ਸਖਸ਼ੀਅਤ ਦੀ ਮੌਲਿਕਤਾ ਹੁੰਦੀ ਹੈ ਜਿਹੜੀ ਉਸਨੂੰ ਦੂਸਰੇ ਲੇਖਕਾਂ ਨਾਲੋਂ ਵਖਰਾਉਂਦੀ ਹੈ। ਬਲਰਾਜ ਸਾਹਨੀ ਦੀ ਲਿਖਤ ਵਿਚ ਵੀ ਬਹੁਤ ਸਾਰੇ ਅਜਿਹੇ ਸ਼ਬਦ ਵੇਖਣ ਨੂੰ ਆਉਂਦੇ ਹਨ ਜਿਵੇਂ ਅਗਾਜ਼ ਪੇਸ਼ਤਰ, ਤਵਾਜ਼ਨ ਪਾਸਪੋਰਟ, ਕਸਟਮਜ਼ ਆਦਿ।

ਬਲਰਾਜ ਸਾਹਨੀ ਨੇ ਮੇਰਾ ਪਾਕਿਸਤਾਨੀ ਸਫਰਨਾਮਾ ਵਿਚ ਪ੍ਰਸ਼ਨੋਤਰੀ ਸ਼ੈਲੀ ਤੋਂ ਵੀ ਕੰਮ ਲਿਆ ਹੈ। ਇਸ ਪ੍ਰਯੋਗ ਦਾ ਅਸਲ ਮੰਤਵ ਅੰਤਰੀਵ ਨੂੰ ਪਾਠਕਾਂ ਨਾਲ ਸਾਂਝੇ ਕਰਕੇ ਵਿਚਾਰਧਾਰਾ ਦਾ ਸਪਸ਼ਟੀਕਰਨ ਹੀ ਕਰਨਾ ਹੈ ਇਉਂ ਲੇਖਕ ਦੀ ਜ਼ਮੀਰ ਤੇ ਉਸਦਾ ਆਪਾ ਪਰਸਪਰ ਵਾਰਤਾਲਾਪ ਕਰਦੇ ਹਨ ਇਸ ਤਕਨੀਕ ਨੇ ਵਿਚਾਰ ਅਧੀਨ ਰਚਨਾ ਵਿਚ ਤਾਜ਼ਗੀ ਦਾ ਰੰਗ ਭਰਿਆ ਹੈ।

ਯਾਤਰਾ ਜਾਂ ਸਫਰਨਾਮਾ ਸਾਹਿਤ ਲਿਖਣ ਦਾ ਮੁਖ ਮਨੋਰਥ ਪਾਠਕਾਂ ਨੂੰ ਸੁਹਜ ਸੁਆਦ ਦੇਣਾ ਤੇ ਉਨ੍ਹਾਂ ਦੀ ਆਮ ਜਾਣਕਾਰੀ ਵਿਚ ਵਾਧਾ ਕਰਨਾ ਹੁੰਦਾ ਹੈ ਲੇਖਕ ਇਸ ਪੱਖ ਤੋਂ ਸੁਚੇਤ ਹੈ ਉਹ ਇਕ ਪਾਸੇ ਸੱਚ ਦਾ ਬਿਆਨ ਕਰ ਰਿਹਾ ਹੁੰਦਾ ਹੈ ਦੂਜੇ ਪਾਸੇ ਆਪਣੀ ਕਲਪਣਾ ਰਾਹੀਂ ਪੇਸ਼ ਕੀਤੀ ਜਾ ਰਹੀ ਸਮਗਰੀ ਨੂੰ ਸੁਆਦਲਾ ਬਣਾ ਦਿੰਦਾ ਹੈ। ਬਲਰਾਜ ਸਾਹਨੀ ਅਜਿਹੇ ਕੁਝ ਇਕ ਭਾਰਤੀਆਂ ਵਿਚੋਂ ਹੈ ਜਿਸਨੂੰ ਪਾਕਿਸਤਾਨ ਅਤੇ ਰੂਸ ਦੀਆਂ ਯਾਤਰਾਵਾਂ ਕਰਨ ਦਾ ਮੌਕਾ ਮਿਲਿਆ ਹੈ ਉਸਦੀਆਂ ਦੋਹਾਂ ਪੁਸਤਕਾਂ ਵਿਚੋਂ ਇਹ ਗੱਲ ਉਭਰਕੇ ਸਾਹਮਣੇ ਆਉਂਦੀ ਹੈ ਕਿ ਪਾਠਕਾਂ ਲਈ ਸੁਹਜ ਸੁਆਦ ਦੇਣਾ ਤੇ ਇਲਾਕੇ ਦੀ ਭਰਪੂਰ ਜਾਣਕਾਰੀ ਦੇਣਾ ਉਸਦੇ ਕਥਾ ਰਸ ਵਿਚ ਸ਼ਾਮਲ ਹੈ ਉਹ ਇਸ ਗੱਲ ਨੂੰ ਕਿਧਰੇ ਨਹੀਂ ਕਿ ਸਾਹਿਤ ਦਾ ਕੀ ਪ੍ਰਯੋਜਨ ਹੈ ਜਾਂ ਸਫਰਨਾਮੇ ਨੇ ਕਿਸ ਤਰ੍ਹਾਂ ਦੀ ਵਾਕਫੀਅਤ ਪ੍ਰਦਾਨ ਕਰਨੀ ਹੁੰਦੀ ਹੈ ਇਸ ਪੱਖ ਤੋਂ ਲੇਖਕ ਪੂਰੀ ਤਰ੍ਹਾਂ ਸਫਲ ਹੈ ਤੇ ਆਪਣੀ ਮੰਜਲ ਨੂੰ ਪ੍ਰਾਪਤ ਕਰਦਾ ਹੈ। ਉਂਜ ਤਾਂ ਹਰ ਲੇਖਕ ਆਪਣੇ ਮੰਤਵ ਦੀ ਪੂਰਤੀ ਲਈ ਕਲਮ ਚੁਕਦਾ ਹੈ ਪਰੰਤੂ ਬਲਰਾਜ ਸਾਹਨੀ ਇਸ ਤੇ ਖਰਾ ਉਤਰਦਾ ਹੈ। ਉਸਦੀ ਪਹਿਲੀ ਰਚਨਾ 'ਮੇਰਾ ਪਾਕਿਸਤਾਨੀ ਸਫਰਨਾਮਾ' ਵਿਚ ਭਾਵੇਂ ਲੇਖਕ ਦਾ ਜਜ਼ਬਾਤੀ ਪੱਖ ਵਧੇਰੇ ਉਘੜਦਾ ਹੈ ਭਾਵੇਂ ਕਿ ਉਹ ਆਪਣੀ ਬੌਧਿਕ ਵਿਸ਼ੇਲੇਸ਼ਣ ਵੀ ਕਾਇਮ ਰੱਖਦਾ ਹੈ ਪਰੰਤੂ 'ਮੇਰਾ ਰੂਸੀ ਸਫਰਨਾਮਾ' ਵਿਚ ਉਸਦਾ ਸਿਧਾਂਤਕ ਰੰਗ ਵਧੇਰੇ ਉਘੜਦਾ ਹੈ। ਲੇਖਕ ਦੀ ਵਿਚਾਰਧਾਰਾ ਦਾ ਮੂਲ ਸ੍ਰੋਤ ਸੋਸ਼ਲਿਸਟਿਕ ਪੈਟਰਨ ਦੀ ਪ੍ਰਵਿਰਤੀ ਵਾਲਾ ਸੀ। ਆਪਣੇ ਜੀਵਨ ਵਿਚ ਉਹ ਇਨ੍ਹਾਂ ਕਦਰਾਂ ਕੀਮਤਾਂ ਤੇ ਚਲਦਾ ਸੀ ਉਸਦੇ ਦੋਸਤ ਮਿੱਤਰ ਵੀ ਸਿਧਾਂਤਕ ਤੌਰ ਤੇ ਅਗਾਂਹਵਧੂ ਵਿਚਾਰਾਂ ਵਾਲੇ ਸਨ ਜਿਸ ਕਰਕੇ ਬਲਰਾਜ ਸਾਹਨੀ ਨੇ ਰੂਸ ਦੀ ਯਾਤਰਾ ਕੀਤੀ।

ਸਫਰਨਾਮਾ ਸਾਹਿਤ ਇਕ ਪ੍ਰਕਾਰ ਦੀ ਦੋਸਤੀ ਦਾ ਮੂਲ ਹੁੰਦਾ ਹੈ। ਸਾਹਿਤ ਦੁਆਰਾ ਇਕ ਦੂਜੇ ਦੇਸ਼ ਨਾਲ ਆਪਣਾ ਮਿਲਵਰਤਣ ਤੇ ਆਪਸੀ ਸਾਂਝ ਦੀਆਂ ਕਦਰਾਂ ਕੀਮਤਾਂ ਨੂੰ ਪ੍ਰਫੂਲਤ ਕਰਨਾ ਹੁੰਦਾ ਹੈ। ਇਸ ਭਾਵਨਾ ਨੂੰ ਪੈਦਾ ਕਰਨ ਲਈ ਜ਼ਰੂਰੀ ਹੁੰਦਾ ਹੈ ਕਿ ਲੇਖਕ ਆਪਣੇ ਦੇਸ਼ ਵਾਸ਼ੀਆਂ ਦੇ ਹਿੱਤ ਲਈ ਦੂਜੇ ਦੇਸ਼ ਜਿਸਦਾ ਉਸਨੇ ਸਫਰ ਕੀਤਾ ਹੈ, ਸਬੰਧੀ ਵੱਧ ਤੋਂ ਵੱਧ ਸੂਚਨਾ ਦੇਵੇ ਤੇ ਸਦਭਾਵਨਾ ਪੈਦਾ ਕਰੇ ਇਸ ਲਈ ਇਹ ਜਰੂਰੀ ਹੁੰਦਾ ਹੈ ਕਿ ਲੇਖਕ ਸੱਭਿਆ ਪ੍ਰਕ੍ਰਿਤੀ ਵਾਲੀ ਗਦ ਰਚਨਾ ਕਰੇ ਉਸ ਵਿਚ ਕੋਈ ਵਿਚਾਰ ਇਸ ਤਰ੍ਹਾਂ ਦਾ ਨਾ ਪ੍ਰਗਟਾਇਆ ਜਾਵੇ ਜਿਸ ਨਾਲ ਕਿਸੇ ਵਿਅਕਤੀ ਜਾਂ ਕਿਸੇ ਕੌਮ ਨੂੰ ਠੇਸ ਪਹੁੰਚੇ। ਇਸਤੋਂ ਇਹ ਭਾਵ ਨਹੀਂ ਕਿ ਲੇਖਕ ਕਿਸੇ ਦੇਸ਼ ਦੀਆਂ ਕਮਜ਼ੋਰੀਆਂ ਨੂੰ ਪੇਸ਼ ਨਾ ਕਰ ਦੋਸ਼ ਨੂੰ ਦੋਸ਼ ਕਹਿਣਾ ਅਪਰਾਧ ਨਹੀਂ ਪਰ ਕਿਸੇ ਦੀ ਕਮਜ਼ੋਰੀ ਦਾ ਮਜ਼ਾਕ ਉਡਾ ਕੇ ਉਸ ਵਿਚੋਂ ਸੁਆਦ ਲੈਣਾ ਅਸੱਭਿਆ ਹੋਣ ਦੀ ਨਿਸ਼ਾਨੀ ਹੈ ਲੇਖਕ ਨੇ ਪਾਕਿਸਤਾਨ ਦੀ ਯਾਤਰਾ ਸਮੇਂ ਜਿਹੜਾ ਗੁਰੂ ਅਰਜਨ ਦੇਵ ਜੀ ਦੀ ਸਮਾਧ ਬਾਰੇ ਵਿਸ਼ਲੇਸ਼ਣ ਦਿਤਾ ਹੈ ਉਹ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੇਖਕ ਇਸ ਭਾਵਨਾ ਬਾਰੇ ਜਾਗਰੂਕ ਹੈ ਉਸਨੇ ਕਹਿਣ ਵਾਲੀ ਗੱਲ ਕਹਿ ਦਿਤੀ ਪਰ ਉਸਨੇ ਢੰਗ ਨਾਲ ਕਹੀ ਹੈ ਗੁਰੂ ਅਰਜਨ ਦੇਵ ਜੀ ਨੂੰ ਸਾਂਝੀ ਸੰਸਕ੍ਰਿਤੀ ਦਾ ਪ੍ਰਤੀਕ ਬਣਾਕੇ ਉਸਨੇ ਆਪਣੇ ਸਫਰਨਾਮਾ ਸਾਹਿਤ ਵਿਚ ਇਸ ਮੈਤਰੀ ਭਾਵਨਾ ਤੋਂ ਪੂਰਾ ਪੂਰਾ ਕੰਮ ਲਿਆ ਹੈ। ਉਹ ਜਿਥੇ ਪਾਕਿਸਤਾਨ ਜਾਂ ਰੂਸ ਦੀਆਂ ਕਮਜ਼ੋਰੀਆਂ ਦਾ ਬਿਆਨ ਕਰਦਾ ਹੈ ਉਸਦੀ

ਲਿਖਤ ਵਿਚੋਂ ਇਕ ਇਮਾਨਦਾਰ ਮਿੱਤਰ ਦੀ ਸੋਚਣੀ ਉਭਰਕੇ ਸਾਹਮਣੇ ਆਉਂਦੀ ਹੈ। ਇਸਤੋਂ ਇਹ ਪ੍ਰਗਟ ਹੁੰਦਾ ਹੈ ਕਿ ਲੇਖਕ ਦਾ ਇਹ ਯਤਨ ਰਿਹਾ ਹੈ ਕਿ ਭਾਰਤੀ ਜਨਤਾ ਦੋਹਾਂ ਦੇਸ਼ਾਂ ਦੇ ਸਭਿਆਚਾਰਕ ਜੀਵਨ ਦਾ ਅਨੰਦ ਲੈ ਕੇ ਉਨ੍ਹਾਂ ਦੇ ਵਾਸ਼ੀਆਂ ਨੂੰ ਚੰਗੀ ਤਰ੍ਹਾਂ ਸਮਝ ਸਕੇ। ਮਿਸਾਲ ਦੇ ਤੌਰ ਤੇ ਲੇਖਕ ਇਕ ਥਾਂ ਲਿਖਦਾ ਹੈ:

> ''ਇਸ ਅਨੋਖੀ ਦੋਸਤੀ ਵਿਚੋਂ ਮੈਨੂੰ ਸਿਰਫ ਸਾਹਿਬ ਦੇ ਕਿਰਦਾਰ ਦੀ ਹੀ ਨਹੀਂ ਸਮੁੱਚੇ ਪੰਜਾਬੀ ਕਿਰਦਾਰ ਦੀ ਵਾਸਨਾ ਵੀ ਆਈ ਹੈ ਇਧਰੋਂ ਲੁਟੀ ਪੁਟੀ ਗਈ ਜਨਤਾ ਨੇ ਅਣਖੀਲੀ ਸਹਿਣਸ਼ੀਲਤਾ ਅਤੇ ਸਵੈ ਨਿਰਭਰਤਾ ਦਾ ਸਬੂਤ ਦੇ ਕੇ ਹਿੰਦੁਸਤਾਨ ਨੂੰ ਚਕਾਚੌਂਧ ਕੀਤਾ ਸੀ। ਸ਼ੇਰੀ ਸਾਹਬ ਦੀ ਉਦਾਰਤਾ ਵੀ ਉਸੇ ਅਣਖ ਦਾ ਇਕ ਦੂਜਾ ਪਹਿਲੂ ਸੀ।'' (ਪੰਨਾ 56)

ਅਸਲ ਵਿਚ ਸਵੈਮਾਨ ਵਾਲਾ ਵਿਅਕਤੀ ਉਹੀ ਹੁੰਦਾ ਹੈ ਜਿਹੜਾ ਦੂਜਿਆਂ ਦੀਆਂ ਭਾਵਨਾਵਾਂ ਦੀ ਵੀ ਕਦਰ ਕਰਨੀ ਜਾਣਦਾ ਹੋਵੇ। ਦੂਜਿਆਂ ਦੀਆਂ ਉਚ ਮਾਨਵੀ ਕਦਰਾਂ ਕੀਮਤਾਂ ਦੀ ਕਦਰ ਕਰੇ। ਲੇਖਕ ਨੇ ਸ਼ੇਰੀ ਸਾਹਿਬ ਦੀ ਪਾਤਰ ਉਸਾਰੀ ਅਜਿਹੇ ਢੰਗ ਨਾਲ ਕੀਤੀ ਹੈ ਜਿਸਤੋਂ ਇਹ ਜਾਪਦਾ ਹੈ ਕਿ ਉਹ ਯਾਤਰਾ ਹਿਤ ਚੁਣੇ ਗਏ ਦੇਸ਼ ਦੇ ਕਈ ਵਿਅਕਤੀਆਂ ਕਈ ਸਭਿਆਚਾਰਕ ਚਿੰਨ੍ਹਾਂ ਅਤੇ ਸਥਿਤੀਆਂ ਨੂੰ ਇਕ ਮਾਡਲ ਦੇ ਤੌਰ ਤੇ ਵਰਤਦਾ ਹੈ। ਇਸ ਪ੍ਰਯੋਗ ਦਾ ਸਮੁੱਚਾ ਪ੍ਰਭਾਵ ਇਹ ਪੈਂਦਾ ਹੈ ਕਿ ਲੇਖਕ ਇਸ ਸਾਹਿਤ ਰਾਹੀਂ ਸੰਸਾਰ ਵਿਚ ਸਦਭਾਵਨਾ ਨੂੰ ਹੋਰ ਉਤੇਜਿਤ ਕਰਕੇ ਮਨੁੱਖ ਜਾਤੀ ਦੇ ਰੋਲ ਦੇ ਕਿਰਦਾਰ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣਾ ਚਾਹੁੰਦਾ ਹੈ।

ਸਫਰਨਾਮਾ ਸਾਹਿਤ ਵਿਚ ਲੇਖਕ ਦੀ ਡਾਇਰੀ ਉਸਦੀ ਰਚਨਾ ਦਾ ਮੂਲ ਆਧਾਰ ਬਣਦੀ ਹੈ। ਰੋਜਾਨਾ ਜੀਵਨ ਦੀਆਂ ਘਟਨਾਵਾਂ ਨੂੰ ਉਹ ਸੰਕੇਤਕ ਰੂਪ ਵਿਚ ਡਾਇਰੀ ਵਿਚ ਦਰਜ ਕਰਦਾ ਰਿਹਾ ਸੀ। ਕਈ ਥਾਈਂ ਤਾਂ ਉਹ ਆਪਣੀ ਡਾਇਰੀ ਦੇ ਪੰਨਿਆਂ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਚ ਹੀ ਬੜੀ ਸੁਯੋਗਤਾ ਨਾਲ ਪੇਸ਼ ਕਰ ਦਿੰਦਾ ਹੈ। ਬਹੁਤੀ ਥਾਈਂ ਉਸ ਨੂੰ ਸਫਰਨਾਮੇ ਵਿਚ ਪਰਵਰਤਿਤ ਕਰਦਾ ਹੈ। ਆਮ ਤੌਰ ਤੇ ਯਾਤਰਾ ਸਾਹਿਤ ਲਿਖਣ ਵਾਲੇ ਆਪਣੇ ਨਿਜੀ ਅਨੁਭਵ ਤੋਂ ਘੱਟ ਕੰਮ ਲੈਂਦੇ ਹਨ ਬਾਹਰਲੀ ਸਹਾਇਕ ਸਮਗਰੀ ਉਨ੍ਹਾਂ ਸਾਹਮਣੇ ਵਡੇਰੇ ਰੂਪ ਵਿਚ ਦਿਖਾਈ ਦਿੰਦੀ ਹੈ ਜਿਸਦਾ ਉਹ ਵਿਸਥਾਰ ਕਰ ਦਿੰਦੇ ਹਨ। ਜੇਕਰ ਉਹ ਆਪਣੀ ਆਲੋਚਨਾਤਮਿਕ ਦ੍ਰਿਸ਼ਟੀ ਦੀ ਵਰਤੋਂ ਵੀ ਕਰਦੇ ਹਨ ਤਾਂ ਸਧਾਰਨ ਰੂਪ ਵਿਚ ਹੀ ਕਰਦੇ ਹਨ ਪਰੰਤੂ ਬਲਰਾਜ ਸਾਹਨੀ ਦੀ ਆਲੋਚਨਾ ਸ਼ਕਤੀ ਐਨੀ ਪ੍ਰਫੁਲਤ ਹੈ ਕਿ ਉਸਦਾ ਹਰ ਵਿਚਾਰ ਆਲੋਚਨਾ ਦੀ ਕਸਵੱਟੀ 'ਚੋਂ ਗੁਜਰ ਕੇ ਆਉਂਦਾ ਹੈ। ਇਸ ਸਬੰਧ ਵਿਚ ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਲੇਖਕ ਬੜੀ ਬਾਰੀਕੀ ਨਾਲ ਚੀਜ਼ਾਂ ਨੂੰ ਵੇਖਦਾ ਹੈ। ਉਸ ਵਿਚ ਪਾਤਰਾਂ ਦੀ ਨੁਹਾਰ ਉਭਾਰਨ ਦੀ ਰੁਚੀ ਪ੍ਰਬਲ ਹੈ। ਪਰੰਤੂ ਕਈ ਵਾਰੀ ਇਹ ਰੁਚੀ ਪ੍ਰਬਲ ਵੀ ਹੋ ਜਾਂਦੀ ਸਫਰਨਾਮੇ ਦੀ ਸ਼ਿਲਪ ਵਿਚ ਇਹ ਅੰਸ਼ ਕਿਸੇ ਹੱਦ ਤੀਕ ਸੁਭਾਵਕ ਲਗਣਾ ਚਾਹੀਦਾ ਹੈ। ਇਹ ਰੁਚੀ ਬਲਰਾਜ ਸਾਹਨੀ ਦੇ ਸੁਭਾ ਵਿਚ ਹੈ ਇਸ ਰੁਚੀ ਦੀ ਪੇਸ਼ਕਾਰੀ ਦੀ ਕਲਾ ਉਸਨੇ ਆਪਣੀ ਅਦਾਕਾਰੀ ਤੇ ਕਿੱਤੇ ਤੋਂ ਲਈ ਹੈ। ਉਸਦੀ ਅਜਿਹੀ ਸਾਹਿਤਕ ਅਦਾਇਰਗੀ ਉਸਦੇ ਸਫਰਨਾਮਾ ਸਾਹਿਤ ਵਿਚ ਇਕ ਵਿਸ਼ੇਸ਼ ਪ੍ਰਾਪਤੀ ਵਜੋਂ ਉਘੜਕੇ ਸਾਹਮਣੇ ਆਉਂਦੀ ਹੈ।

ਅੰਤ ਵਿਚ ਬਲਰਾਜ ਸਾਹਨੀ ਦੀ ਗੱਦ-ਸ਼ੈਲੀ ਬਾਰੇ ਇਹ ਕਿਹਾ ਜਾ ਸਕਦਾ ਕਿ ਇਹ ਵਿਲੱਖਣ ਤੇ ਵਿਸ਼ੇਸ਼ ਹੈ। ਗੱਦ-ਸ਼ੈਲੀ ਵਿਚ ਇਸਨੇ ਨਵੀਆਂ ਪੈੜਾ ਪਾਈਆਂ ਇਸ ਦੀ ਸ਼ੈਲੀ ਦੇ ਮੁਖ ਗੁਣ ਸਰਲਤਾ, ਸਪਸ਼ਟਤਾ, ਸੁਹਿਰਦਤਾ, ਬਚਨ ਬਧਤਾ, ਨਿਡਰਤਾ, ਭਾਈਵਾਲਤਾ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਅਨੁਯਾਈ ਹੁੰਦੀ ਹੋਈ ਵਿਸ਼ਲੇਸ਼ਣਾਤਮਕ ਪ੍ਰਵਿਰਤੀ ਦੀ ਧਾਰਨੀ ਹੈ।

ਪਾਠ ਨੰਬਰ : 2.6 – ਡਾ. ਬਲਜੀਤ ਕੌਰ ਬਲੀ

'ਮੇਰਾ ਪਾਕਿਸਤਾਨੀ ਸਫਰਨਾਮਾ' ਦਾ ਪੰਜਾਬੀ ਸਫਰਨਾਮਾ ਸਾਹਿਤ ਵਿਚ ਸਥਾਨ

ਯਾਤਰਾ ਕਰਨੀ ਮਨੁੱਖ ਦਾ ਮੁਢਲਾ ਸੁਭਾਅ ਹੈ। ਵਿਚਾਰਵਾਨਾ ਦਾ ਇਹ ਮੱਤ ਹੈ ਕਿ ਸੰਸਾਰ ਦਾ ਪਹਿਲਾਂ ਪ੍ਰਾਣੀ ਇਕ ਥਾਂ ਤੋਂ ਦੂਜੀ ਥਾਂ ਪਹੁੰਚਿਆ ਹੋਏਗਾ। ਇਸ ਤਰ੍ਹਾਂ ਉਸਨੇ ਆਪਣੀ ਪਹਿਲੀ ਯਾਤਰਾ ਪੂਰੀ ਕੀਤੀ ਹੋਏਗੀ ਤੇ ਬਾਅਦ ਵਿਚ ਆ ਕੇ ਉਸ ਜਗ੍ਹਾ ਬਾਰੇ ਆਪਣੇ ਦੋਸਤਾਂ ਨਾਲ ਗੱਲ ਬਾਤ ਕੀਤੀ ਹੋਏਗੀ। ਇਸ ਵਿਚਾਰ ਅਧੀਨ ਇਹ ਕਿਹਾ ਜਾਣਾ ਵੀ ਅਯੋਗ ਨਹੀਂ ਹੋਵੇਗਾ ਕਿ ਸਫਰਨਾਮਾ ਸਾਹਿਤ ਦੀ ਪਹਿਲੀ ਵੰਨਗੀ ਹੈ। ਭਾਵੇਂ ਇਹ ਵਿਧਾ ਲਿਖਤੀ ਰੂਪ ਵਿਚ ਬਾਅਦ ਵਿਚ ਹੋਂਦ ਵਿਚ ਆਉਂਦੀ ਹੈ। ਇਸ ਸੰਬੰਧ ਵਿਚ ਸਿਕੰਦਰ ਦੀਆਂ ਕਹਾਣੀਆਂ (Legents of Alexander) ਉਡਿਸੀ (odyescy), ਹਰਿਸ਼ ਚਰਿਤ ਅਤੇ ਕਦੰਭਰੀ ਆਦਿ ਸਾਹਿਤਕ ਕ੍ਰਿਤਾਂ ਨੂੰ ਵਿਚਾਰਨਾ ਵੀ ਯੋਗ ਹੋਵੇਗਾ।

ਪੰਜਾਬੀ ਸਾਹਿਤ ਵਿਚ ਸਫਰਨਾਮਾ ਸਾਹਿਤ ਦੇ ਬੀਜ ਸਤਾਰਵੀਂ ਸਦੀ ਦੀਆਂ ਜਨਮ ਸਾਖੀਆਂ ਵਿਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਅਸੱਲ ਵਿਚ ਉਨ੍ਹਾਂ ਦੀਆਂ ਚਾਰ ਯਾਤਰਾਵਾਂ ਹੀ ਸਨ ਜਿਹੜੀਆਂ ਉਨ੍ਹਾਂ ਨੇ ਧਾਰਮਿਕ ਸਥਾਨਾਂ ਵੱਲ ਕੀਤੀਆਂ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਸਾਖੀਆਂ ਦਾ ਮੁੱਖ ਮਨੋਰਥ ਅਧਿਆਤਮਕ ਸੀ ਪਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ ਉਦਾਸੀਆਂ ਰਾਹੀਂ ਸਾਨੂੰ ਉਥੋ ਦੇ ਬਹੁਪੱਖੀ ਹਾਲਾਤ ਦਾ ਪਤਾ ਲਗਦਾ ਹੈ। ਅਜਿਹੀ ਜਾਣਕਾਰੀ ਹੀ ਸਾਹਿਤ ਨੂੰ ਸਫਰਨਾਮੇ ਦੀ ਬ੍ਰਿਤੀ ਪ੍ਰਦਾਨ ਕਰਦੀ ਹੈ। ਇਨ੍ਹਾਂ ਉਦਾਸੀਆਂ ਵਿਚ ਵੀ ਅਜੋਕੇ ਸਫਰਨਾਮੇ ਵਾਂਗ ਲੋਕਾਂ ਦੇ ਰਸਮੋ ਰਿਵਾਜ਼ ਰਹਿਣੀ ਬਹਿਣੀ, ਪਹਿਰਾਵਾ, ਬੋਲੀ ਅਤੇ ਸਭਿਆਚਾਰ ਦੇ ਅਨੇਕ ਪੱਖਾਂ ਉਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸਫਰਨਾਮੇ ਦਾ ਮੁਢਲਾ ਰੂਪ ਗੁਰੂ ਨਾਨਕ ਦੇਵ ਦੀਆਂ ਚਾਰ ਉਦਾਸੀਆਂ ਹਨ।

ਸਮੇਂ ਦੇ ਬਦਲਣ ਨਾਲ ਮਨੁੱਖੀ ਕਦਰਾਂ ਕੀਮਤਾਂ ਵਿਚ ਵੀ ਪਰਿਵਰਤਨ ਆਉਂਦਾ ਹੈ। ਬਾਹਰਲੇ ਬਹੁਪੱਖੀ ਤੇ ਪਦਾਰਥਕ ਪ੍ਰਭਾਵਾਂ ਕਰਕੇ ਭਾਰਤੀ ਜੀਵਨ ਵਿਚ ਵੀ ਤਬਦੀਲੀ ਵਾਪਰੀ ਹੈ। ਜਿਸ ਕਰਕੇ ਉਸਦੇ ਜੀਵਨ ਦਾ ਧੁਰਾ ਅਧਿਆਤਮਵਾਦੀ ਨਾ ਰਹਿਕੇ ਜਗਿਆਸੂਆਂ ਵਾਲਾ ਤੇ ਵਿਗਿਆਨਕ ਰੂਪ ਧਾਰਨ ਕਰ ਗਿਆ, ਅੰਤਰਮੁਖਤਾ ਵਲੋਂ ਧਿਆਨ ਬਾਹਰਲੇ ਪੱਖਾਂ ਵੱਲ ਹੋ ਗਿਆ ਹੈ। ਅੰਗ੍ਰਜੀ ਪ੍ਰਾਭਵ ਨੇ ਜਿਥੇ ਇਕ ਪਾਸੇ ਸਾਨੂੰ ਨਵੇਂ ਸਾਹਿਤਕ ਰੂਪਾਂ ਵੱਲ ਪ੍ਰੇਰਿਤ ਕੀਤਾ ਹੈ ਦੂਜੇ ਪਾਸੇ ਸਾਨੂੰ ਆਪਣੇ ਵਿਰਸੇ ਨਾਲੋਂ ਵੀ ਨਿਖੇੜਿਆ ਹੈ। ਅੰਗ੍ਰੇਜ ਸਾਸ਼ਕਾ ਦੀ ਨੀਤੀ ਵੱਧ ਤੋਂ ਵੱਧ ਆਪਣੇ ਸਾਹਿਤ ਸਭਿਆਚਾਰ ਦਾ ਪ੍ਰਚਾਰ ਕਰਨਾ ਸੀ। ਇਸ ਲਈ ਉਨ੍ਹੂੰ ਨੇ ਹਰ ਸੰਭਵ ਯਤਨ ਕੀਤੇ। ਅੰਗ੍ਰੇਜੀ ਪ੍ਰਭਾਵ ਅਧੀਨ ਭਾਰਤੀ ਜਨਤਾ ਆਪਣੇ ਪੁਰਾਤਨ ਵਿਰਸੇ ਨਾਲੋਂ ਟੁੱਟਕੇ ਆਧੁਨਿਕ ਚੇਤਨਾ ਦੀ ਹਾਣੀ ਬਣਨ ਬਾਰੇ ਸੋਚਣ ਲਗੀ। ਇਸ ਦੀ ਪ੍ਰਾਪਤੀ ਲਈ ਨਵਾਂ ਵਿਦਿਅਕ ਢਾਂਚਾ, ਨਵੀਂ ਬੋਲੀ, ਨਵਾਂ ਸਭਿਆਚਾਰ ਭਾਰਤੀ ਲੋਕਾਂ ਨੂੰ ਦਿਤਾ ਗਿਆ ਜਿਸ ਕਰਕੇ ਪੰਜਾਬੀ ਵਿਚ ਪੁਰਾਤਨ ਸਫਰਨਾਮੇ ਦੀ ਉਦਾਸੀ ਵੰਨਗੀ ਪ੍ਰਫੁਲਿਤ ਨਾ ਹੋ ਸਕੀ।

ਅੰਗ੍ਰੇਜ਼ੀ ਸਾਹਿਤ ਦੇ ਸੰਪਰਕ ਵਿਚ ਆਉਣ ਨਾਲ ਨਵੇਂ ਨਵੇਂ ਸਾਹਿਤ ਰੂਪ ਹੋਂਦ ਵਿਚ ਆਏ। ਇਸ ਵੰਨ ਸੁਵੰਨਤਾ ਨੂੰ ਦੇਖਕੇ ਪੰਜਾਬੀਆਂ ਅੰਦਰ ਵੀ ਰੀਝ ਪੈਦਾ ਹੋਈ ਕਿ ਅੰਗ੍ਰੇਜੀ ਸਾਹਿਤ ਪੜ੍ਹਿਆ ਜਾਵੇ ਉਨ੍ਹਾਂ ਨੇ ਜਦੋਂ ਪੱਛਮੀ ਸਾਹਿਤ ਪੜ੍ਹਿਆ ਤਾਂ ਉਨ੍ਹਾਂ ਦੇ ਅੰਦਰ ਇਕ ਰੀਝ ਪੈਦਾ ਹੋ ਗਈ ਕਿ ਕਿਉਂ ਨਾ ਪੰਜਾਬੀ ਸਾਹਿਤ ਵਿਚ ਛੋਟੀ ਕਵਿਤਾ ਹੋਵੇ? ਕਿਉਂ ਨਾ ਆਧੁਨਿਕ ਨਾਟਕ ਹੋਣ ਕਿਉਂ ਨਾ

ਸਫਰਨਾਮਾ ਬ੍ਰਿਤੀ ਦੀਆਂ ਰਚਨਾਵਾਂ ਨੂੰ ਲਿਖਿਆ ਜਾਵੇ। ਇਉਂ ਸਫਰਨਾਮਾ ਸਾਹਿਤ ਦੀ ਇਹ ਵੰਨਗੀ ਵੀ ਬਾਕੀ ਸਾਹਿਤ ਰੂਪਾਂ ਦੀ ਤਰ੍ਹਾਂ ਅੰਗ੍ਰੇਜ਼ੀ ਪ੍ਰਭਾਵ ਅਧੀਨ ਹੀ ਵਿਕਸਤ ਹੋਈ। ਇਸ ਤਰ੍ਹਾਂ ਆਧੁਨਿਕ ਕਾਲ ਦੇ ਪੰਜਾਬੀ ਸਫਰਨਾਮੇ ਦੇ ਪ੍ਰੇਰਨਾ ਸ੍ਰੋਤ ਦੇ ਦੋ ਆਧਾਰ ਹਨ ਪਹਿਲਾ ਪਰੰਪਰਾ ਦੀ ਪੁਨਰ ਸਥਾਪਨਾ ਭਾਵ ਉਦਾਸੀ ਪਰੰਪਰਾ ਨੂੰ ਨਵਾਂ ਰੂਪ ਦੇਣਾ। ਦੂਜਾ, ਅੰਗ੍ਰੇਜ਼ੀ ਸਾਹਿਤ ਦੀਆਂ ਵਿਕਸਤ ਪਰੰਪਰਾਵਾਂ ਦਾ ਇਕ ਸਫਲ ਪ੍ਰਤੀਕਰਮ। ਜਦੋਂ ਸਫਰਨਾਮੇ ਦੀ ਵੰਨਗੀ ਨੂੰ ਸਾਹਿਤਕ ਅਮੀਰੀ ਦਾ ਇਕ ਚਿੰਨ੍ਹ ਸਮਝਿਆ ਗਿਆ ਤਾਂ ਪੰਜਾਬੀ ਵਿਚ ਇਸਨੂੰ ਲਿਖਣ ਦੀ ਪਰੰਪਰਾ ਤੁਰ ਪਈ।

ਪੰਜਾਬੀ ਸਾਹਿਤ ਦਾ ਪਹਿਲਾ ਸਫਰਨਾਮਾ ਲਾਲ ਸਿੰਘ ਕਮਲਾ ਅਕਾਲੀ ਰਚਿਤ 'ਮੇਰਾ ਵਲਾਇਤੀ ਸਫਰਨਾਮਾ, ਹੈ ਲੇਖਕ ਨੇ ਉਨੀ ਸੌ ਛੱਬੀ ਸਤਾਈ ਵਿਚ ਇੰਗਲੈਂਡ ਦੀ ਯਾਤਰਾ ਕੀਤੀ। ਉਸਨੂੰ ਆਪਣੇ ਇਸ ਯਾਤਰਾ ਦੇ ਅਨੁਭਵ ਨੂੰ ਪਾਠਕਾਂ ਨਾਲ ਸਾਂਝੇ ਕੀਤਾ। ਇਸ ਰਚਨਾ ਵਿਚ ਲੇਖਕ ਨੇ ਆਰੰਭ ਤੋ ਲੈ ਕੇ ਸਫਰ ਦੇ ਖਤਮ ਹੋਣ ਤੱਕ ਦੇ ਵੇਰਵਿਆ ਨੂੰ ਵਿਸਥਾਰ ਨਾਲ ਪੇਸ਼ ਕੀਤਾ ਹੈ। ਇਸਦਾ ਲਿਖਤੀ ਰੂਪ ਭਾਵੇਂ 1933 ਵਿਚ ਪਾਠਕਾਂ ਸਾਹਮਣੇ ਆਇਆ ਹੈ।

ਇਸ ਸਫਰਨਾਮੇ ਵਿਚ ਕੇਵਲ ਇੰਗਲੈਂਡ ਦਾ ਜ਼ਿਕਰ ਨਹੀਂ, ਸਗੋਂ ਇਸ ਵਿਚ ਇਟਲੀ, ਜਰਮਨ, ਸਵਿਜਰਲੈਂਡ ਤੇ ਫਰਾਂਸ ਬਾਰੇ ਵੀ ਦੱਸਿਆ ਗਿਆ ਹੈ ਪਰੰਤੂ ਇਸ ਪੁਸਤਕ ਦਾ ਸਿਰਲੇਖ ਇਸ ਗੱਲ ਦਾ ਭੁਲੇਖਾ ਪਾਉਂਦਾ ਹੈ ਕਿ ਜਿਵੇਂ ਇਸ ਪੁਸਤਕ ਵਿਚ ਕੇਵਲ ਇੰਗਲੈਂਡ ਦੀ ਯਾਤਰਾ ਦਾ ਹੀ ਜ਼ਿਕਰ ਕੀਤਾ ਗਿਆ ਹੋਵੇ। ਇਸਦੇ ਉਪਰੰਤ ਕਮਲਾ ਅਕਾਲੀ ਨੇ ਦੂਜਾ ਸਫਰਨਾਮਾ, 'ਸੈਲਾਨੀ ਦੇਸ਼ ਭਗਤ' ਲਿਖਿਆ। ਇਹ ਇਕ ਕਿਸਮ ਦਾ ਵੱਖਰੀ ਭਾਂਤ ਦਾ ਸਫਰਨਾਮਾ ਹੈ। ਇਸਦਾ ਨਾਇਕ ਹਰਨਾਮ ਸਿੰਘ ਇਕ ਕਲਪਤ ਪਾਤਰ ਹੈ। ਇਹ ਪਾਤਰ ਰੁਜ਼ਗਾਰ ਦੀ ਤਲਾਸ਼ ਵਿਚ ਕਈ ਦੇਸ਼ਾਂ ਦਾ ਰਟਨ ਕਰਦਾ ਹੈ। ਯਾਤਰਾ ਵੀ ਕਲਪਿਤ ਹੈ। ਅਜਿਹੀ ਜਾਣਕਾਰੀ ਕੇਵਲ ਸੂਚਨਾ ਉਤੇ ਅਧਾਰਤ ਹੁੰਦੀ ਹੈ। ਉਸ ਵਿਚ ਵਾਸਤਵਿਕਤਾ ਨਹੀਂ ਹੁੰਦੀ ਇਸ ਰਚਨਾ ਵਿਚ ਵੀ, ਜਪਾਨ, ਅਮਰੀਕਾ, ਹਾਂਗ ਕਾਂਗ, ਸਿਆਂਗ ਕਾਮਾਘਾਟਾ ਮਾਰੂ ਦੀਆਂ ਘਟਨਾਵਾ ਦਾ ਜ਼ਿਕਰ ਕੀਤਾ ਗਿਆ।

ਪੰਜਾਬੀ ਸਫਰਨਾਮਾ ਸਾਹਿਤ ਵਿਚ ਗਿਆਨੀ ਹੀਰਾ ਸਿੰਘ ਦਰਦ ਤੇ ਪ੍ਰੋ. ਐਸ. ਐਸ. ਅਮੋਲ ਦੇ ਨਾਮ ਵੀ ਵਿਸ਼ੇਸ ਮਹੱਤਵ ਰਖਦੇ ਹਨ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਯਤਰਾ ਸਾਹਿਤ ਦੀ ਸੱਭਿਆਚਾਰਕ ਮਹੱਤਤਾ ਬਾਰੇ ਉਭਰਦੀ ਹੈ। ਜਿਹਾ ਕਿ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਸਫਰਨਾਮਾ ਲਿਖਣ ਦਾ ਮੁਖ ਮੰਤਵ ਸਭਿਆਚਾਰ ਏਕਤਾ ਦੀ ਭਾਵਨਾ ਨੂੰ ਉਭਾਰਨਾ ਹੁੰਦਾ ਹੈ। ਇਸ ਸ੍ਰਿਸ਼ਟੀ ਤੋਂ ਉਕਤ ਦੋਹਾਂ ਲੇਖਕਾ ਨੇ ਸੁਚੇਤ ਹੋ ਕੇ ਲਿਖਿਆ ਹੈ। ਭਾਰਤੀ ਲੋਕਾਂ ਨੂੰ ਬਰ੍ਹਮਾ, ਮਲਾਇਆ ਸਿਆਂਗ ਅਤੇ ਦੱਖਣ ਯੂਰਪ ਵਿਚ ਸਥਿਤ ਦੇਸ਼ ਸਭਿਆਚਾਰਕ ਅਮੀਰੀ ਦੀ ਪ੍ਰੇਰਨਾ ਦੇ ਰਹੇ ਹਨ। ਅਮੋਲ ਯਾਤਰਾ ਵਿਚ ਅਮੋਲ ਜੀ ਨੇ ਪੰਜਾਬੀ ਪਾਠਕਾਂ ਦੀ ਇਸ ਰੁਚੀ ਨੂੰ ਪ੍ਰਗਟਾਇਆ ਹੀ ਨਹੀਂ ਬਲਕਿ ਸਪੱਸ਼ਟ ਵੀ ਕੀਤਾ ਹੈ। ਦਰਦ ਨੇ ਆਪਣੀ ਰਚਨਾ ਵਿਚ ਕ੍ਰਿਸ਼ਨ ਮੁਰਾਰੀ ਦੀ ਰਾਸ ਲੀਲਾ ਨਾਲ ਸੰਬੰਧਤ ਬ੍ਰਿਜ ਭੂਮੀ ਬਾਰੇ ਹੀ ਨਹੀਂ ਲਿਖਿਆ ਸਗੋਂ ਮਲਾਇਆ ਬਾਰੇ ਪੂਰੀ ਜਾਣਕਾਰੀ ਦਿਤੀ ਹੈ। ਇਥੇ ਅਨੇਕਾਂ ਪੰਜਾਬੀ ਵਸੇ ਹੋਏ ਹਨ ਅਤੇ ਭਾਰਤ ਵਿਚ ਰਹਿੰਦੇ ਲੋਕੀ ਉਨ੍ਹਾਂ ਦੀ ਰਹਿਣੀ ਬਹਿਣੀ, ਧਾਰਮਿਕ ਭਾਵਨਾਵਾਂ ਬਾਰੇ ਜਾਨਣਾ ਚਾਹੁੰਦੇ ਹਨ। ਅਜਿਹੀ ਜਾਣਕਾਰੀ ਦੇ ਕੇ ਹੀਰਾ ਸਿੰਘ ਦਰਦ ਨੇ ਸਫਰਨਾਮੇ ਨੂੰ ਇਕ ਉਪਯੋਗੀ ਸਾਹਿਤਕ ਸਾਧਨ ਸਿਧ ਕੀਤਾ ਹੈ।

ਐਸ. ਐਸ. ਅਮੋਲ ਨੇ ਯਾਤਰਾ ਤੋਂ ਇਲਾਵਾ 'ਯਾਤਰੂ ਦੀ ਡਾਇਰੀ' 'ਪੈਰਿਸ ਵਿਚ ਇਕ ਭਾਰਤੀ', ਅਤੇ 'ਇੰਗਲੈਂਡ ਦੀ ਯਾਦ' ਆਦੀ ਰਚਨਾਵਾਂ ਨਾਲ ਪੰਜਾਬੀ ਸਫਰਨਾਮਾ ਸਾਹਿਤ ਨੂੰ ਹੋਰ ਅਮੀਰ ਬਣਾਇਆ ਹੈ। ਗਿਆਨ ਪ੍ਰਸਾਰ ਦੀ ਰੀਝ ਅਧੀਨ ਪ੍ਰੋਯ ਰਾਮ ਸਿੰਘ ਨੇ ਪੰਜਾਬੀ ਸਾਹਿਤ ਨੂੰ ਕੁਝ ਕੁ ਸਫਰਨਾਮੇ ਦਿਤੇ। ਹਿਮਾਲਾ ਪਰਬਤ ਜਿਥੇ ਭਾਰਤੀਆ ਲਈ ਇਕ ਧਾਰਮਿਕ ਚਿੰਨ੍ਹ ਹੈ ਉਥੇ ਇਸਦੀ ਇਕ ਸਭਿਆਚਾਰਕ ਮਹੱਤਤਾ ਵੀ ਹੈ ਇਸ ਲਈ ਚਿਰਾਂ ਤੋਂ ਇਹ ਪਰਬਤ ਭਾਰਤੀਆਂ ਅਤੇ ਬਦੇਸ਼ੀਆਂ ਲਈ ਖਿਚ ਦਾ ਕਾਰਨ ਰਿਹਾ ਹੈ। ਅਜਿਹੀ ਯਾਤਰਾ ਪ੍ਰੋਯ ਰਾਮ ਸਿੰਘ ਅਤੇ ਪਿਆਰਾ ਸਿੰਘ ਦਾਤਾ ਨੇ ਕੀਤੀ ਹੈ। ਪ੍ਰੋਯ ਰਾਮ ਸਿੰਘ ਨੇ 'ਕਸ਼ਮੀਰ ਤੇ ਕੁੱਲੂ' ਦੀ ਯਾਤਰਾ ਲਿਖੀ ਹੈ ਅਤੇ ਪਿਆਰਾ

ਸਿੰਘ ਦਾਤਾ ਨੇ 'ਮੇਰੀਆਂ ਪਰਬਤ ਫੇਰੀਆਂ' ਨਾਂ ਦੀ ਰਚਨਾ ਸਾਨੂੰ ਦਿਤੀ। ਇਨ੍ਹਾਂ ਰਚਨਾਵਾਂ ਵਿਚ ਪਹਾੜੀ ਲੋਕਾਂ ਦੀਆਂ ਆਦਤਾਂ ਅਤੇ ਉਨ੍ਹਾਂ ਦੇ ਸਭਿਆਚਾਰ ਬਾਰੇ ਰੌਸ਼ਨੀ ਪਾਈ ਗਈ ਹੈ।

ਇਸੇ ਪ੍ਰਕਾਰ ਸਫਰਨਾਮਾ ਸਾਹਿਤ ਵਿਚ ਡਾ: ਹਰਦਿਤ ਸਿੰਘ ਨੇ 'ਪੂਰਬ ਪੱਛਮ' ਸਫਰਨਾਮਾ ਲਿਖਕੇ ਗੁਣਾਤਮਕ ਪੱਖ ਤੋਂ ਹੋਰ ਵਾਧਾ ਕੀਤਾ ਹੈ। ਇਸ ਰਚਨਾ ਰਾਹੀਂ ਲੇਖਕ ਨੇ ਪੂਰਬ ਅਤੇ ਪੱਛਮ ਦੇ ਵਿਭਿੰਨ ਕੋਣ ਨੂੰ ਜੀਵਨ ਸੰਦਰਭ ਵਿਚ ਰਖਕੇ ਪੇਸ਼ ਕੀਤਾ ਹੈ। ਇਸੇ ਪ੍ਰਕਾਰ ਡਾ. ਸ਼ੇਰ ਸਿੰਘ ਆਪਣੀ ਰਚਨਾ 'ਪ੍ਰਦੇਸ਼ ਯਾਤਰਾ' ਵਿਚ ਵਡਮੁੱਲੀ ਜਾਣਕਾਰੀ ਦਿਤੀ ਹੈ। ਡਾ. ਪਰਦੁਮਨ ਸਿੰਘ ਨੇ ਆਪਣੀ ਰਚਨਾ 'ਅਮਰੀਕਾ ਦਾ ਸਫਰ' ਵਿਚ ਵੀ ਕਈ ਪੱਖਾਂ ਤੋਂ ਜਾਣਕਾਰੀ ਦਿਤੀ ਹੈ। ਪਦਮ ਨੇ ਵੀ 'ਦੇਸ਼ ਯਾਤਰਾ' ਅਤੇ ਪ੍ਰਦੇਸ਼ ਯਾਤਰਾ ਵਿਚ ਕਈ ਪੱਖਾਂ ਤੋਂ ਪੰਜਾਬੀ ਪਾਠਕ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ।

ਸਫਰਨਾਮਾ ਸਾਹਿਤ ਵਿਚ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਦਾ ਨਾਮ ਵੀ ਲਿਆ ਜਾਂਦਾ ਹੈ। ਇਨ੍ਹਾਂ ਨੇ 'ਕਾਬਲ ਦੀ ਯਾਤਰਾ' ਲਿਖਕੇ ਸਫਰਨਾਮੇ ਨੂੰ ਇਤਿਹਾਸਕ ਸਚਾਈ ਵਾਲਾ ਗੌਰਵ ਪ੍ਰਦਾਨ ਕੀਤਾ ਹੈ। ਹੁਕਮ ਸਿੰਘ ਨੇ 'ਕਈ ਦੇਸ਼ ਤੇ ਕਈ ਲੋਕ' ਦੀ ਰਚਨਾ ਕੀਤੀ। ਜਗਜੀਤ ਸਿੰਘ ਅਨੰਦ ਨੇ 'ਨਵਾਂ ਨਿਆਰਾ ਜਰਮਨੀ' ਬਲਵੰਤ ਗਾਰਗੀ ਨੇ 'ਪਤਾਲ ਦਾ ਬੰਦਾ' ਤੇ ਰਣਬੀਰ ਸਿੰਘ ਕੋਇਟਾ ਦੀ 'ਅਮਰੀਕਾ ਦੀ ਸੈਰ' ਆਦਿ ਰਚਨਾਵਾਂ ਸਫਰਨਾਮਾ ਸਾਹਿਤ ਵਿਚ ਵਾਧਾ ਕਰਦੀਆਂ ਹਨ। ਬਲਵੰਤ ਗਾਰਗੀ ਦਾ ਸਫਰਨਾਮਾ 'ਪਾਤਾਲ ਦਾ ਬੰਦਾ' ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਇਸ ਵਿਚ ਲੇਖਕ ਦੀ ਨਾਟਕੀ ਸ਼ੈਲੀ ਤੇ ਸਖਸ਼ੀਅਤ ਉਭਰਦੀ ਹੈ।

ਪ੍ਰਸਿੱਧ ਨਾਵਲਕਾਰ ਨਰਿੰਦਰਪਾਲ ਸਿੰਘ ਨਾਲ ਪੰਜਾਬੀ ਸਫਰਨਾਮਾ ਵਿਚ ਨਵਾਂ ਮੋੜ ਲੈਂਦਾ ਹੈ। ਨਰਿੰਦਰਪਾਲ ਨੇ 'ਮੇਰਾ ਰੂਸੀ ਸਫਰਨਾਮਾ' ਅਤੇ 'ਦੇਸ਼ਾ ਪਰਦੇਸ਼ਾਂ ਵਿਚ' ਦੋ ਰਚਨਾਵਾਂ ਪੰਜਾਬੀ ਸਾਹਿਤ ਨੂੰ ਦਿਤੀਆ ਇਨ੍ਹਾਂ ਰਚਨਾਵਾਂ ਵਿਚ ਲੇਖਕ ਦੀ ਆਲੋਚਨਾਤਮਕ ਪ੍ਰਵਿਰਤੀ ਪ੍ਰਬਲ ਹੁੰਦੀ ਹੈ। 'ਦੇਸ਼ਾ ਪ੍ਰਦੇਸ਼ਾਂ ਵਿਚ' ਰਚਨਾ ਵਿਚ ਉਨ੍ਹਾਂ ਦਿਨਾਂ ਦੀ ਯਾਦ ਦੁਆਈ ਗਈ ਹੈ ਜਦ ਉਹ ਕਈ ਦੇਸ਼ਾਂ ਵਿਚ ਮਿਲਟਰੀ ਸਕੱਤਰ ਦੇ ਤੌਰ ਤੇ ਭਾਰਤੀ ਦੂਤਾਂ ਵਾਸਾ ਵਿਚ ਕੰਮ ਕਰਦਾ ਸੀ। ਇਸਦੇ ਇਲਾਵਾ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਦਾ ਲਿਖਿਆ ਸਫਰਨਾਮਾ 'ਲੈਨਿਨ ਦੇ ਦੇਸ਼ ਵਿਚ' ਲੇਖਕ ਦੀ ਯਾਦ ਸ਼ਕਤੀ ਉਤੇ ਆਧਾਰਤ ਹੈ। ਆਜ਼ਾਦ ਸਾਹਿਬ ਲੈਨਿਨ ਯੂਨੀਵਰਸਿਟੀ ਵਿਚ ਲੈਨਿਨ ਸਾਹਿਤ ਸਬੰਧੀ ਅਧਿਐਨ ਕਰਦੇ ਰਹੇ ਸਨ। ਇਸ ਕਰਕੇ ਇਨ੍ਹਾਂ ਦੇ ਸਫਰਨਾਮੇ ਵਿਚ ਅਨੁਭਵ ਦੀ ਵਿਸ਼ਾਲਤਾ ਅਤੇ ਨੀਖਟਤਾ ਦੋਵੇਂ ਲੱਛਣ ਮੌਜੂਦ ਹਨ।

ਪੰਜਾਬੀ ਦੇ ਪ੍ਰਸਿਧ ਕਹਾਣੀਕਾਰ ਸੰਤੋਖ ਸਿੰਘ ਧੀਰ ਨੇ ਵੀ ਸਫਰਨਾਮਾ ਸਾਹਿਤ ਉਤੇ ਹੱਥ ਅਜਮਾਇਆ ਹੈ। 1978 ਵਿਚ ਉਸਨੇ 'ਮੇਰੀ ਇੰਗਲੈਂਡ ਯਾਤਰਾ' ਨਾਮ ਦੀ ਰਚਨਾ ਕੀਤੀ। ਇਸਦੀ ਮਹੱਤਤਾ ਇਕ ਪਾਸੇ ਇੰਗਲੈਂਡ ਦੇ ਗੁਰਦੁਆਰਿਆ ਦੀ ਹਾਲਤ ਬਿਆਨ ਕੀਤਾ ਗਿਆ ਹੈ ਦੂਜੇ ਪਾਸੇ ਪੰਜਾਬੀਆਂ ਦੇ ਜੀਵਨ ਦੀ ਅਸਲ ਝਾਕੀ ਪੇਸ਼ ਕੀਤੀ ਗਈ ਹੈ। ਇਸਤੋਂ ਇਲਾਵਾ ਆਤਮਾ ਸਿੰਘ ਨੇ 'ਮੇਰਾ ਸੰਸਾਰ ਚੱਕਰ' ਸ੍ਰ. ਪ੍ਰੀਤਮ ਸਿੰਘ ਨੇ 'ਮੇਰੀ ਪ੍ਰਦੇਸ਼ ਯਾਤਰਾ' ਅਤੇ ਮੇਰੀਆਂ ਪਰਬਤ ਫੇਰੀਆ ਲਿਖੇ ਜਿਨ੍ਹਾਂ ਵਿਚ ਬਿਆਨ ਦੀ ਪ੍ਰਬਲਤਾ ਹੈ। ਸੁਖਦੇਵ ਸਿੰਘ ਪੰਧੇਰ ਦੀ 'ਪੈਰਿਸ ਦੀ ਕੁੜੀ' ਵਿਚ ਪ੍ਰਸਿਧ ਸਥਾਨਾ ਦੀ ਭੂਗੋਲਿਕ ਸਥਿਤੀ ਚਿਤਰੀ ਗਈ ਹੈ।

ਪ੍ਰੀਤਮ ਸਿੰਘ ਨੇ 'ਕਬੂਤਰਾ ਦੀ ਪਰਵਾਜ' ਲਿਖਕੇ ਸਫਰਨਾਮਾ ਸਾਹਿਤ ਦੀ ਪੰਰਮਪਰਾ ਵਿਚ ਇਕ ਨਵਾਂ ਪ੍ਰਯੋਗ ਕੀਤਾ ਹੈ। ਇਸਤੋਂ ਪਹਿਲਾ ਦੇ ਲੇਖਕ ਵਧੇਰੇ ਕਰਕੇ ਘਟਨਾਵਾ ਵਿਚ ਵਧੇਰੇ ਪ੍ਰਬੀਨਤਾ ਰੱਖਦੇ ਸਨ ਪਰੰਤੂ ਪ੍ਰੀਤਮ ਸਿੰਘ ਨੇ ਅੰਤਾਹਕਰਨ ਦੀਆਂ ਬਾਰੀਕੀਆਂ ਨੂੰ ਤੇ ਸੂਖਮ ਭਾਵਾਂ ਨੂੰ ਵਧੇਰੇ ਚਿਤਰਿਆ ਹੈ। ਉਸਨੇ ਮੁਲਾਕਾਤਾਂ ਦਾ ਇਕ ਸਿਲਸਿਲਾ ਜਾਰੀ ਕਰਕੇ ਉਕਤ ਪ੍ਰਭਾਵ ਨੂੰ ਬਾਖੂਬੀ ਨਾਲ ਚਿਤਰਿਆ ਹੈ। ਇਸ ਰਚਨਾ ਵਿਚ ਪਾਕਿਸਾਤਨ, ਦੇਸ਼ ਦੇ ਪ੍ਰਸਿੱਧ ਲੇਖਕਾਂ, ਸਕੀਮ ਖਾਂ, ਨਜ਼ਮ ਹੁਸੈਨ ਸੱਯਦ, ਅਜਮਕ ਭੱਟੀ ਆਦਿ ਨਾਲ ਗੱਲਾਂ ਬਾਤਾ ਦਾ ਸਿਲਸਿਲਾ ਛੇੜਕੇ ਉਥੇ ਦੀ ਸਭਿਆਚਾਰਕ ਜ਼ਿੰਦਗੀ ਦਾ ਜਾਇਜਾ ਲਿਆ ਹੈ। ਇਸਤੋਂ ਇਲਾਵਾ ਉਥੋ ਦੀ ਰਾਜਨੀਤਕ ਵਿਵਸਥਾ ਦੀ ਰੂਪ ਰੇਖਾ ਵੀ ਉਲੀਕੀ ਹੈ। 1982 ਵਿਚ ਪ੍ਰੀਤਮ ਸਿੰਘ ਦੀ ਦੂਜੀ ਰਚਨਾ 'ਨਵੇਂ ਅਕਾਸ਼' ਵਿਚ ਉਸਨੇ ਯਾਤਰਾ ਅਨੁਭਵ ਦੇ ਸਿਲਸਿਲੇ ਨੂੰ ਹੀ ਤੋਰਿਆ ਹੈ। ਇਸ ਵਿਚ, ਲੰਡਨ, ਬ੍ਰਮਿੰਘਮ, ਸਾਊਥ ਹਾਲ

ਸਥਾਨਾਂ ਦੀ ਸੈਰ ਦੌਰਾਨ ਆਪਣੇ ਅਨੁਭਵਾਂ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ। ਰਚਨਾਕਾਰ ਦਾ ਮਨੋਰਥ ਜਿਥੇ ਪੂਰਬ ਪੱਛਮ ਦੀਆਂ ਕਦਰਾ ਕੀਮਤਾਂ ਦੀ ਜਾਣਕਾਰੀ ਦੇਦਾ ਹੈ ਉਥੇ ਪਰਸਪਰ ਪਿਆਰ ਦੀ ਭਾਵਨਾ ਨੂੰ ਵੀ ਉਜਾਗਰ ਕੀਤਾ ਗਿਆ ਹੈ।

ਪੰਜਾਬੀ ਦੇ ਪ੍ਰਸਿੱਧ ਕਵੀ ਰਵਿੰਦਰ ਰਵੀ ਨੇ 1976 ਵਿਚ ਸਿਮਰਤੀਆਂ ਦੇ ਦੇਸ਼ ਨਾਮ ਦਾ ਸਫਰਨਾਮਾ ਸਾਹਿਤ ਨੂੰ ਦਿਤਾ ਜਿਸ ਵਿਚ ਯੂਰਪ ਦੇ ਪ੍ਰਮੁੱਖ ਦੇਸ਼ਾਂ ਅਫਰੀਕਾ ਦੇ ਅਮਰੀਕਾ ਦੀ ਸੈਰ ਵਿਚਲੇ ਬਹੁਪੱਖੀ ਅਨੁਭਵਾਂ ਨੂੰ ਚਿਤਰਿਆ ਹੈ। ਇਹ ਸਫਰਨਾਮਾ ਰੋਚਕ ਹੋਣ ਕਰਕੇ ਲੋਕਾਂ ਵਿਚ ਬੜਾ ਸਲਾਹਿਆ ਗਿਆ ਹੈ ਇਸ ਤਰ੍ਹਾਂ ਪ੍ਰੀਤਮ ਸਿੱਧੂ ਨੇ 'ਧਰਤੀ ਵਲੈਤੀ ਦੇਸੀ ਚੰਭਾ' ਸਫਰਨਾਮਾ ਨਿਵੇਕਲੀ ਸ਼ੈਲੀ ਵਿਚ ਲਿਖਿਆ ਹੈ। ਉਸਨੇ ਬਦੇਸ਼ਾਂ ਵਿਚ ਵਸਦੇ ਭਾਰਤੀਆਂ ਦੀਆਂ ਸਮੱਸਿਆ ਨੂੰ ਪੇਸ਼ ਕੀਤਾ ਹੈ ਜਿਸ ਵਿਚ ਇਹ ਲੋਕ ਪ੍ਰਾਪਤੀ ਦੇ ਅਹਿਸਾਸ ਵਿਚੋਂ ਅਪ੍ਰਾਪਤੀ ਦਾ ਅਹਿਸਾਸ ਕਰਦੇ ਹਨ। ਸਭਿਆਚਾਰਕ ਧੁਰ ਦਾ ਪਾੜਾ ਹੋਣ ਕਰਕੇ ਭੂ ਹੇਰਵੇ ਦਾ ਸੰਤਾਪ ਭੋਗਦੇ ਹਨ। 'ਮੇਰੀ ਵਿਦੇਸ਼ ਯਾਤਰਾ' ਗਿਆਨੀ ਭਜਨ ਦਾ ਲਿਖਿਆ ਸਫਰਨਾਮਾ ਹੈ ਜਿਸ ਵਿਚ ਵਿਦੇਸ਼ੀ ਪਾਤਰਾ ਨੂੰ ਨਜ਼ਦੀਕ ਤੋਂ ਵੇਖਣ ਦਾ ਉਪਰਾਲਾ ਕੀਤਾ ਹੈ। ਇਸਤੋਂ ਬਿਨਾਂ ਹਰਭਜਨ ਸਿੰਘ ਹਲਵਾਰਵੀ ਦੀਆਂ ਕੁਝ ਕਿਸ਼ਤਾ 'ਭਾਰਤ ਦੀ ਯਾਤਰਾ' ਚੀਨ ਦੀ ਫੇਰੀ ਸਿਰਲੇਖ ਅਧੀਨ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਤ ਹੋਈਆਂ। ਇਸੇ ਪਰੰਪਰਾ ਦਾ ਇਕ ਹੋਰ ਮਹੱਤਵਪੂਰਨ ਸਫਰਨਾਮਾ ਪ੍ਰੋ: ਪੂਰਨ ਸਿੰਘ ਦੇ ਬੰਬਈ ਤੇ ਜਪਾਨ ਤੱਕ ਦੇ ਸਫਰ ਨੂੰ ਉਲੀਕਣ ਵਾਲੀ ਰਚਨਾ ਹੈ। ਇਹ ਰਚਨਾ ਪ੍ਰੋ: ਪੂਰਨ ਸਿੰਘ ਦੀ ਅੰਗ੍ਰੇਜ਼ੀ ਰਚਨਾ 'On the path of life' ਦਾ ਅਨੁਵਾਦ ਹੈ। ਇਹ ਅਨੁਵਾਦ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕੀਤਾ ਹੈ। ਇਸ ਵਿਚ ਦੇਸ਼ ਛੱਡਣ ਵਾਲੇ ਦੀ ਹਾਲਤ, ਮਾਂ ਪਿਆਰ ਆਦਿ ਗੱਲਾਂ ਦਾ ਪ੍ਰਭਾਵ ਪਾਉਣ ਦਾ ਯਤਨ ਕੀਤਾ ਗਿਆ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਪੰਜਾਬੀ ਸਫਰਨਾਮੇ ਦਾ ਇਤਿਹਾਸ ਉਦਾਸੀਆਂ ਤੋਂ ਆਰੰਭ ਹੋ ਕੇ ਪਾਤਰ ਵਿਸ਼ਲੇਸ਼ਨ ਦੀ ਵਿਧੀ ਤੱਕ ਚਲਦਾ ਹੈ। ਘਟਨਾ ਕ੍ਰਮ ਨੂੰ ਬਿਆਨ ਕਰਨ ਦੀ ਸ਼ੈਲੀ ਤੋਂ ਲੈਕੇ ਪਾਤਰ ਵਿਸ਼ਲੇਸ਼ਣ ਜਾ ਘਟਨਾ-ਨਿਖੇੜ ਸ਼ੈਲੀ ਤੱਕ ਫੈਲਿਆ ਹੋਇਆ ਹੈ।

ਸਫਰਨਾਮਾ ਸਾਹਿਤ ਦੀ ਇਸ ਪਰੰਪਰਾ ਵਿਚ ਬਲਰਾਜ ਸਹਾਨੀ ਨੇ ਦੋ ਸਫਰਨਾਮੇ ਲਿਖੇ, ਮੇਰਾ 'ਪਾਕਿਸਤਾਨੀ ਸਫਰਨਾਮਾ' ਤੇ 'ਮੇਰਾ ਰੂਸੀ ਸਫਰਨਾਮਾ' ਇਨ੍ਹਾਂ ਸਫਰਨਾਮਿਆ ਦੌਰਾਨ ਬਲਰਾਜ ਸਾਹਨੀ ਨੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਇਸਦਾ ਇਕ ਕਾਰਨ ਇਹ ਵੀ ਸਮਝਿਆ ਜਾਂਦਾ ਹੈ ਕਿ ਲੇਖਕ ਫਿਲਮੀ ਅਦਾਕਾਰ ਹੈ ਜਿਸ ਕਰਕੇ ਉਹ ਇਕ ਸਫਰਨਾਮਾ ਲੇਖਕ ਦੇ ਤੌਰ ਤੇ ਸਥਾਪਤ ਹੋਇਆ। ਉਸਦਾ ਸਫਰਨਾਮਾ ਜੇ ਫਿਲਮਾ ਨਾਲ ਸੰਬੰਧਤ ਨਾ ਹੁੰਦਾ ਤਾਂ ਉਸਨੂੰ ਐਨੀ ਪ੍ਰਸਿਧੀ ਨਹੀ ਸੀ ਮਿਲਣੀ। ਪਰੰਤੂ ਇਸ ਗੱਲ ਵਿਚ ਸਚਾਈ ਨਹੀਂ ਉਸਦੀ ਪ੍ਰਸਿਧੀ ਦੇ ਦੋ ਕਾਰਨ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਬਲਰਾਜ ਸਾਹਨੀ ਦੀ ਗਦ ਸ਼ੈਲੀ ਬੜੀ ਰੋਚਕ ਹੈ। ਮਨੁੱਖੀ ਭਾਵਨਾ ਦਾ ਪਾਸਾਰ ਕਰਨ ਵਾਲੀ ਹੈ। ਬਲਰਾਜ ਸਾਹਨੀ ਪਾਠਕਾਂ ਦੀ ਪੱਧਰ ਨੂੰ ਵੀ ਧਿਆਨ ਵਿਚ ਰੱਖਦੇ ਹਨ। ਇਹੀ ਕਾਰਨ ਹੈ ਪੰਜਾਬੀ ਪਾਠਕਾਂ ਨੇ ਉਸਦੀ ਲਿਖਤ ਨੂੰ ਕਬੂਲਿਆ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਦੀ ਲਿਖਤ ਵਿਚ ਉਸਦੀ ਸਖਸ਼ੀਅਤ ਦਾ ਅਭਿਨੈ ਆਪ ਉਭਰਦਾ ਹੈ। ਨਾਟਕੀ ਤੱਤ ਵੀ ਪ੍ਰਬਲ ਹਨ। ਇਸਦੇ ਨਾਲ ਉਸਦਾ ਫਿਲਮੀ ਅਦਾਕਾਰ ਦੇ ਤੌਰ ਤੇ ਮਕਬੂਲ ਹੋਣਾ ਵੀ ਉਸਦੀ ਰਚਨਾ ਨੂੰ ਪੜ੍ਹਨ ਲਈ ਵਧੇਰੇ ਪ੍ਰੇਰਿਤ ਕਰਦਾ ਹੈ। ਇਸ ਲਈ ਲੇਖਕ ਦਾ ਜੋ ਸਫਰਨਾਮਾ ਸਾਹਿਤ ਵਿਚ ਸਥਾਨ ਬਣਿਆ ਹੈ ਉਸਦੀ ਲਿਖਤ ਕਰਕੇ ਹੈ ਜਿਸ ਵਿਚ ਉਸਦੀ ਸਖਸ਼ੀਅਤ ਦੇ ਪੱਖਾਂ ਨੂੰ ਬਿਨ੍ਹਾਂ ਕਿਸੇ ਪਰਦੇ ਦੇ ਦੇਖਿਆ ਜਾ ਸਕਦਾ ਹੈ।

ਬਲਰਾਜ ਸਾਹਨੀ ਨੇ ਸਫਰਨਾਮਾ ਸਾਹਿਤ ਵਿਚ ਪਾਕਿਸਤਾਨ ਅਤੇ ਰੂਸ ਬਾਰੇ ਜੋ ਬਿਆਨ ਕੀਤਾ ਹੈ ਉਸ ਵਿਚ ਉਸਨੇ ਪੂਰੀ ਕੋਸ਼ਿਸ਼ ਕੀਤੀ ਹੈ ਕਿ ਉਥੋਂ ਦੇ ਜੀਵਨ ਨੂੰ ਇਕ ਸੰਯੁਕਤ ਇਕਾਈ ਦੇ ਤੌਰ ਤੇ ਪਰਖੇ। ਉਸਨੇ ਇਨ੍ਹਾਂ ਦੇਸ਼ਾਂ ਵਿਚ ਕਿਸੇ ਇਕ ਖਾਸ ਪਹਿਲੂ ਉਤੇ ਰੋਸ਼ਨੀ ਨਹੀਂ ਪਾਈ ਬਲਕਿ ਬੁਹਤ ਸਾਰੇ ਪੱਖਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਇਉਂ ਬਲਰਾਜ ਆਪਣੀ ਲਿਖਤ ਵਿਚ ਇਕਪਾਸੜ ਔਗਣ ਤੋਂ ਪੂਰੀ ਤਰ੍ਹਾਂ ਮੁਕਤ ਰਹਿੰਦਾ ਹੈ। ਮਿਸਾਲ ਦੇ ਤੌਰ ਤੇ ਉਹ ਜਦੋਂ ਰੂਸ ਦੀ ਗੱਲ ਕਰਦਾ ਹੈ ਤਾਂ ਉਸਦੀ ਸਿਧਾਂਤਕ ਵਿਵਸਥਾ ਦਾ ਜ਼ਿਕਰ ਹੀ ਨਹੀਂ ਕਰਦਾ ਬਲਕਿ ਇਸ ਦੀਆਂ ਸਭਿਆਚਾਰਕ ਅਤੇ ਭਾਵਨਾਤਮਕ ਝਾਕੀਆਂ ਦਾ ਵੀ ਵਰਣਨ ਕਰਦਾ ਹੈ। ਲੇਖਕ ਦੇਸ਼ ਵਿਚ ਆ ਰਹੀਆਂ ਸਮਾਜਕ ਤਬਦੀਲੀਆਂ ਦਾ ਵੀ ਉਲੇਖ ਕਰਦਾ ਹੈ। ਸਦਭਾਵਨਾ ਵਾਲੀਆਂ ਇਸ ਦੇਸ਼ ਦੀਆਂ ਪ੍ਰਾਪਤੀਆਂ ਨੂੰ ਵੀ ਸਾਡੇ ਸਾਹਮਣੇ ਰੱਖਦਾ ਹੈ ਜਿਸ ਤੋਂ

ਇਹ ਪ੍ਰੇਰਣਾ ਮਿਲਦੀ ਹੈ ਅਸੀਂ ਵੀ ਪ੍ਰਗਤੀ ਕਰੀਏ। ਇਹ ਪ੍ਰੇਰਣਾ ਇਕ ਮਜ਼ਬੂਤ ਰਾਸ਼ਟਰ ਦੇ ਅਸਤਿੱਤਵ ਵਿਚ ਢਲ ਜਾਣ ਵਾਲੀ ਪ੍ਰਬਲ ਪ੍ਰੇਰਣਾ ਹੈ।

ਇਸੇ ਤਰ੍ਹਾਂ ਬਲਰਾਜ ਸਾਹਨੀ ਨੇ ਇਕ ਜਿੰਮੇਂਵਾਰ ਸਾਹਿਤਕਾਰ ਦਾ ਕਿਰਦਾਰ 'ਮੇਰਾ ਪਾਕਿਸਤਾਨੀ ਸਫਰਨਾਮਾ' ਵਿਚ ਨਿਭਾਇਆ ਹੈ। ਉਸਨੇ ਇਸ ਦੇਸ਼ ਨਾਲ ਆਪਣੀ ਭਾਵਾਤਮਕ ਸਾਂਝ ਦਰਸਾ ਕੇ ਹਰ ਪੰਜਾਬੀ ਨੂੰ ਇਹ ਪ੍ਰੇਰਣਾ ਦਿਤੀ ਹੈ ਕਿ ਉਹ ਦੋਸਤੀ ਦਾ ਆਧਾਰ ਸਭਿਆਚਾਰਕ ਇਕਸਾਰਤਾ ਵਿਚ ਵੇਖਣ। ਇਸ ਸੰਦਰਭ ਵਿਚ ਉਸਦੇ ਸੰਬੰਧਾਂ ਨੂੰ ਵਿਚਾਰਨਾ ਯੋਗ ਹੋਵੇਗਾ। ਇਸ ਸਫਰਨਾਮੇ ਦੁਆਰਾ ਬਲਰਾਜ ਸਾਹਨੀ ਨੇ ਗੁਆਂਢੀ ਦੇਸ਼ ਨਾਲ ਆਪਣੇ ਸਬੰਧ ਸੁਧਾਰਨ ਦਾ ਇਕ ਆਧਾਰ ਪੈਦਾ ਕੀਤਾ ਹੈ। ਕੁਝ ਅਜਿਹੇ ਪੂਰਨੇ ਪਾਏ ਹਨ ਜਿਨ੍ਹਾਂ ਉਤੇ ਚਲਕੇ ਅੰਤਰ ਰਾਸ਼ਟਰੀ ਖੇਤਰ ਵਿਚ ਵਧੇਰੇ ਜਸ ਕਮਾ ਸਕਦੇ ਹਾਂ। ਇਸ ਦ੍ਰਿਸ਼ਟੀ ਤੋਂ ਬਲਰਾਜ ਸਾਹਨੀ ਦਾ ਸਫਰਨਾਮਾ ਸਾਹਿਤ ਇਕ ਮੁਲਵਾਨ ਪ੍ਰਾਪਤੀ ਹੈ।

ਬਲਰਾਜ ਸਾਹਨੀ ਦੇ ਸਫਰਨਾਮਿਆਂ ਦਾ ਅਧਿਐਨ ਦਸਦਾ ਹੈ ਕਿ ਬਲਰਾਜ ਸਾਹਨੀ ਇਕ ਸਿੱਧਾ ਤੇ ਸਾਦਾ ਵਿਅਕਤੀ ਹੈ। ਇਸਤੋਂ ਇਉਂ ਜਾਪਦਾ ਹੈ ਕਿ ਉਸਦੀ ਜੀਵਨ ਪ੍ਰਕ੍ਰਿਤੀ ਵੀ ਅਜਿਹੀ ਰਹੀ ਹੋਏਗੀ ਉਸਦੀ ਸੁਹਿਰਦਤਾ, ਸਾਹਿਤਕਤਾ ਤੇ ਸਪਸ਼ਟਤਾ ਆਪ ਮੂੰਹੋ ਬੋਲਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਜੋ ਇਕ ਸਫਰਨਾਮਾ ਲੇਖਕ ਵਿਚ ਹੋਣੀ ਚਾਹੀਦੀ ਹੈ ਉਹ ਇਹ ਕਿ ਉਸ ਵਿਚ ਰੋਚਕਤਾ ਦਾ ਗੁਣ ਹੋਵੇ। ਇਸ ਪੱਖ ਤੋਂ ਬਲਰਾਜ ਸਾਹਨੀ ਦੇ ਸਫਰਨਾਮਿਆਂ ਨੂੰ ਵਿਚਾਰਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਇਹ ਗੁਣ ਸਗੋਂ ਵਧੇਰੇ ਹੈ। ਉਹ ਪਾਠਕ ਨੂੰ ਉਂਗਲੀ ਫੜਾਕੇ ਆਪਣੇ ਨਾਲ ਤੋਰ ਲੈਂਦਾ ਹੈ। ਜਿਸਦੇ ਨਾਲ ਲੇਖਕ ਤੇ ਪਾਠਕ ਦਾ ਰਿਸ਼ਤਾ ਗੂਹੜਾ ਹੋ ਜਾਂਦਾ ਹੈ। ਇਸ ਮੰਤਵ ਦੀ ਪੂਰਤੀ ਲਈ ਇਹ ਜਰੂਰੀ ਹੁੰਦਾ ਹੈ ਕਿ ਲੇਖਕ ਆਪਣੀ ਲਿਖਤ ਵਿਚ ਸੁਚੇਤ ਤੇ ਸਪੱਸ਼ਟ ਹੋਵੇ। ਗਦ ਸ਼ੈਲੀ ਦਾ ਇਹ ਲੱਛਣ ਤਾਂ ਹੀ ਸੰਭਵ ਹੁੰਦਾ ਹੈ ਜੇ ਲੇਖਕ ਆਪਣੀਆਂ ਸੀਮਾਵਾਂ ਪ੍ਰਤੀ ਸੁਚੇਤ ਹੋਵੇ ਤੇ ਸੁਤੰਤਰਤਾ ਨਾਲ ਲਿਖੇ ਉਸ ਅੰਦਰ ਕਿਸੇ ਕਿਸਮ ਦਾ ਭੈਅ ਨਾ ਹੋਵੇ।

ਅਲੋਚਨਾ ਅਧੀਨ ਸਫਰਨਾਮੇ ਦਾ ਅਧਿਐਨ ਦੱਸਦਾ ਹੈ ਕਿ ਲੇਖਕ ਪਾਕਿਸਤਾਨ ਅਤੇ ਰੂਸ ਬਾਰੇ ਜੋ ਕੁਝ ਛੁਪਾਉਂਦਾ ਨਹੀਂ ਤਾਂ ਉਹ ਆਪਣੇ ਨੰਗੇ-ਸੱਚ ਨੂੰ ਵੀ ਅੰਕਿਤ ਕਰਨ ਤੋਂ ਗੁਰੇਜ ਨਹੀਂ ਕਰਦੇ। ਇਸ ਤਰ੍ਹਾਂ ਬਹੁਤੀ ਵਾਰੀ ਲੇਖਕ ਦੀ ਲਿਖਤ ਵਿਚੋਂ ਉਸਦੀ ਅਲਬੇਲੀ ਅਤੇ ਫਕੜ ਤਬੀਅਤ ਦੀ ਵੀ ਟੋਹ ਮਿਲਦੀ ਹੈ।

ਬਲਰਾਜ ਸਾਹਨੀ ਦੀ ਗਦ-ਸ਼ੈਲੀ ਵਿਚ ਬਹੁਤ ਸਾਰੇ ਅਜਿਹੇ ਗੁਣ ਹਨ ਜਿਹੜੇ ਪੰਜਾਬੀ ਦੇ ਕਿਸੇ ਹੋਰ ਸਫਰਨਾਮਾ ਲੇਖਕ ਵਿਚ ਘੱਟ ਹੀ ਮਿਲਦੇ ਹਨ। ਮਿਸਾਲ ਦੇ ਤੌਰ ਤੇ ਉਸਦੀ ਗੱਦ ਸ਼ੈਲੀ ਦੇ ਗੁਣ ਉਸਦੀ ਸਾਹਿਤਕਤਾ, ਉਤੇਜਨਾ, ਭਾਵੁਕਤਾ ਰਸਿਕਤਾ, ਨਿਡੱਰਤਾ, ਬਚਨਵਧਤਾ ਤੇ ਸਭ ਤੋਂ ਵੱਧ ਉਸਦੀ ਸ਼ਹਿਰਦਤਾ ਤੇ ਮਨੁੱਖਤਾ ਪੱਖੀ ਹੋਣਾ ਹੈ। ਐਨੇ ਇਕੱਠੇ ਗੁਣ ਕਿਸੇ ਸਫਰਨਾਮੇ ਵਿਚ ਘੱਟ ਹੀ ਵੇਖਣ ਨੂੰ ਮਿਲੇ ਹਨ। ਇਸ ਲਈ ਉਸਦੇ ਸਫਰਨਾਮਿਆ ਨੂੰ ਜਦੋਂ ਪੰਜਾਬੀ ਸਫਰਨਾਮਾ ਸਾਹਿਤ ਵਿਚ ਰੱਖ ਕੇ ਵਿਚਾਰਦੇ ਹਾਂ ਤਾਂ ਉਸ ਵਿਚ ਇਹ ਰਾਏ ਪ੍ਰਗਟਾਈ ਜਾ ਸਕਦੀ ਹੈ ਕਿ ਬਲਰਾਜ ਸਾਹਨੀ ਨੇ ਆਪਣੇ ਸਫਰਨਾਮਿਆ ਵਿਚ ਪੰਜਾਬੀਆਂ ਦੇ ਸਾਂਝੇ ਸਭਿਆਚਾਰ ਦੀ ਪੁਨਰ ਸਥਾਪਨਾ ਦੀ ਇਕ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਲੇਖਕ ਸਿਧਾਂਤਕ ਤੇ ਆਰਥਕ ਪੁਨਰ ਸਥਾਪਨਾ ਲਈ ਰੂਸ ਦੀ ਮਿਸਾਲ ਨੂੰ ਸਾਹਮਣੇ ਰੱਖਦਾ ਹੈ। ਇਸੇ ਤਰ੍ਹਾਂ ਉਸਨੇ ਆਪਣੇ ਪਕਿਸਤਾਨੀ ਸਫਰਨਾਮੇ ਵਿਚ ਉਸਨੂੰ ਸਾਂਝੇ ਸਭਿਆਚਾਰ ਦੀ ਪੁਨਰ ਸੁਰਜੀਤੀ ਤੇ ਮਨੁਖੀ ਕਦਰਾਂ ਕੀਮਤਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵੇਖਿਆ ਹੈ। ਇਸ ਵਿਚ ਲੇਖਕ ਨੇ ਪਾਠਕ ਤੇ ਆਲੋਚਕ ਦੀ ਸਖਸ਼ੀਅਤ ਦੇ ਭਾਵਾਤਮਕ ਤੇ ਬੌਧਿਕ ਸੰਸਾਰ ਨੂੰ ਵੀ ਸਮਤੋਲ ਵਿਚ ਰਹਿੰਦਿਆਂ ਚਿਤਰਿਆ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਨਿਰਸੰਕੋਚ ਇਹ ਕਿਹਾ ਜਾ ਸਕਦਾ ਹੈ ਕਿ ਸਫਰਨਾਮਾ ਸਾਹਿਤ ਦੀ ਇਕ ਲੰਮੀ ਪਰੰਪਰਾ ਵਿਚ ਬਲਰਾਜ ਸਾਹਨੀ ਨੇ ਇਕ ਐਸੇ ਪ੍ਰਵਾਹ ਨੂੰ ਸ਼ਾਮਲ ਕੀਤਾ ਹੈ ਜਿਸ ਵਿਚ ਮਨੁੱਖੀ ਕਦਰਾਂ ਕੀਮਤਾਂ ਤੇ ਸਾਂਝੇ ਸਭਿਆਚਾਰ ਦੀ ਪੁਨਰ ਸੁਰਜੀਤੀ ਦਾ ਰਾਹ ਮੋਕਲਾ ਹੋ ਗਿਆ ਜਾਪਦਾ ਹੈ।

ਪਾਠ ਨੰਬਰ : 2.7 – ਡਾ. ਬਲਜੀਤ ਕੌਰ ਬਲੀ

ਸੰਖੇਪ ਪ੍ਰਸ਼ਨਾਂ ਦੇ ਉੱਤਰ

ਪ੍ਰਸ਼ਨ :1 ਪੰਜਾਬੀ ਭਾਸ਼ਾ ਬਾਰੇ ਬਲਰਾਜ ਸਾਹਨੀ ਕੀ ਟਿੱਪਣੀ ਦਿੰਦੇ ਹਨ?

ਉਤਰ: ਦੇਸ਼ ਦੀ ਵੰਡ ਪਿਛੋਂ ਭਾਰਤੀ ਪੰਜਾਬ ਵਿਚ ਪੰਜਾਬੀ ਭਾਸ਼ਾ ਨੂੰ ਚੰਗਾ ਮਾਣ ਮਿਲਿਆ ਹੈ। ਵਿਕਾਸ ਦੀਆਂ ਰਾਹਾਂ ਖੁਲ੍ਹੀਆਂ ਹਨ। ਹੋਰ ਪ੍ਰਾਤਾਂ ਦੀ ਦੇਖਾ-ਦੇਖੀ ਪੰਜਾਬੀਆਂ ਨੇ ਵੀ ਆਪਣੇ ਲੋਕ ਗੀਤਾਂ, ਲੋਕ ਨਾਚਾਂ ਆਦਿ ਦੀ ਕਦਰ ਕਰਨੀ ਸ਼ੁਰੂ ਕਰ ਦਿਤੀ ਹੈ। ਪਰੰਤੂ, ਇਸਦਾ ਇਹ ਅਰਥ ਨਹੀਂ ਕਿ ਇਸ ਭਾਸ਼ਾ ਵਿਚ ਪੁਰਾਣੀ ਵਿਕ੍ਰਤ ਮਨੋਵਿਰਤੀ ਦੇ ਸਾਰੇ ਲੱਛਣ ਦੂਰ ਹੋ ਗਏ ਹਨ। ਪਤਵੰਤੇ ਸ਼ਹਿਰੀ ਪਰਿਵਾਰਾਂ ਵਿਚ ਕਈ ਵਾਰੀ ਅਜਿਹੀ ਹਿੰਦੀ ਅਤੇ ਅੰਗ੍ਰੇਜ਼ੀ ਲਹਿਜੇ ਵਿਚ ਬੋਲੀ ਜਾਂਦੀ ਪੰਜਾਬੀ ਨਜ਼ਰ ਆਉਂਦੀ ਹੈ ਜਿਸਨੂੰ ਪਛਾਨਣਾ ਵੀ ਮੁਸ਼ਕਲ ਹੋ ਜਾਂਦਾ ਹੈ। ਗਾਇਕ ਤੇ ਗਾਇਕਾਵਾਂ ਵੀ ਲੋਕ-ਗੀਤਾਂ ਨੂੰ ਐਸੀ ਫਿਲਮੀ ਤੇ 'ਦਿੱਲ ਕੱਢ' ਅਦਾ ਨਾਲ ਪੇਸ਼ ਕਰਨਗੇ ਕਿ ਉਨ੍ਹਾਂ ਗੀਤਾਂ ਦੀ ਨਿੱਗਰਤਾ ਅਤੇ ਛੰਦ-ਵਧਤਾ ਕਰੀਬ ਕਰੀਬ ਨਸ਼ਟ ਹੀ ਹੋ ਜਾਂਦੀ ਹੈ।

ਸਾਡੇ ਕਈ ਆਧੁਨਿਕ ਸਾਹਿਤਕਾਰ ਭਾਵੇਂ ਉਹ ਅਗਾਂਹ ਵਧੂ ਖਿਆਲਾਂ ਦੇ ਹੀ ਕਿਉਂ ਨਾ ਹੋਣ ਜਾਂ ਪ੍ਰਯੋਗਵਾਦੀ ਵੀ ਉਹ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਸੁੱਚੀਆਂ ਲੀਹਾਂ ਤਿਆਗ ਕੇ ਅੰਗ੍ਰੇਜ਼ੀ ਕਦਰਾਂ ਅਤੇ ਹਿੰਦੀ ਸ਼ਬਦਾਵਲੀ ਦੇ ਐਨਾ ਅਧੀਨ ਹੋ ਕੇ ਲਿਖਦੇ ਹਨ ਕਿ ਇਉਂ ਲਗਦਾ ਹੈ ਜਿਵੇਂ ਉਨ੍ਹਾਂ ਦੇ ਦਿਲ ਦੀ ਕਿਸੇ ਨੁਕੱਰ ਵਿਚ ਪੰਜਾਬੀ ਹੋਣ ਦੀ ਨਮੋਸ਼ੀ ਹੋਵੇ। ਅਜਿਹੀ ਮਾਤ ਭਾਸ਼ਾ ਦੀ ਸੇਵਾ ਸੇਵਾ ਨਹੀਂ ਹੁੰਦੀ ਬਲਕਿ ਕੁਸੇਵਾ ਹੁੰਦੀ ਹੈ।

ਦੂਜੇ ਪਾਸੇ ਪਾਕਿਸਤਾਨੀ ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਤੇ ਲੋਕ ਕਲਾ ਨੂੰ ਇਕ ਯਤੀਮ ਬੱਚੇ ਵਾਂਗ ਰੁਲਣ ਲਈ ਛੱਡ ਦਿਤਾ ਗਿਆ ਹੈ। ਨਾ ਸਰਕਾਰ ਨੇ ਉਸਨੂੰ ਪ੍ਰਵਾਨਗੀ ਦਿਤੀ ਹੈ ਤੇ ਨਾ ਹੀ ਸਮਾਜ ਵਲੋਂ ਉਸਨੂੰ ਪ੍ਰਫੁਲਤ ਕਰਨ ਦੇ ਯਤਨ ਕੀਤੇ ਗਏ ਹਨ। ਲੇਖਕ ਪਾਕਿਸਤਾਨ ਵਿਚਲੀ ਪੰਜਾਬੀ ਦੀ ਹਾਲਤ ਨੂੰ ਦੇਖਕੇ ਵੀ ਚਿੰਤਾਤੁਰ ਹੈ। ਪਰੰਤੂ, ਇਕ ਗੱਲ ਸੋਚਕੇ ਉਸਨੂੰ ਤਸੱਲੀ ਹੁੰਦੀ ਹੈ ਕਿ ਪਾਕਿਸਤਾਨੀ ਪੰਜਾਬੀ ਸਮਾਜ ਨੇ ਜੇ ਸਭਿਆਚਾਰਕ ਵਿਰਸੇ ਨੂੰ ਨਿਖਾਰਿਆ ਨਹੀਂ ਤਾਂ ਘੱਟੋ ਘੱਟ ਇਸਨੂੰ ਵਿਗਾੜਿਆ ਵੀ ਨਹੀਂ। ਪਾਕਿਸਤਾਨੀ ਫਿਲਮਾਂ ਵਿਚ ਤੇ ਰੇਡੀਓ ਉਤੇ ਵਰਤੀ ਜਾਂਦੀ ਪੰਜਾਬੀ ਬੋਲੀ ਖਰੀ ਤੇ ਨਰੋਈ ਹੁੰਦੀ ਹੈ। ਦਿਲ ਠਾਰਦੀ ਹੈ ਏਸੇ ਤਰ੍ਹਾਂ ਲੋਕ ਨਾਚਾਂ ਵਿਚ ਤੇ ਲੋਕ ਗੀਤਾਂ ਵਿਚਲੀ ਪੰਜਾਬੀ ਠੇਠ ਤੇ ਸੁਭਾਵਕ ਹੈ।

ਪ੍ਰਸ਼ਨ :2 ਸ਼ੇਰੀ ਸਾਹਿਬ ਝੰਗ ਹਸਪਤਾਲ ਦੇ ਕਿਸ ਸਿਸਟਮ ਦੀ ਗੱਲ ਕਰਦੇ ਹਨ? ਲੇਖਕ ਕਿਸ ਰੂਪ ਵਿਚ ਉਸਤੋਂ ਪ੍ਰਭਾਵਤ ਹੁੰਦਾ ਹੈ?

ਉਤਰ : ਇਸ 'ਸਿਸਟਮ' ਦੀ ਵਿਸੇਸ਼ਤਾ ਇਹ ਸੀ ਕਿ ਉਪਰੇਸ਼ਨ ਇਕ ਸਰਜਨ ਨਹੀਂ ਕਰਦਾ ਹਸਪਤਾਲ ਦੇ ਤਿੰਨੇ ਸਰਜਨ ਮਿਲਕੇ ਕਰਦੇ ਹਨ ਕਿਉਂਕਿ ਝੰਗ ਦੇ ਛੋਟੇ ਜਿਹੇ ਸ਼ਹਿਰ ਵਿਚ ਦਾਨ ਕੀਤੇ ਖੂਨ ਦੀ ਘਾਟ ਹੈ। ਇਕ ਸਰਜਨ ਚੀਰ ਫਾੜ ਕਰਦਾ ਹੈ ਦੂਜਾ ਸਰਜਨ ਖੂਨ ਰੋਕਣ ਦੀਆਂ ਵਿਉਂਤਾਂ ਕਰਦਾ ਹੈ। ਤੀਜਾ ਜ਼ਖਮ ਨੂੰ ਝੱਟ ਸੀਣ ਦੇ ਆਹਰ ਵਿਚ ਜੁਟ ਜਾਂਦਾ ਹੈ। ਇਸ ਤਰ੍ਹਾਂ ਮਰੀਜ਼ ਦਾ ਖੂਨ ਜਾਇਆ ਹੋਣ ਤੋਂ ਬਚ ਜਾਂਦਾ ਹੈ।

ਸ਼ੇਰੀ ਸਾਹਿਬ ਦੀ ਪਤਨੀ ਦੇ ਸਰੀਰ ਵਿਚ ਪਹਿਲਾਂ ਹੀ ਖ਼ੂਨ ਦੀ ਘਾਟ ਸੀ। ਪਰੰਤੂ, ਬਿਨਾਂ ਖ਼ੂਨ ਦਾਨ ਕੀਤੇ ਬਗੈਰ ਉਸਦਾ ਸਫਲ ਉਪਰੇਸ਼ਨ ਕੀਤਾ ਗਿਆ ਹੈ। ਇਸ ਕਿਸਮ ਦਾ ਉਪਰੇਸ਼ਨ ਆਮ ਲੋਕਾਂ ਲਈ ਬਹੁਤ ਹੀ ਲਾਹੇਵੰਦ ਹੈ ਜਿਨ੍ਹਾਂ ਲੋਕਾਂ ਵਿਚ ਵੱਡੇ ਸ਼ਹਿਰਾਂ ਵੱਲ ਦੌੜਨ ਦੀ ਤੌਫੀਕ ਨਹੀਂ ਹੁੰਦੀ ਉਨ੍ਹਾਂ ਲਈ ਇਹ ਉਪਰੇਸ਼ਨ (ਸਿਸਟਮ) ਵਧੇਰੇ ਲਾਹੇਵੰਦ ਹੈ। ਆਮ ਲੋਕ ਇਸਤੋਂ ਬਹੁਤ ਪ੍ਰਭਾਵਤ ਹਨ। ਜਨਤਾ ਸ਼ੁਕਰਗੁਜਾਰ ਹੈ। ਸ਼ੇਰੀ ਸਾਹਿਬ ਬਿਲਾਲ ਅੱਗੇ ਬੇਨਤੀ ਕਰਦੇ ਹਨ ਕਿ ਇਨ੍ਹਾਂ ਡਾਕਟਰਾਂ ਦੀ ਮੁਫਤ ਦੀ ਕੀਤੀ ਸੇਵਾ ਬਾਰੇ ਅਖਬਾਰਾਂ ਵਿਚ ਬਿਆਨ ਛਾਪਿਆ ਜਾਵੇ। ਉਹ ਬਿਲਾਲ ਨੂੰ ਕਹਿੰਦੇ ਹਨ, ''ਪੈਸੇ ਤਾਂ ਉਹ ਲੈਂਦੇ ਨਹੀਂ, ਮੈਂ ਕੋਈ ਤਾਂ ਖਿਦਮਤ ਉਨ੍ਹਾਂ ਦੀ ਕਰ ਸਕਾਂ।'' ਪਰੰਤੂ ਬਿਲਾਲ ਉਸਨੂੰ ਦਸਦਾ ਹੈ ਕਿ ਉਨ੍ਹਾਂ ਨੇ ਇਸ ਗੱਲ ਦੀ ਸਖਤ ਮਨਾਹੀ ਕੀਤੀ ਹੋਈ ਹੈ ਕਿ ਜੇ ਉਨ੍ਹਾਂ ਦੀ ਇਸ ਇਜ਼ਾਦ ਦਾ ਜਿਕਰ ਅਖਬਾਰਾਂ ਵਿਚ ਆ ਗਿਆ ਤਾਂ ਸਰਕਾਰ ਉਨ੍ਹਾਂ ਨੂੰ ਤਰੱਕੀਆਂ ਦੇ ਦੇਵੇਗੀ ਉਨ੍ਹਾਂ ਦੇ ਤਬਾਦਲੇ ਵੱਡੇ ਸ਼ਹਿਰਾਂ ਵਿਚ ਕਰ ਦੇਵੇਗੀ ਜੇ ਅਜਿਹਾ ਹੋ ਜਾਂਦਾ ਹੈ ਤਾਂ ਉਨ੍ਹਾਂ ਦੀ ਟੀਮ ਟੁੱਟ ਜਾਂਦੀ ਹੈ। ਜਿਸ ਨਾਲ ਇਹ 'ਸਿਸਟਮ' ਵੀ ਟੁੱਟ ਜਾਏਗਾ ਜਿਸ ਕਰਕੇ ਉਹ ਅਖਬਾਰਾਂ ਵਿਚ ਇਸਦਾ ਜ਼ਿਕਰ ਨਹੀਂ ਕਰਾਉਣਾ ਚਾਹੁੰਦੇ ਝੰਗ ਦੇ ਛੋਟੇ ਜਿਹੇ ਹਸਪਤਾਲ ਵਿਚ ਉਨ੍ਹਾਂ ਨੂੰ ਤਨਖਾਹਾਂ ਭਾਵੇਂ ਘੱਟ ਮਿਲਦੀਆਂ ਹਨ ਪਰ ਕੰਮ ਕਰਨ ਦੀ ਅਜ਼ਾਦੀ ਹੈ। ਲੋਕਾਂ ਨੂੰ ਇਸਤੋਂ ਲਾਭ ਪਹੁੰਚ ਰਿਹਾ ਹੈ।

ਲੇਖਕ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ ਉਸਨੂੰ ਲਗਦਾ ਹੈ ਕਿ ਸਚਮੁੱਚ ਮਨੁੱਖਤਾ ਦੇ ਦਰਦੀ ਹਰ ਮੁਲਕ ਹਰ ਕੌਮ ਵਿਚ ਮੌਜੂਦ ਹਨ ਜਿਹੜੇ ਸਰਬੱਤ ਦੇ ਭਲੇ ਲਈ ਆਪਣੇ ਸੁਆਰਥ ਵਾਰ ਸੁਟਦੇ ਹਨ ਅਤੇ ਉਹ ਕੇਵਲ ਇਕ ਕੌਮ ਦੇ ਨਹੀਂ ਹੁੰਦੇ ਸਗੋਂ ਸਾਰੀ ਮਨੁੱਖਤਾ ਉਨ੍ਹਾਂ ਅੱਗੇ ਸਿਰ ਨਿਵਾਉਂਦੀ ਹੈ ਅਜਿਹਿਆ ਉਤਮ ਲੋਕਾਂ ਦੀ ਘਾਲ ਨੇ ਹੀ ਮਨੁੱਖੀ ਸਭਿਅਤਾ ਦਾ ਮੁਖ ਉਜਲਾ ਕੀਤਾ ਹੈ ਤੇ ਭਵਿੱਖ ਵੀ ਇਨ੍ਹਾਂ ਦੀ ਆਸ ਉਤੇ ਹੀ ਕਾਇਮ ਹੈ।

ਪ੍ਰਸ਼ਨ :3 'ਔਰ ਚਰਾਗ ਚਲਤਾ ਰਹਾ' ਫਿਲਮ ਬਾਰੇ ਬਲਰਾਜ ਸਾਹਨੀ ਦੇ ਕੀ ਵਿਚਾਰ ਹਨ?

ਉਤਰ : ਇਸ ਫਿਲਮ ਦੇ ਪ੍ਰੋਡਿਊਸਰ ਡਾਇਰੈਕਟਰ ਪਹਿਲਾਂ ਹਿੰਦੁਸਤਾਨੀ ਤੇ ਫੇਰ ਪਾਕਿਸਤਾਨੀ ਸਿਵਲ ਸਰਵਿਸ ਦੇ ਇਕ ਉਚੇ ਰਹਿ ਚੁਕੇ ਅਫਸਰ ਨੇ ਬਣਾਈ ਸੀ। ਇਹ ਫਿਲਮ ਫਿਲਮਾਂ ਦੇ ਪੱਧਰ ਨੂੰ ਉੱਚਾ ਚੁਕਣ ਦੇ ਇਰਾਦੇ ਨਾਲ ਬਣਾਈ ਗਈ ਸੀ ਪਰੰਤੂ ਇਸਦਾ ਕਲਾ ਪੱਖ ਬਹੁਤ ਕਮਜ਼ੋਰ ਸੀ ਵਿਚਾਰ ਅਤੇ ਅਦਰਸ਼ ਦੀ ਦ੍ਰਿਸਟੀ ਤੋਂ ਇਹ ਫਿਲਮ ਸਾਫ ਸੁਥਰੀ ਤੇ ਸਿਖਿਆ ਦਾਇਕ ਸੀ। ਇਸ ਫਿਲਮ ਵਿਚ ਇਕ ਅਦਰਸ਼ ਮੁਸਲਮਾਨ ਦੀ ਵਿਆਖਿਆ ਕੀਤੀ ਗਈ ਹੈ ਜਿਹੜਾ ਵੱਡੀ ਤੋਂ ਵੱਡੀ ਅਜ਼ਮਾਇਸ਼ ਵਿਚ ਵੀ ਆਪਣਾ ਸਬਰ ਅਤੇ ਸਿਦਕ ਡੋਲਣ ਨਹੀਂ ਦਿੰਦਾ ਰੱਬੀ ਮਾਰਗ ਉਤੇ ਤੁਰਦਾ ਰਹਿੰਦਾ ਹੈ।

ਉਸਦਾ ਰੱਬੀ ਮਾਰਗ ਉਹੀ ਸੀ ਜਿਹੜਾ ਸਰਬ ਸਾਂਝਾ ਸੀ ਸਾਰੇ ਧਰਮਾਂ ਵਿਚ ਇਸਦੀ ਵਿਆਖਿਆ ਕਰੀ ਗਈ ਹੈ ਜਿਵੇਂ ਮਨੁੱਖ ਨੂੰ ਹਮੇਸ਼ਾਂ ਸੱਚ ਬੋਲਣਾ ਚਾਹੀਦਾ ਹੈ। ਆਪਣੇ ਭੈੜੇ ਤੋਂ ਭੈੜੇ ਦੁਸ਼ਮਣ ਨਾਲ ਵੀ ਪਿਆਰ ਮੁਹੱਬਤ ਨਾਲ ਪੇਸ਼ ਆਉਣਾ ਚਾਹੀਦਾ ਹੈ। ਪ੍ਰੇਮ ਪਿਆਰ ਅਤੇ ਅਹਿੰਸਾ ਰਾਹੀਂ ਇਕ ਨਾ ਇਕ ਦਿਨ ਤੁਸੀਂ ਉਸਦੇ ਮਨ ਨੂੰ ਜਿਤ ਲਓਗੇ ਉਸ ਵਿਚ ਪਰਿਵਰਤਨ ਜ਼ਰੂਰ ਹੋਏਗਾ। ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ। ਸੰਸਾਰਕ ਲੋਭ ਲਾਲਚ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰੋ। ਸਭ ਤੋਂ ਜ਼ਰੂਰੀ ਹੈ ਸਾਦਾ ਖਾਣਾ, ਸਾਦਾ ਪਹਿਨਣਾ ਅਤੇ ਸੱਚੀ ਨਿਰਮਾਣਤਾ ਨਾਲ ਮਨੁੱਖਤਾ ਦੀ ਸੇਵਾ ਕਰਨੀ। ਇਹ ਸਾਰੇ ਉਚਤਮ ਜੀਵਨ ਦੇ ਲੱਛਣ ਹਨ। ਪਰੰਤੂ ਇਸਦੇ ਨਾਲ ਹੀ ਬਲਰਾਜ ਸਾਹਨੀ ਭਾਰਤੀ ਉਪਦੇਸ਼ਕਾਂ ਦੀ ਵੀ ਵਿਆਖਿਆ ਰਾਹੀਂ ਤੁਲਨਾਤਮਕ ਵਿਚਾਰ ਪੇਸ਼ ਕਰਦਾ ਹੈ ਜਿਵੇਂ ਉਸਨੇ ਲਿਖਿਆ ਹੈ:

''ਇਹੋ ਤਾਲੀਮ ਤਾਂ ਆਰੀਆ ਸਮਾਜ ਦੇ ਉਪਦੇਸ਼ਕ ਦੀ ਦਿਆ ਕਰਦੇ ਸਨ। ਬਾਬਾ ਨੌਧ ਸਿੰਘ ਦਾ ਕਿਰਦਾਰ ਵੀ ਤਾਂ ਭਾਈ ਵੀਰ ਸਿੰਘ ਨੇ ਇਸੇ ਫਾਰਮੂਲੇ ਅਨੁਸਾਰ ਘੜਿਆ ਸੀ।

ਸੱਚੇ ਹਿੰਦੂ ਜਾਂ ਸੱਚੇ ਸਿੱਖ ਦੀ ਜੋ ਪਰਿਭਾਸ਼ਾ ਕੀਤੀ ਜਾਂਦੀ ਹੈ, ਉਹ ਇਸ ਫਿਲਮ ਅਨੁਸਾਰ ਇਕ ਸੱਚੇ ਮੁਸਲਮਾਨ ਦੀ ਸੀ। ਮੈਨੂੰ ਇੰਜ ਜਾਪਿਆ ਜਿਵੇਂ ਪ੍ਰੇਮ ਚੰਦ ਦਾ ਕੋਈ ਨਾਵਲ ਪੜ੍ਹ ਰਿਹਾ ਹਾਂ। ਮਹਾਤਮਾ ਗਾਂਧੀ ਅਤੇ ਟਾਲਸਟਾਏ ਦੇ ਵੀ ਤਾਂ ਇਹੋ ਵਿਚਾਰ ਸਨ।''

ਪ੍ਰਸ਼ਨ :4 ਲੇਖਕ ਸੰਮੀ ਨਾਚ ਬਾਰੇ ਕੀ ਟਿੱਪਣੀ ਦਿੰਦਾ ਹੈ?

ਜਾਂ

ਲੇਖਕ ਝੰਗ ਵਿਚ ਬਿਤਾਈ ਆਖਰੀ ਰਾਤ ਨੂੰ ਕਿਸ ਤਰ੍ਹਾਂ ਬਿਆਨ ਕਰਦਾ ਹੈ?

ਉਤਰ: ਲੇਖਕ ਦਸਦਾ ਹੈ ਕਿ ਉਸਦੀ ਅਖੀਰਲੀ ਰਾਤ ਹਬੀਬ ਬੈਂਕ ਮੈਨੇਜਰ ਦੀ ਕੋਠੀ ਵਿਚ ਤਾਰਿਆਂ ਦੀ ਛਾਂ ਹੇਠ 'ਸੱਮੀ ਧ੍ਰੀਸ' (ਨਾਚ) ਦਾ ਨਗਾਰਾ ਵਜਿਆ ਤਾਂ ਸ਼ੇਰ ਅਫਜ਼ਲ ਫੇਰ ਫੁਲਝੜੀਆਂ ਤੇ ਮਹਿਤਾਬੀਆਂ ਵਾਂਗ ਛੁੱਟ ਪਿਆ ਸੀ। ਲੇਖਕ ਉਸਦੀ ਸਖਸ਼ੀਅਤ ਨੂੰ ਬਿਆਨ ਕਰਨ ਬਾਰੇ ਕਹਿੰਦਾ ਹੈ ਕਿ ਉਸ ਵਿਚ ਐਨੀ ਤਾਕਤ ਨਹੀਂ ਕਿ ਉਹ ਬਿਆਨ ਕਰ ਸਕੇ। ਲੇਖਕ ਹੋਰ ਇਧਰ ਉਧਰ ਦੀਆਂ ਗੱਲਾਂ ਨੋਟ ਕਰਨ ਦੀ ਥਾਂ ਸ਼ੇਰ ਅਫਜ਼ਲ ਦੇ ਮੂੰਹੋ ਨਿਕਲੇ ਵਾਕਾਂ ਨੂੰ ਨੋਟ ਕਰਦਾ ਰਿਹਾ।

ਲੇਖਕ ਸੱਮੀ ਨਾਚ ਤੋਂ ਐਨਾ ਪ੍ਰਭਾਵਿਤ ਹੈ ਕਿ ਉਹ ਦਸਦਾ ਹੈ, ''ਪੰਜਾਬ ਦਾ ਭੰਗੜਾ ਨਾਚ ਸਾਰੇ ਦੇਸ਼ ਵਿਚ ਸ਼ੁਹਰਤ ਹਾਸਲ ਕਰ ਚੁਕਿਆ ਹੈ ਪਰ ਝੰਗ ਦੇ ਸੰਮੀ ਨਾਚ ਅੱਗੇ ਉਹ ਕੋਈ ਚੀਜ਼ ਨਹੀਂ। ਮੇਰੇ ਕਥਨ ਦੀ ਸਚਿਆਈ ਨੂੰ ਉਹੀ ਸੱਜਣ ਪਰਖ ਸਕਦੇ ਹਨ ਜਿਨ੍ਹਾਂ ਇਹ ਨਾਚ ਆਪਣੇ ਅੱਖੀਂ ਵੇਖਿਆ ਹੈ।'' ਅਗੇ ਚਲ ਕੇ ਲੇਖਕ ਸੰਮੀ ਨਾਚ ਬਾਰੇ ਦਸਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਨਾਚ ਹੈ:

ਦਰਅਸਲ ਸੱਮੀ ਮੁਟਿਆਰਾਂ ਦਾ ਨਾਚ ਹੈ। ਇਸ ਦੀ ਗਤੀ ਲੈਅ ਅਤੇ ਤਾਲ ਸੁਬਕ ਅਤੇ ਮਹੀਨ ਹੈ। ਉਸ ਵਿਚ ਭੰਗੜੇ ਵਾਲਾ ਖਰੂਦ ਬਿਲਕੁਲ ਨਹੀਂ। ਅੱਜ ਇਹ ਮਰਦਾਂ ਦੇ ਪੱਲੇ ਆ ਪਿਆ ਹੈ ਤਾਂ ਇਸ ਗੱਲ ਦੀ ਜ਼ਿੰਮੇਂਵਾਰੀ ਕੇਵਲ ਮੁਸਲਮਾਨਾਂ ਦੀ ਮਜ਼ਬੀ ਤੰਗ-ਨਜ਼ਰੀ ਉਪਰ ਨਹੀਂ ਥੱਪੀ ਜਾ ਸਕਦੀ। ਲੇਖਕ ਨੂੰ ਇਕ ਬਜ਼ੁਰਗ ਕੋਲੋਂ ਇਹ ਵੀ ਪਤਾ ਲਗਦਾ ਹੈ ਕਿ ਸ਼ੁਰੂ ਵਿਚ ਪਿੰਡਾਂ ਦੀਆਂ ਹਿੰਦੂ ਤੇ ਮੁਸਲਮਾਨ ਤੀਵੀਆਂ ਸੱਮੀ ਧ੍ਰੀਸ ਸੁਛੰਦ ਹੋ ਕੇ ਨਚਦੀਆਂ ਸਨ ਪਰ ਹੌਲੀ ਹੌਲੀ ਨਵੀਂ ਰੋਸ਼ਨੀ ਦੇ ਪੜ੍ਹਿਆ ਲਿਖਿਆਂ ਨੇ ਇਸਨੂੰ ਅਸੱਭਿਆ ਤੇ ਅਸ਼ਲੀਲ ਕਰਾਰ ਦੇ ਦਿਤਾ। ਸ਼ਹਿਰਨਾਂ ਦੀ ਦੇਖਾ ਦੇਖੀ ਜੱਟੀਆਂ ਵੀ ਇਸ ਨਾਚ ਨੂੰ ਛੱਡ ਬੈਠੀਆਂ ਹਨ।

ਇਉਂ ਲੇਖਕ ਇਹ ਦਸਣਾ ਚਾਹ ਰਿਹਾ ਹੈ ਕਿ ਸੱਮੀ ਧ੍ਰੀਸ ਨਾਚ ਦਾ ਕੇਵਲ ਮਰਦਾਂ ਵੱਲੋਂ ਕੀਤੇ ਜਾਣ ਦਾ ਕਾਰਨ ਇਕੱਲੀ ਮੁਸਲਮਾਨਾਂ ਦੀ ਮਜ਼ਬੀ ਤੰਗ ਦਿਲੀ ਨਹੀਂ ਬਲਕਿ ਜ਼ਮਾਨੇ ਦੇ ਬਦਲਣ ਨਾਲ ਨਵੇਂ ਪੋਚ ਦੇ ਬਦਲਦੇ ਨਜ਼ਰੀਏ ਕਰਕੇ ਹੈ। ਪੇਂਡੂ ਔਰਤਾਂ ਦਾ ਇਨ੍ਹਾਂ ਦੀ ਰੀਸ ਵਿਚ ਅਜਿਹੇ ਨਾਚ ਨੂੰ ਛੱਡ ਬਹਿਣਾ ਵੀ ਸ਼ਾਮਲ ਹੈ।

ਪ੍ਰਸ਼ਨ :5 ਪਾਕਿਸਤਾਨੀ ਫਿਲਮਾਂ ਬਾਰੇ ਲੇਖਕ ਦੇ ਵਿਚਾਰ ਦਸੋ?

ਉਤਰ: ਲੇਖਕ ਰਿਆਜ਼ ਸਾਹਿਦ ਅਤੇ ਅਲਾਉਦੀਨ ਦੇ ਕਥਨ ਅਨੁਸਾਰ ਦੱਸਦਾ ਹੈ ਕਿ ਪਾਕਿਸਤਾਨ ਵਿਚ ਹਰ ਸਾਲ ਚਾਲੀ ਕੁ ਫਿਲਮਾਂ ਬਣਦੀਆਂ ਹਨ ਜਿਨ੍ਹਾਂ ਵਿਚੋਂ ਸੱਠ ਫੀਸਦੀ ਭਾਰਤੀ ਤੇ ਅਮਰੀਕੀ ਫਿਲਮਾਂ ਦੀ ਨਕਲ ਹੁੰਦੀਆਂ, ਤੀਹ ਪ੍ਰਤੀਸ਼ਤ ਰਵਾਇਤੀ ਫਾਰਮੂਲਿਆਂ ਮੁਤਾਬਿਕ ਅਤੇ ਦਸ ਪ੍ਰਤੀਸ਼ਤ ਕਲਾਮਈ ਹੁੰਦੀਆਂ ਹਨ ਜਿਸਦਾ ਕਾਰਨ ਪਾਕਿਸਤਾਨੀ ਫਿਲਮੀ ਸਨਅਤ ਦੀ ਮੌਜੂਦਾ ਡੋਲਵੀਂ ਹਾਲਤ ਹੈ ਜਿਹੜੀ ਪ੍ਰੇਸ਼ਾਨੀ ਦਾ ਕਾਰਨ ਬਣੀ ਹੋਈ ਹੈ। ਇਸਦੇ ਨਾਲ ਹੀ ਲੇਖਕ ਪਾਕਿਸਤਾਨੀ ਫਿਲਮਾਂ ਬਾਰੇ ਆਪਣਾ ਅਨੁਮਾਨ ਦਿੰਦਾ ਹੋਇਆਂ ਹੇਠ ਲਿਖੇ ਨੁਕਤੇ ਪੇਸ਼ ਕਰਦਾ ਹੈ:

1. ਪਾਕਿਸਤਾਨ ਵਿਚ ਕਲਾਕਾਰਾਂ ਦੀ ਕੋਈ ਘਾਟ ਨਹੀਂ ਖਾਸ ਕਰਕੇ ਲੜਕੀਆਂ ਆਪਣੇ ਹੁਸਨ ਤੇ ਡੀਲ ਡੌਲ ਕਾਰਨ ਬਹੁਤ ਅੱਗੇ ਹਨ।

2. ਪਾਕਿਸਤਾਨੀ ਸਮਾਜਕ ਜੀਵਨ ਆਮ ਜੀਵਨ ਵਿਚ ਪਰਦੇਦਾਰੀ ਦਾ ਸਮਰਥਕ ਹੈ ਪਰੰਤੂ ਫਿਲਮਾਂ ਵਿਚ ਬੇਪਰਦਸੀ ਦਾ। ਅਧਨੰਗੇ ਅੰਗਾਂ ਦੀ ਜਨੂੰਨੀ ਲੱਜਤ ਨੇ ਸ਼ਾਸਤਰੀ ਨ੍ਰਿਤ ਦੇ ਸਾਰੇ ਕਾਇਦੇ ਕਨੂੰਨਾਂ ਨੂੰ ਛਿਕੇ ਟੰਗਿਆ ਹੋਇਆ।
3. ਹਕੂਮਤ ਵਲੋਂ ਦਿਤੀਆਂ ਚੋਖੀਆਂ ਸਹੂਲਤਾਂ ਅਤੇ ਭਾਰਤੀ ਫਿਲਮਾਂ ਦੀ ਦਰਾਮਦਬੰਦੀ ਦਾ ਪਾਕਿਸਤਾਨੀ ਫਿਲਮਾਂ ਨੇ ਕੋਈ ਖਾਸ ਫਾਇਦਾ ਨਹੀਂ ਉਠਾਇਆ।
4. ਦੋਹਾਂ ਦੇਸ਼ਾਂ ਵਿਚਕਾਰ ਉਚੀ ਪੱਧਰ ਦੀਆਂ ਮਨੁੱਖਵਾਦੀ ਫਿਲਮਾਂ ਦਾ ਵਟਾਂਦਰਾ ਨਾ ਹੋਣਾ ਬੜੀ ਹੀ ਅਫਸੋਸਨਾਕ ਹਕੀਕਤ ਹੈ। ਜੇ ਪਾਕਿਸਤਾਨ ਵਿਚ ਦੋ 'ਵਿਘਾ ਜ਼ਮੀਨ', 'ਕਾਬਲੀਵਾਲਾ' ਫਿਲਮਾਂ ਨਹੀਂ ਜਾ ਸਕਦੀਆਂ ਤਾਂ ਘੱਟ ਤੋਂ ਘੱਟ ਸਾਡੇ ਦੇਸ਼ ਵਿਚ 'ਕਰਤਾਰ ਸਿੰਘ' ਤੇ 'ਸੁਸਰਾਲ' ਵਰਗੀਆਂ ਫਿਲਮਾਂ ਤਾਂ ਅਵੱਸ਼ ਆਉਣੀਆਂ ਚਾਹੀਦੀਆਂ ਹਨ।

ਇਸ ਸਬੰਧ ਵਿਚ ਲੇਖਕ ਇਹ ਵੀ ਸਲਾਹ ਦਿੰਦਾ ਹੈ ਕਿ ਜੇ ਇਹ ਡਿਸਟ੍ਰੀਬਿਊਟਰਾਂ ਲਈ ਲਾਹੇਵੰਦ ਨਹੀਂ ਤਾਂ ਸਾਡੀ ਹਕੂਮਤ ਨੂੰ ਖੁਦ ਅਗੇ ਵਧਣਾ ਚਾਹੀਦਾ ਹੈ। ਕੇਵਲ ਤਕਰੀਰਾਂ ਕਰਨ ਜਾਂ ਬਿਆਨ ਦੇਣ ਨਾਲ ਕੁਝ ਨਹੀਂ ਸੌਰਦਾ।

ਲਘੂ ਪ੍ਰਸ਼ਨਾਂ ਦੇ ਉਤਰ

ਪ੍ਰਸ਼ਨ :1 ਡਾਕਟਰ ਨਜ਼ੀਰ ਅਹਿਮਦ ਕੌਣ ਸੀ? ਉਸਨੇ ਆਪਣੀ ਤਕਰੀਰ ਵਿਚ ਬਲਰਾਜ ਸਾਹਨੀ ਬਾਰੇ ਕੀ ਕਿਹਾ?

ਉਤਰ : ਡਾਕਟਰ ਨਜ਼ੀਰ ਲਹੌਰ ਕਾਲਜ ਦਾ ਪ੍ਰਿੰਸੀਪਲ ਸੀ ਜਿਸ ਕੋਲ ਬਲਰਾਜ ਸਾਹਨੀ ਆਪਣੀ ਪਾਕਿਸਤਾਨੀ ਯਾਤਰਾ ਸਮੇਂ ਠਹਿਰਦਾ ਹੈ। ਇਸ ਕਾਲਜ ਵਿਚ ਬਲਰਾਜ ਸਾਹਨੀ ਨੂੰ ਦਾਹਵਤ ਦਿਤੀ ਗਈ। ਉਸ ਸਮੇਂ ਡਾਕਟਰ ਨਜ਼ੀਰ ਨੇ ਬਲਰਾਜ ਸਾਹਨੀ ਦੀ ਆਮਦ ਵਿਚ ਜੋ ਤਕਰੀਰ ਦਿਤੀ ਉਸ ਵਿਚ ਉਨ੍ਹਾਂ ਕਿਹਾ ਕਿ ਜਦੋਂ ਮੇਰੀ ਬਲਰਾਜ ਸਾਹਨੀ ਨਾਲ ਬੰਬਈ ਵਿਚ ਮੁਲਾਕਾਤ ਹੋਈ ਤੇ ਮੈਂ ਇਨ੍ਹਾਂ ਨੂੰ ਆਪਣੇ ਕੋਲ ਠਹਿਰਨ ਦੀ ਦਾਹਵਤ ਦਿਤੀ ਸੀ ਉਸ ਸਮੇਂ ਮੈਨੂੰ ਇਹ ਪਤਾ ਨਹੀਂ ਸੀ ਕਿ ਬਲਰਾਜ ਸਾਹਨੀ ਐਨੀ ਵਡੀ ਹਸਤੀ ਹੈ ਅਤੇ ਉਨ੍ਹਾਂ ਦੀ ਵਜ੍ਹਾ ਕਰਕੇ ਘਰ ਵਿਚ ਐਨੀ ਭੀੜ ਹੋ ਜਾਏਗੀ।

ਪ੍ਰਸ਼ਨ :2 ਰਿਆਜ਼ ਅਹਿਮਦ ਕੌਣ ਸੀ? ਉਸਨੇ ਆਪਣੇ ਰੁੱਕੇ ਵਿਚ ਬਲਰਾਜ ਸਾਹਨੀ ਨੂੰ ਕੀ ਲਿਖਿਆ ਸੀ?

ਉਤਰ : ਰਿਆਜ਼ ਅਹਿਮਦ 'ਕਰਤਾਰ ਸਿੰਘ' ਫਿਲਮ ਦੇ ਪ੍ਰੋਡਿਊਸਰ ਅਤੇ ਡਾਇਰੈਕਟਰ ਸਨ। ਬਲਰਾਜ ਸਾਹਨੀ ਨੂੰ ਡਰਾਮਾ ਸੁਸਾਇਟੀ ਵਲੋਂ ਗੌਰਮਿੰਟ ਕਾਲਜ ਦੇ ਹਾਲ ਵਿਚ ਬੁਲਾਇਆ ਗਿਆ ਸੀ ਤੇ ਉਸਦੇ ਦੂਜੇ ਦਿਨ ਰਿਆਜ਼ ਅਹਿਮਦ ਬਲਰਾਜ ਸਾਹਨੀ ਨੂੰ ਇਕ ਰੁੱਕਾ ਭੇਜਦਾ ਹੈ ਜਿਸ ਵਿਚ ਲਿਖਦਾ ਹੈ, ''ਆਪ ਏਕ ਦਿਲਾਵੇਜ਼ ਮੁਸਕ੍ਰਾਹਟ ਬਨ ਕਰ ਸਟੂਡੀਓ ਮੇਂ ਆਏ ਔਰ ਚਲੇ ਗਏ- ਔਰ ਯੇਹ ਮੁਸਕ੍ਰਾਹਟ ਹਮਾਰੀ ਆਖੋਂ ਕੇਂ ਸਾਹਮਣੇ ਇਤਨਾ ਕਮ ਅਰਸਾ ਰਹੀ ਕਿ ਯੇਹ ਵੀ ਤਾਮੀਜ਼ ਨਾ ਕਰ ਸਕਾ ਕਿ ਯੇਹ ਮੁਸਕ੍ਰਾਹਟ ਖੈਰ ਸਗਾਲੀ(?) ਜਜ਼ਬਾ ਥੀ, ਸਿਆਸੀ ਜਰੂਰਤ ਥੀ, ਇਜ਼ਹਾਰੇ ਤਨਜ਼ ਥੀ ਜਾਂ ਮਹਿਜ ਆਦਤ। ਆਪਕੇ ਚਲੇ ਜਾਨੇ ਕੇ ਬਾਦ ਭੀ ਮੈਂ ਕਿਸੀ ਖਾਸ ਨਤੀਜੇ ਪਰ ਨਾ ਪਹੁੰਚ ਸਕਾ।''

ਪ੍ਰਸ਼ਨ :3 ਝੰਗ ਨੇੜੇ ਪਹੁੰਚਦਿਆਂ ਲੇਖਕ ਕੀ ਅਨੁਭਵ ਕਰ ਰਿਹਾ ਸੀ ਉਸਨੇ ਆਪਣੀ ਡਾਇਰੀ ਵਿਚ ਕੀ ਦਰਜ ਕੀਤਾ।

ਉਤਰ: ਲੇਖਕ ਦੀ ਬਸ ਜਿਉਂ ਜਿਉਂ ਝੰਗ ਨੇੜੇ ਪਹੁੰਚ ਰਹੀ ਸੀ ਉਸਨੂੰ ਹੀਰ ਦਾ ਖਿਆਲ ਆ ਰਿਹਾ ਸੀ ਉਹ ਉਸ ਬਾਰੇ ਸੋਚ ਰਿਹਾ ਸੀ ਕਿ ਕਿਧਰੇ ਉਕਾਬ ਦੇ ਪਰ ਲਾ ਕੇ ਹੁਣ ਵੀ ਕਿਧਰੋਂ ਹੀਰ ਸਲੇਟੀ ਆ ਜਾਏ। ਲੇਖਕ ਹੀਰ ਬਾਰੇ ਸੋਚ ਹੀ ਰਿਹਾ ਹੁੰਦਾ ਹੈ ਕਿ ਐਨ ਉਸੇ ਵੇਲੇ ਉਸਦੀਆਂ ਮੂੰਹੋ ਮੰਗੀਆਂ ਮੁਰਾਦਾਂ ਪੂਰੀਆਂ ਕਰਨ ਵਾਲੀ ਪੈਲੀਆ ਵਿਚਕਾਰ ਪੈਲਾਂ ਪਾਉਂਦੀ ਤੁਰੀ ਆ ਰਹੀ ਹੁੰਦੀ ਹੈ ਜਿਸਦੀ ਇਕ ਝਲਕ ਦੇਖਕੇ ਲੇਖਕ ਦੰਗ ਰਹਿ ਜਾਂਦਾ

ਹੈ। ਲੇਖਕ ਉਸ ਔਰਤ ਦੇ ਹੁਸਨ ਨੂੰ ਬਿਆਨ ਕਰਨ ਬਾਰੇ ਸੋਚਦਾ ਹੈ ਤਾਂ ਉਸਨੂੰ ਲਗਦਾ ਹੈ ਉਸਦੇ ਹੁਸਨ ਨੂੰ ਬਿਆਨ ਕਰਨ ਵਾਲੀ ਉਸ ਵਿਚ ਸ਼ਕਤੀ ਨਹੀਂ ਹੈ ਪਰੰਤੂ ਫਿਰ ਵੀ ਆਪਣੀ ਡਾਇਰੀ ਵਿਚ ਉਸ ਔਰਤ ਦੇ ਹੁਸਨ ਨੂੰ ਬਿਆਨ ਕਰਦਾ ਹੈ:

ਸਾਂਵਲਾ ਜਿਹਾ ਰੰਗ ਸੀ ਉਸਦਾ, ਚੋਖਾ ਉਚਾ ਲੰਮਾ ਕੱਦ, ਭਰਵਾਂ ਸਡੋਲ ਜਿਸਮ, ਅਜਬ ਮਸਤੀਆਂ ਭਰੀ ਨਿਝੱਕ ਚਾਲ। ਨੀਲੇ ਤੇ ਚਿਤਕਬਰੇ ਵਰਗਾ ਪਹਿਰਾਵਾ ਉਹਦਾ। ਨੱਕ ਦਾ ਲੌਂਗ ਵੀ ਬਿਜਲੀ ਵਾਂਗ ਲਿਸ਼ਕ ਪਿਆ ਸੀ। ਏਨੀ ਸੁਹਣੀ ਕੁੜੀ ਮੈਂ ਆਪਣੀ ਜ਼ਿੰਦਗੀ ਵਿਚ ਘੱਟ ਵੱਧ ਹੀ ਕਦੇ ਦੇਖੀ ਹੋਏਗੀ ਨਾਲ ਹੀ ਮੇਰੇ ਮਨ ਵਿਚ ਇਹ ਸੁਆਲ ਉਠਿਆ ਕਿ ਇਸ ਇਲਾਕੇ ਦੇ ਲੋਕਾਂ ਦੀ ਦੱਖ ਕੁੱਝ ਕੁੱਝ ਕਾਠੀਆਵਾੜੀ ਲੋਕਾਂ ਨਾਲ ਮਿਲਦੀ ਹੈ।''

ਪ੍ਰਸ਼ਨ :4 ਲੇਖਕ ਹਸਣ ਬਾਰੇ ਕੀ ਟਿੱਪਣੀ ਦਿੰਦਾ ਹੈ?

ਉਤਰ: ਵੱਡੀ ਪੱਧਰ ਦੇ ਲੇਖਕ ਦਾ ਗਿਆਨ ਕੇਵਲ ਉਨ੍ਹਾਂ ਦੀਆਂ ਰਚਨਾਵਾਂ ਪੜ੍ਹ ਕੇ ਹੀ ਪਤਾ ਨਹੀਂ ਲਗਦਾ ਬਲਕਿ ਉਨ੍ਹਾਂ ਦੀ ਗੱਲਬਾਤ ਵਿਚੋਂ ਝਲਕਦੇ ਹਾਸਰਸ ਵਿਚੋਂ ਪ੍ਰਾਪਤ ਹੁੰਦਾ ਹੈ। ਰੋਣ ਨਾਲੋਂ ਹਸਣਾ ਅਤੇ ਰੁਆਣ ਨਾਲੋਂ ਹਸਾਣਾ ਕਿਤੇ ਔਖਾ ਹੁੰਦਾ ਹੈ। ਰੋਣ ਨਿਰਾਸ਼ਾਵਾਦੀ ਤੇ ਹਾਨੀ ਸੂਚਕ ਵਸਤ ਹੈ ਇਹਦਾ ਕਲੇਵਰ ਸੰਸਾਰਕ ਮੋਹ ਨਾਲ ਨੱਥੀ ਹੋਇਆ ਹੈ। ਇਸੇ ਕਾਰਨ ਇਸ ਦੀਆਂ ਭਾਂਤ ਭਾਂਤ ਦੀਆਂ ਵੰਨਗੀਆਂ ਨਹੀਂ, ਇਸਦੇ ਪੱਧਰ ਤੇ ਭੇਦ ਵੀ ਮਮੂਲੀ ਹਨ ਪਰੰਤੂ ਹਾਸ ਵਿਚ ਨਿਰਲੇਪਤਾ, ਮੁਕਤੀ ਅਤੇ ਉਡਾਰੀ ਹੈ। ਤਾਹੀਓਂ ਇਸਦੇ ਭਾਂਤ ਭਾਂਤ ਦੇ ਰੰਗ ਦੇ ਰੂਪ ਹਨ। ਇਹ ਹੇਠਲੀ ਤੋਂ ਹੇਠਲੀ ਅਤੇ ਉਚੀ ਤੋਂ ਉਚੀ ਪੱਧਰ ਦਾ ਹੋ ਸਕਦਾ ਹੈ ਇਥੋਂ ਤੱਕ ਕਿਹਾ ਜਾ ਸਕਦਾ ਹੈ ਕਿ ਕਿਸੇ ਇਨਸਾਨ ਦੀ ਦਿਮਾਗੀ, ਜਜ਼ਬਾਤੀ ਤੇ ਇਖਲਾਕੀ ਵਡਿਆਈ ਦਾ ਅੰਦਾਜ਼ ਬਾਖੂਬੀ ਉਸਦੇ ਹਾਸੇ ਤੋਂ ਲਾਇਆ ਜਾ ਸਕਦਾ ਹੈ। ਲੇਖਕ ਦਸਦਾ ਹੈ ਕਿ ਵੱਡੇ ਲੋਕਾਂ ਦੀ ਸਭ ਤੋਂ ਵਡੀ ਤਫਰੀਹ ਉਨ੍ਹਾਂ ਦਾ ਹਾਸਾ ਹੁੰਦੀ ਹੈ ਜਿਸ ਨਾਲ ਉਹ ਲੋਕ ਆਪਣਾ ਥਕੇਵਾਂ ਲਾਹੁੰਦੇ ਹਨ। ਸ਼ਬਦ ਅਤੇ ਵਿਚਾਰ ਦੇ ਮਾਲਿਕ ਹੋਣ ਤੋਂ ਛੁੱਟ ਉਨ੍ਹਾਂ ਦੇ ਕਿਰਦਾਰ ਦੀ ਨਿਰਭੈਤਾ ਤੇ ਨਿਰ ਵਿਰਕਤੀ ਉਨ੍ਹਾਂ ਦੇ ਹਾਸੇ ਮਖੌਲ ਵਿਚ ਅਲੌਕਾਰ ਮਾਸੂਮੀਅਤ, ਸੂਖਮਤਾ ਅਤੇ ਕਟਾਖ ਭਰ ਦਿੰਦੀ ਹੈ। ਉਨ੍ਹਾਂ ਦੇ ਵਿਹਲੇ ਤੇ ਆਪ ਮੁਹਾਰੇ ਵਾਰਤਾਲਾਪ ਵਿਚ ਉਹ ਕਰਾਮਾਤਾ ਲੈ ਆਉਂਦੀ ਹੈ ਜਿਹੜੀਆਂ ਉਨ੍ਹਾਂ ਦੀਆਂ ਕਿਰਤਾਂ ਤੋਂ ਵੀ ਮੁਲਵਾਨ ਤੇ ਉਚੇਰੀਆਂ ਹੁੰਦੀਆਂ ਹਨ।

ਪ੍ਰਸ਼ਨ :5 ਅਹਿਮਦ ਰਾਹੀ ਕੌਣ ਸੀ? ਉਸਨੇ ਬਲਰਾਜ ਸਾਹਨੀ ਨੂੰ ਆਪਣੀ ਕਿਹੜੀ ਕਵਿਤਾ ਸੁਣਾਈ ਅਤੇ ਕਿਉਂ ਸੁਣਾਈ?

ਉਤਰ: ਅਹਿਮਦ ਰਾਹੀ ਪੰਜਾਬੀ ਦੇ ਪ੍ਰਸਿੱਧ ਕਵੀ ਹਨ ਜਿਹੜੇ ਬਲਰਾਜ ਸਾਹਨੀ ਦੀ ਪਾਕਿਸਤਾਨੀ ਯਾਤਰਾ ਸਮੇਂ ਮਿਲਣ ਆਉਂਦੇ ਹਨ। ਇਹ ਸ਼ਹਿਰ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ ਭਾਰਤ ਦੀ ਵੰਡ ਸਮੇਂ ਮਜਬੂਰਨ ਇਨ੍ਹਾ ਨੂੰ ਵੀ ਪਾਕਿਸਤਾਨ ਜਾਣਾ ਪਿਆ ਹੈ ਪਰੰਤੂ ਆਪਣੇ ਜੱਦੀ ਪਿੰਡ ਨੂੰ ਛੱਡ ਜਾਣ ਦਾ ਇਨ੍ਹਾਂ ਦੇ ਮਨ ਵਿਚ ਵਰਾਗ ਹੈ ਜਦੋਂ ਰਾਹੀ ਬਲਰਾਜ ਸਾਹਨੀ ਦੀਆਂ ਅੱਖਾਂ ਵਿਚ ਪਿੰਡੀ ਸ਼ਹਿਰ ਛੱਡ ਜਾਣ ਦਾ ਉਦਰੇਵਾਂ ਪੜ੍ਹਦਾ ਹੈ ਤਾਂ ਉਸਨੂੰ ਆਪਣੀ ਇਕ ਮਸਹੂਰ ਕਵਿਤਾ ਸੁਣਾਉਂਦਾ!

ਦੇਸ ਵਾਲਿਓ ਆਪਣੇ ਦੇਸ ਅੰਦਰ,
ਅਸੀਂ ਆਏ ਹਾਂ ਵਾਂਗ ਪ੍ਰਦੇਸੀਆਂ ਦੇ।
ਘਰਾਂ ਵਾਲਿਓ ਆਪਣੇ ਘਰਾਂ ਅੰਦਰ,
ਅਸੀਂ ਆਏ ਹਾਂ ਵਾਂਗ ਪ੍ਰਾਹੁਣਿਆ ਦੇ।
ਏਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ,
ਸੁਤੀ ਪਈ ਹੈ ਸਮਿਆਂ ਦੀ ਹੂਕ ਬਣਕੇ।
ਏਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ,

ਏਥੇ ਆਸ ਤੜਫੀ ਮੇਰੀ ਕੂਕ ਬਣਕੇ..........
ਤੁਸੀਂ ਦੇਸ਼ ਵਾਲੇ ਤੁਸੀਂ ਘਰਾਂ ਵਾਲੇ,
ਅਸੀਂ ਬੇਘਰੇ ਅਸੀਂ ਪ੍ਰਦੇਸੀ
ਤੁਸੀਂ ਹੱਸਕੇ ਸੀਨੇ ਨਾਲ ਲਾ ਲਿਤਾ।
ਅਸਾਂ ਰੋਕੇ ਅਖ ਪਰਚਾ ਲਿਤੀ।

ਪ੍ਰਸ਼ਨ :6 ਲੇਖਕ ਲਾਹੌਰ ਦੇ ਨਵੇਂ ਜੁਗਰਾਫੀ ਬਾਰੇ ਕੀ ਟਿੱਪਣੀ ਦਿੰਦਾ ਹੈ?

ਉਤਰ : ਕਦੀ ਮੇਰੇ ਉਸਤਾਦ ਪਤਰਸ ਨੇ ਲਾਹੌਰ ਦਾ ਜੁਗਰਾਫੀਆ ਲਿਖਿਆ ਸੀ। ਅੱਜ ਉਨ੍ਹਾਂ ਦਾ ਨਾਚੀਜ਼ ਸ਼ਗਿਰਦ ਲਿਖ ਰਿਹਾ ਹੈ ਅਨਾਰਕਲੀ—ਭੀੜ ਉਤਨੀ ਹੈ ਰੌਣਕ ਉਤਨੀ ਨਹੀਂ। ਪਿੰਡੀ ਵਾਂਗ ਏਥੇ ਵੀ ਜਿਥੇ ਪਹਿਲਾਂ ਹਿੰਦੂ ਕੱਪੜਾ ਵੇਚਦਾ ਸੀ ਹੁਣ ਉਥੇ ਮੁਸਲਮਾਨ ਵੇਚ ਰਿਹਾ। ਜਿਸ ਦੁਕਾਨ ਉਤੇ ਮਨਿਆਰੀ ਵਾਲਾ ਬਹਿੰਦਾ ਸੀ। ਉਥੇ ਹੁਣ ਵੀ ਮਨਿਆਰੀ ਵਾਲਾ ਹੀ ਬਹਿੰਦਾ ਹੈ। ਜਿਥੇ ਹਿੰਦੂ ਦੁੱਧ ਲੱਸੀ ਵੇਚਦਾ ਸੀ ਹੁਣ ਮੁਸਲਮਾਨ ਵੇਚਦਾ ਹੈ। ਸਿੱਖਾਂ ਦੀ ਘਾਟ ਮੌਲਵੀ ਟਾਈਪ ਮੁਸਲਮਾਨਾਂ ਦੀਆਂ ਦਾਹੜੀਆਂ ਪੂਰੀ ਕਰਦੀਆਂ ਹਨ ਪਰ ਤੀਵੀਆਂ ਦੀ ਗੈਰ ਹਾਜ਼ਰੀ ਕੋਈ ਛਲਾਵਾ ਪੂਰੀ ਨਹੀਂ ਕਰ ਸਕਦਾ। ਉਨ੍ਹਾਂ ਦੀ ਸਹੂਲਤ ਲਈ ਅਨਾਰਕਲੀ ਦੇ ਅੰਦਰਵਾਰ ਤੰਗ ਗਲੀਆਂ ਵਿਚ 'ਬਾਨੋ ਮਾਰਕੀਟ' ਬਣਾਈ ਗਈ ਹੈ। ਇਸ ਤੋਂ ਛੁੱਟ ਹੋਰ ਕੋਈ ਤਰੱਕੀ ਪਸੰਦ ਤਬਦੀਲੀ ਵੇਖਣ ਵਿਚ ਨਹੀਂ ਆਉਂਦੀ।

ਲਹੌਰ ਦੇ ਨਵੇਂ ਜੁਗਰਾਫੀਏ ਵਿਚ ਮੁਲਤਾਨ ਰੋਡ ਨੇ ਅਹਿਮ ਸਥਾਨ ਹਾਸਲ ਕਰ ਲਿਆ। ਕਈ ਕਾਰਖਾਨੇ ਵਜੂਦ ਵਿਚ ਆ ਗਏ ਤੇ ਆ ਰਹੇ ਹਨ ਪਰ ਇਸ ਦੀ ਸ਼ੁਹਰਤ ਨਵੇਂ ਫਿਲਮ ਸਟੂਡੀਓ ਕਾਰਨ ਹੈ ਸ਼ੌਕਤ ਸਾਹਬ ਆਪਣਾ ਬਹੁਤ ਵਡਾ ਸਟੂਡੀਓ ਬਣਾ ਰਹੇ ਹਨ। 'ਐਵਰ ਨਿਉ' ਵੀ ਇਕ ਨਵਾਂ ਅਤੇ ਵੱਡੇ ਪੈਮਾਨੇ ਦਾ ਆਲ੍ਹਾ ਤੋਂ ਆਲ੍ਹਾ ਟੈਕਨੀਕਲ ਸਮਾਨ ਨਾਲ ਲੈਸ ਸਟੂਡੀਓ ਹੈ। ਜਿਥੇ ਲੇਖਕ ਪਾਕਿਸਤਾਨ ਦੇ ਉਘੇ ਫਿਲਮ ਪ੍ਰਡਿਊਸਰਾਂ ਡਾਇਰੈਕਟਰਾਂ ਅਤੇ ਫਿਲਮੀ ਮਹੌਲ ਤੋਂ ਤੰਗ ਆ ਜਾਂਦਾ ਹੈ ਪਰ ਬਾਹਰ ਜਾ ਕੇ ਉਸਦੇ ਇਸ ਪੇਸ਼ੇ ਲਈ ਸਿਰ ਝੁਕ ਜਾਂਦਾ ਹੈ ਜਿਸਨੇ ਉਸਨੂੰ ਐਨੀ ਇੱਜਤ ਬਖਸ਼ੀ।

ਕੁਝ ਹੋਰ ਛੋਟੇ ਤੇ ਲਘੂ ਪ੍ਰਸ਼ਨ

1. ਲੇਖਕ ਪਾਕਿਸਤਾਨ ਦੀ ਯਾਤਰਾ ਸਮੇਂ ਚੈਕਿੰਗ ਤੋਂ ਤੰਗ ਆ ਕੇ ਕੀ ਮਹਿਸੂਸ ਕਰਦਾ ਹੈ?
2. ਲੇਖਕ ਦੀ ਪਾਕਿਸਤਾਨੀ ਯਾਤਰਾ ਕਿਹੋ ਜਿਹੀ ਰਹੀ?
3. ਲੇਖਕ ਨੇ ਆਪਣੀ ਜੰਮਣ ਭੋਇੰ ਨੂੰ ਦੇਖਕੇ ਕੀ ਮਹਿਸੂਸ ਕੀਤਾ।
4. ਲੇਖਕ ਆਪਣੇ ਘਰ ਨੂੰ ਦੇਖਕੇ ਕੀ ਮਹਿਸੂਸ ਕਰਦਾ ਹੈ?
5. ਕੁਝ ਪਾਕਿਸਤਾਨੀ ਲੇਖਕਾਂ ਦੇ ਨਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਜਾਣ ਪਛਾਣ ਕਰੋ।
6. ਸ਼ੇਰੀ ਕੌਣ ਸੀ?
7. ਲੇਖਕ ਨੂੰ ਚੈਕਿੰਗ ਸਮੇਂ ਆਪਣੀ ਗੈਰਤ ਤੇ ਇਜ਼ਤ ਕਿਉਂ ਕੁਰਬਾਨ ਕਰਨ ਵਾਂਗ ਮਹਿਸੂਸ ਹੁੰਦਾ ਸੀ?
8. ਅੰਜੁਮ ਸਾਹਿਬ ਦਾ ਵਿਹਾਰ ਕਿਹੋ ਜਿਹਾ ਸੀ?
9. ਗੁਲਜ਼ਾਰ ਸਾਹਿਬ ਨੂੰ ਦੇਖ ਕੇ ਲੇਖਕ ਕੀ ਮਹਿਸੂਸ ਕਰਦਾ ਹੈ।
10. ਲੇਖਕ ਨੂੰ ਸਭ ਤੋਂ ਵੱਧ ਕਿਸ ਘਟਨਾ ਨੇ ਪ੍ਰਭਾਵਿਤ ਕੀਤਾ ਤੇ ਕਿਉਂ।

Type Setting :
Department of Distance Education, Punjabi University, Patiala.